@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 12 May 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸੋਮਵਾਰ 12 ਮਈ 2025, 29 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 181, qpatrika@gmail.com ਫੋਨ : 9971359517 www.qaumipatrika.org

## 'ਭਾਰਤੀ ਫੌਜ ਨੇ LoC 'ਤੇ ਪਾਕਿ ਆਰਮੀ ਦੇ 30-40 ਜਵਾਨਾਂ ਨੂੰ ਮਾਰਿਆ': ਡਾਇਰੈਕਟਰ ਜਨਰਲ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 11 ਮਈ। ਭਾਰਤ ਦੇ ਆਪ੍ਰੇਸ਼ਨ ਸਿੰਦੂਰ ਦਾ ਉਦੇਸ਼ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਾ ਸੀ ਅਤੇ ਭਾਰਤ ਨੇ ਇਸ ਕੰਮ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਤਿੰਨਾਂ ਸੈਨਾਵਾਂ ਦੇ ਡਾਇਰੈਕਟਰ ਜਨਰਲਾਂ ਨੇ ਐਤਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਕੀਤੀ ਅਤੇ ਆਪ੍ਰੇਸ਼ਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡੀਜੀਐਮਓ ਰਾਜੀਵ ਘਈ ਨੇ ਕਿਹਾ ਕਿ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ 100 ਤੋਂ ਵੱਧ ਅੱਤਵਾਦੀ ਮਾਰੇ ਗਏ। ਇਸ ਵਿੱਚ ਕੰਧਾਰ ਹਾਈਜੈਕ ਅਤੇ ਪੁਲਵਾਮਾ ਹਮਲੇ ਵਿੱਚ ਸ਼ਾਮਲ ਯੂਸਫ਼ ਅਜ਼ਹਰ, ਅਬਦੁਲ ਮਲਿਕ ਅਤੇ ਮੁਦਾਸਿਰ ਅਹਿਮਦ ਵਰਗੇ ਅੱਤਵਾਦੀ ਵੀ ਸ਼ਾਮਲ ਹਨ। ਮਿਲਟਰੀ ਆਪ੍ਰੇਸ਼ਨਜ਼ ਦੇ ਡਾਇਰੈਕਟਰ ਜਨਰਲ ਰਾਜੀਵ ਘਈ ਨੇ ਕਿਹਾ ਕਿ ਭਾਰਤ ਨੇ ਸਰਹੱਦ



ਪਾਰ ਤੋਂ ਪਾਕਿਸਤਾਨੀ ਗੋਲੀਬਾਰੀ ਦਾ ਸਖ਼ਤ ਜਵਾਬ ਦਿੱਤਾ ਹੈ। ਇਸ ਕਾਰਵਾਈ ਵਿੱਚ ਜਵਾਬੀ ਕਾਰਵਾਈ ਦੌਰਾਨ, ਭਾਰਤੀ ਫੌਜ ਨੇ ਇਕੱਲੇ ਕੰਟਰੋਲ ਰੇਖਾ 'ਤੇ ਪਾਕਿਸਤਾਨੀ ਫੌਜ ਦੇ 30-40 ਜਵਾਨਾਂ ਅਤੇ ਅਧਿਕਾਰੀਆਂ ਨੂੰ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਭਾਰਤ ਦੇ ਜਵਾਬੀ ਹਮਲੇ ਤੋਂ ਬਚਣ ਲਈ ਸਿਵਲੀਅਨ ਜਹਾਜ਼ਾਂ ਨੂੰ ਢਾਲ ਵਜੋਂ ਵਰਤਿਆ, ਪਰ ਅਸੀਂ ਕਿਸੇ ਵੀ ਸਿਵਲੀਅਨ ਜਹਾਜ਼ ਨੂੰ ਨਿਸ਼ਾਨਾ ਨਹੀਂ ਬਣਾਇਆ ਅਤੇ ਪਾਕਿਸਤਾਨ ਵਿੱਚ ਫੌਜੀ ਟਿਕਾਣਿਆਂ ਨੂੰ ਵੀ ਨੁਕਸਾਨ ਪਹੁੰਚਾਇਆ। ਭਾਰਤੀ ਫੌਜ ਨੇ ਕਿਹਾ ਕਿ ਪਾਕਿਸਤਾਨੀ ਫੌਜ ਦੇ ਜਵਾਨ ਸ਼ੁਰੂ ਵਿੱਚ ਸਾਡਾ ਨਿਸ਼ਾਨਾ ਨਹੀਂ ਸਨ ਅਤੇ ਸਾਡਾ ਉਦੇਸ਼ ਸਿਰਫ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਾ ਸੀ। ਉਨ੍ਹਾਂ ਕਿਹਾ ਕਿ ਜਦੋਂ ਪਾਕਿਸਤਾਨ ਨੇ ਜੰਗਬੰਦੀ ਦੀ ਉਲੰਘਣਾ ਕੀਤੀ ਅਤੇ ਗੋਲੀਬਾਰੀ ਕੀਤੀ ਤਾਂ ਅਸੀਂ ਵੀ ਮੂੰਹਤੋੜ ਜਵਾਬ ਦਿੱਤਾ ਜਿਸ ਵਿੱਚ ਪਾਕਿਸਤਾਨੀ ਫੌਜ ਨੂੰ ਵੀ ਭਾਰੀ ਨੁਕਸਾਨ ਹੋਇਆ।

## 'ਇਸ ਪਾਰ ਜਾਂ ਉਸ ਪਾਰ', ਬ੍ਰਹਮੋਸ ਮਿਜ਼ਾਈਲ ਯੂਨਿਟ ਦੇ ਉਦਘਾਟਨ ਮੌਕੇ ਬੋਲੇ ਰੱਖਿਆ ਮੰਤਰੀ

ਨੈਸ਼ਨਲ ਡੈਸਕ 11 ਮਈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਉੱਤਰ ਪ੍ਰਦੇਸ਼ ਰੱਖਿਆ ਉਦਯੋਗਿਕ ਕੋਰੀਡੋਰ ਵਿਖੇ ਬ੍ਰਹਮੋਸ ਏਰੋਸਪੇਸ ਏਕੀਕਰਣ ਅਤੇ ਟੈਸਟਿੰਗ ਫੈਸਿਲਟੀ ਦਾ ਵਰਚੁਅਲ ਉਦਘਾਟਨ ਕੀਤਾ। ਜਾਣਕਾਰੀ ਦਿੰਦੇ ਹੋਏ ਰੱਖਿਆ ਮੰਤਰਾਲੇ ਨੇ ਦੱਸਿਆ ਕਿ 300 ਕਰੋੜ ਰੁਪਏ ਦੀ ਇਹ ਫੈਸਿਲਟੀ ਉੱਤਰ ਪ੍ਰਦੇਸ਼ ਰੱਖਿਆ ਉਦਯੋਗਿਕ ਕੋਰੀਡੋਰ ਦਾ ਇੱਕ ਮੁੱਖ ਹਿੱਸਾ ਹੈ ਅਤੇ ਭਾਰਤ ਦੀ ਆਤਮ-ਨਿਰਭਰ ਰੱਖਿਆ ਨਿਰਮਾਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੰਤਰਾਲੇ ਨੇ 'ਐਕਸ' 'ਤੇ ਪੋਸਟ ਸਾਂਝੀ ਕਰਦੇ ਹੋਏ ਕਿਹਾ, ÷ਇਸ ਵਿੱਚ ਨਾ ਸਿਰਫ਼ ਮਿਜ਼ਾਈਲ ਨਿਰਮਾਣ ਸ਼ਾਮਲ ਹੈ, ਬਲਕਿ ਟੈਸਟਿੰਗ, ਏਕੀਕਰਣ ਅਤੇ ਏਰੋਸਪੇਸ-ਗ੍ਰੇਡ ਕੰਪੋਨੈਂਟਸ ਲਈ ਇੱਕ ਸਮੱਗਰੀ ਕੰਪਲੈਕਸ ਵੀ ਸ਼ਾਮਲ ਹੈ। ਇਹ ਆਤਮ ਨਿਰਭਰ ਭਾਰਤ ਵੱਲ ਇੱਕ ਵੱਡੀ ਛਲਾਂਗ ਹੈ ਅਤੇ ਖੇਤਰੀ ਉਦਯੋਗਿਕ ਵਿਕਾਸ ਲਈ ਇੱਕ ਰਣਨੀਤਕ ਹੁਲਾਰਾ ਹੈ।" ਇਸ ਦੌਰਾਨ ਰੱਖਿਆ ਮੰਤਰੀ ਨੇ ਕਿਹਾ ਕਿ ਇਹ ਨਵਾਂ ਭਾਰਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅੱਤਵਾਦ ਚਾਹੇ ਸਰਹੱਦ ਦੇ ਇਸ ਪਾਰ ਹੋਵੇ ਜਾਂ ਉਸ ਪਾਰ, ਉਸ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਉੱਤਰ ਪ੍ਰਦੇਸ਼ ਸਰਕਾਰ ਨੇ ਕਿਹਾ ਸੀ ਕਿ ਇਹ ਫੈਸਿਲਟੀ ਦੁਨੀਆ ਦੀਆਂ ਸਭ ਤੋਂ ਤੇਜ਼ ਸੁਪਰਸੋਨਿਕ ਕਰੂਜ਼ ਮਿਜ਼ਾਈਲਾਂ ਵਿੱਚੋਂ ਇੱਕ ਦਾ ਨਿਰਮਾਣ ਕਰੇਗੀ, ਜਿਸਦੀ ਰੇਂਜ 290 ਤੋਂ 400 ਕਿਲੋਮੀਟਰ ਅਤੇ ਮੈਕ 2.8 ਦੀ ਤੱਕ ਦੀ ਸਪੀਡ ਹੋਵੇਗੀ। ਬ੍ਰਹਮੋਸ ਏਰੋਸਪੇਸ ਦਾ ਵੱਲੋਂ ਬਣਾਈ ਗਈ ਮਿਜ਼ਾਈਲ ਨੂੰ ਜ਼ਮੀਨ, ਸਮੁੰਦਰ ਜਾਂ ਹਵਾ ਤੋਂ ਲਾਂਚ ਕੀਤਾ ਜਾ ਸਕਦਾ ਹੈ। ਸੂਬਾ ਸਰਕਾਰ ਨੇ ਬਿਆਨ ਵਿੱਚ ਕਿਹਾ ਸੀ ਕਿ ਸਾਢੇ ਤਿੰਨ ਸਾਲਾਂ ਵਿੱਚ ਪੂਰਾ ਹੋਇਆ ਬ੍ਰਹਮੋਸ ਉਤਪਾਦਨ ਯੂਨਿਟ 80 ਹੈਕਟੇਅਰ ਜ਼ਮੀਨ ਵਿੱਚ ਫੈਲਿਆ ਹੋਇਆ ਹੈ।

## ਦਿੱਲੀ ਏਅਰਪੋਰਟ 'ਤੇ ਆਮ ਵਾਂਗ ਸ਼ੁਰੂ ਹੋਇਆ ਸੰਚਾਲਨ

ਨਵੀਂ ਦਿੱਲੀ 11 ਮਈ। ਭਾਰਤ-ਪਾਕਿ ਵਿਚਾਲੇ ਬਣੇ ਹੋਏ ਤਣਾਅਪੂਰਨ ਹਾਲਾਤਾਂ ਦੌਰਾਨ ਉੱਤਰੀ ਭਾਰਤ ਸਣੇ ਦੇਸ਼ ਦੇ ਕਈ ਹਵਾਈ ਅੱਡਿਆਂ 'ਤੇ ਉਡਾਣਾਂ ਪ੍ਰਭਾਵਿਤ ਹੋਈਆਂ ਸਨ। ਬੀਤੇ ਦਿਨ ਹੋਈ ਜੰਗਬੰਦੀ ਮਗਰੋਂ ਦਿੱਲੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਵਾਈ ਅੱਡੇ 'ਤੇ ਸੰਚਾਲਨ ਆਮ ਹਨ ਪਰ ਬਦਲੇ ਹੋਏ ਏਅਰਸਪੇਸ ਅਤੇ ਵਧੇ ਹੋਏ ਸੁਰੱਖਿਆ ਪ੍ਰੋਟੋਕੋਲ ਕਾਰਨ ਕੁਝ ਉਡਾਣਾਂ ਅਤੇ ਚੈਕਿੰਗ ਪ੍ਰਕਿਰਿਆ ਕਾਰਨ ਸਮਾਂ ਕੁਝ ਵੱਧ ਲੱਗ ਸਕਦਾ ਹੈ। ਜ਼ਿਕਰਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਮੱਦੇਨਜ਼ਰ ਲਾਗੂ ਕੀਤੇ ਗਏ ਵਧੇ ਹੋਏ ਸੁਰੱਖਿਆ ਉਪਾਅ ਅਜੇ ਵੀ ਹਵਾਈ ਅੱਡਿਆਂ 'ਤੇ ਲਾਗੂ ਹਨ। ਸ਼ਨੀਵਾਰ ਨੂੰ ਭਾਰਤ ਅਤੇ ਪਾਕਿਸਤਾਨ ਸੀਜ਼ਫਾਇਰ ਲਈ



ਸਹਿਮਤ ਹੋ ਗਏ ਸਨ, ਜਿਸ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਕੁਝ ਹੱਦ ਤੱਕ ਘਟ ਗਿਆ ਹੈ। ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮੀਟਿਡ ਨੇ 'ਐਕਸ' 'ਤੇ ਇਕ ਪੋਸਟ ਪਾ ਕੇ ਦੱਸਿਆ, "ਦਿੱਲੀ ਹਵਾਈ ਅੱਡੇ ਦੇ ਸੰਚਾਲਨ ਆਮ ਵਾਂਗ ਜਾਰੀ ਹਨ। ਹਾਲਾਂਕਿ ਬਦਲਦੇ ਹਵਾਈ ਖੇਤਰ ਦੀ ਗਤੀਸ਼ੀਲਤਾ ਅਤੇ ਵਧੇ ਹੋਏ ਸੁਰੱਖਿਆ ਪ੍ਰੋਟੋਕੋਲ ਦੇ ਕਾਰਨ ਸੁਰੱਖਿਆ ਚੌਕੀਆਂ 'ਤੇ ਕੁਝ ਉਡਾਣ ਸਮਾਂ-ਸਾਰਣੀ ਅਤੇ ਪ੍ਰਕਿਰਿਆ ਦਾ ਸਮਾਂ ਪ੍ਰਭਾਵਿਤ ਹੋ ਸਕਦਾ ਹੈ।

## ਅਮਰੀਕੀ ਰਾਸ਼ਟਰਪਤੀ ਟਰੰਪ ਦੇ ਬਿਆਨ 'ਤੇ ਭੜਕੇ ਮਨੀਸ਼ ਤਿਵਾੜੀ

ਚੰਡੀਗੜ੍ਹ 11 ਮਈ। ਚੰਡੀਗੜ੍ਹ ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਅਮਰੀਕੀ ਸਰਕਾਰ 'ਚ ਕੋਈ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੱਸੇ ਕਿ ਕਸ਼ਮੀਰ ਹਜ਼ਾਰ ਸਾਲ ਪੁਰਾਣਾ ਮਸਲਾ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਨੇ ਐਤਵਾਰ ਨੂੰ



ਇਕ ਟਵੀਟ ਕੀਤਾ ਸੀ, ਜਿਸ 'ਚ ਹੋਰ ਗੱਲਾਂ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਸੀ ਕਿ ਉਹ ਦੋਹਾਂ ਦੇਸ਼ਾਂ (ਭਾਰਤ ਅਤੇ ਪਾਕਿਸਤਾਨ) ਨਾਲ ਗੱਲ ਕਰਨਗੇ ਅਤੇ ਦੇਖਣਗੇ ਕਿ 'ਇਕ ਹਜ਼ਾਰ ਸਾਲ' ਪੁਰਾਣੇ ਕਸ਼ਮੀਰ ਮਸਲੇ ਦਾ ਕੋਈ ਹੱਲ ਨਿਕਲ ਸਕਦਾ ਹੈ ਜਾਂ ਨਹੀਂ। ਮਨੀਸ਼ ਤਿਵਾੜੀ ਨੇ ਡੋਨਾਲਡ ਟਰੰਪ ਨੇ ਟਵੀਟ ਦਾ ਸਕਰੀਨਸ਼ਾਟ ਸਾਂਝਾ ਕਰਦਿਆਂ ਕਿਹਾ ਕਿ ਅਮਰੀਕੀ ਸਰਕਾਰ 'ਚ ਕੋਈ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੱਸੇ ਕਿ ਕਸ਼ਮੀਰ 'ਹਜ਼ਾਰ ਸਾਲ ਪੁਰਾਣਾ' ਮਸਲਾ ਨਹੀਂ ਹੈ। ਉਨ੍ਹਾਂ ਨੇ ਲਿਖਿਆ ਕਿ ਕਸ਼ਮੀਰ ਮਸਲੇ ਦੀ ਸ਼ੁਰੂਆਤ 22 ਅਕਤੂਬਰ, 1947 ਨੂੰ 78 ਸਾਲ ਪਹਿਲਾਂ ਹੋਈ, ਜਦੋਂ ਪਾਕਿਸਤਾਨ ਨੇ ਆਜ਼ਾਦ ਜੰਮੂ ਅਤੇ ਕਸ਼ਮੀਰ 'ਤੇ ਹਮਲਾ ਕੀਤਾ ਅਤੇ ਸਮੁੱਚੇ ਜੰਮੂ-ਕਸ਼ਮੀਰ ਨੂੰ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਨੂੰ ਭਾਰਤ 'ਚ ਸ਼ਾਮਲ ਕਰਨ ਦਾ ਐਲਾਨ ਕੀਤਾ। ਇਸ 'ਚ ਉਹ ਹਿੱਸਾ ਵੀ ਸ਼ਾਮਲ ਹੈ, ਜੋ ਪਾਕਿਸਤਾਨ ਨੇ ਗੈਰ-ਕਾਨੂੰਨੀ ਤੌਰ 'ਤੇ ਕਬਜ਼ਾਇਆ ਹੋਇਆ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਇਸ ਤੱਥ ਨੂੰ ਸਮਝਣਾ ਕੀ ਇੰਨਾ ਮੁਸ਼ਕਲ ਹੈ?

## ਖੜਗੇ ਤੇ ਰਾਹੁਲ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੀ ਚਿੱਠੀ, ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਕੀਤੀ ਮੰਗ

**ਏਜੰਸੀਆਂ**

ਨਵੀਂ ਦਿੱਲੀ 11 ਮਈ। ਕਾਂਗਰਸ ਪ੍ਰਧਾਨ ਅਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਆਪਰੇਸ਼ਨਸ ਸਿੰਦੂਰ' ਤੋਂ ਪਹਿਲੇ ਅਤੇ ਉਸ ਤੋਂ ਬਾਅਦ ਦੀ ਸਥਿਤੀ 'ਤੇ ਵਿਚਾਰ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਤੁਰੰਤ ਬੁਲਾਉਣ ਦੀ ਮੰਗ ਕੀਤੀ ਹੈ। ਖੜਗੇ ਨੇ ਪ੍ਰਧਾਨ ਮੰਤਰੀ ਨੂੰ ਐਤਵਾਰ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਉਹ ਪਹਿਲਗਾਮ ਅੱਤਵਾਦੀ ਹਮਲੇ, ਆਪਰੇਸ਼ਨਸ ਸਿੰਦੂਰ ਅਤੇ ਜੰਗਬੰਦੀ ਦੇ ਐਲਾਨ 'ਤੇ ਚਰਚਾ ਲਈ ਸੰਸਦ ਦਾ ਤੁਰੰਤ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਵਿਰੋਧੀ ਧਿਰ ਦੀ ਅਪੀਲ ਨੂੰ ਦੋਹਰਾ ਰਹੇ ਹਾਂ। ਉਨ੍ਹਾਂ ਦਾ ਕਹਿਣਾ ਸੀ ਕਿ ਸੰਸਦ ਨੇ ਇਸ ਗੱਲ 'ਤੇ ਵੀ ਚਰਚਾ ਹੋਵੇਗੀ ਕਿ ਪਹਿਲਾਂ ਵਾਸ਼ਿੰਗਟਨ ਡੀਸੀ ਅਤੇ ਬਾਅਦ 'ਚ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਜੰਗਬੰਦੀ ਦਾ ਐਲਾਨ ਕਰਦੀਆਂ ਹਨ। ਉਨ੍ਹਾਂ ਨੇ ਚਿੱਠੀ 'ਚ ਇਹ ਵੀ ਕਿਹਾ ਕਿ ਇਸ ਤੋਂ ਪਹਿਲੇ 28 ਅਪ੍ਰੈਲ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀ ਪਹਿਲਗਾਮ ਹਮਲੇ ਨੂੰ ਲੈ ਕੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਸੀ।

ਰਾਹੁਲ ਗਾਂਧੀ ਨੇ ਆਪਣੀ ਚਿੱਠੀ 'ਚ ਪ੍ਰਧਾਨ ਮੰਤਰੀ ਤੋਂ ਪਹਿਲਗਾਮ ਹਮਲਾ, ਆਪਰੇਸ਼ਨ ਸਿੰਦੂਰ



ਅਤੇ ਉਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਭਾਰਤ ਅਤੇ ਪਾਕਿਸਤਾਨ ਦੇ ਐਲਾਨ ਤੋਂ ਪਹਿਲੇ ਜੰਗਬੰਦੀ ਦੇ ਮੁੱਦੇ 'ਤੇ ਟਵੀਟ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਣਾ ਚਾਹੀਦਾ। ਉਨ੍ਹਾਂ ਨੇ ਉਮੀਦ ਜਤਾਈ ਕਿ ਪ੍ਰਧਾਨ ਮੰਤਰੀ ਇਸ ਅਪੀਲ 'ਤੇ ਵਿਚਾਰ ਕਰਨਗੇ। ਦੱਸਣਯੋਗ ਹੈ ਕਿ ਰਾਹੁਲ ਗਾਂਧੀ ਨੇ ਪਿਛਲੇ ਦਿਨੀਂ ਸਾਰੇ ਦਲਾਂ ਦੀ ਬੈਠਕ 'ਚ ਵੀ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਗੱਲ ਕਹੀ ਸੀ।

## ਝੂਠ ਤੇ ਧੋਖੇਬਾਜ਼ੀ ਪਾਕਿਸਤਾਨ ਦੇ ਹਥਿਆਰ ਹਨ : ਅਨਿਲ ਵਿਜ

ਅੰਬਾਲਾ 11 ਮਈ। ਜੰਗਬੰਦੀ ਹੋਣ ਤੋਂ ਬਾਅਦ ਸ਼ਨੀਵਾਰ ਨੂੰ ਪਾਕਿਸਤਾਨ ਵਲੋਂ ਉਲੰਘਣਾ ਕਰਨ ਨੂੰ ਲੈ ਕੇ ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਐਤਵਾਰ ਨੂੰ ਕਿਹਾ ਕਿ ਝੂਠ ਤੇ ਧੋਖੇਬਾਜ਼ੀ ਪਾਕਿਸਤਾਨ ਦੇ



ਹਥਿਆਰ ਹਨ। ਵਿਜ ਨੇ ਮੀਡੀਆ ਨਾਲ ਗੱਲਬਾਤ 'ਚ ਕਿਹਾ ਕਿ ਦੇਸ਼ ਦਾ ਸਿਖਰਲੀ ਲੀਡਰਸ਼ਿਪ ਅਤੇ ਫ਼ੌਜ ਇਸ 'ਤੇ ਨਜ਼ਰ ਰੱਖੇ ਹੋਏ ਹਨ ਅਤੇ ਜੰਗਬੰਦੀ ਦੀ ਉਲੰਘਣਾ ਦਾ ਭਾਰਤੀ ਫ਼ੌਜ ਨੇ ਜਵਾਬ ਵੀ ਦਿੱਤਾ ਹੈ। ਵਿਜ ਨੇ ਇਹ ਵੀ ਕਿਹਾ ਕਿ ਭਾਰਤ ਨੇ ਤੈਅ ਕੀਤਾ ਹੈ ਕਿ ਭਵਿੱਖ 'ਚ ਅੱਤਵਾਦੀ ਹਮਲੇ ਨੂੰ ਦੇਸ਼ 'ਤੇ ਹਮਲਾ ਮੰਨਿਆ ਜਾਵੇਗਾ ਅਤੇ ਉਸ ਦਾ ਉਸੇ ਤਰ੍ਹਾਂ ਜਵਾਬ ਦਿੱਤਾ ਜਾਵੇਗਾ, ਜਿਵੇਂ ਦੇਸ਼ 'ਤੇ ਹਮਲਾ ਕਰਨ 'ਤੇ ਦਿੱਤਾ ਜਾਂਦਾ ਹੈ।

### ਮਾਂ ਵੈਸ਼ਨੋ ਦੇਵੀ ਆਉਣ ਵਾਲੇ ਸ਼ਰਧਾਲੂਆਂ ਲਈ ਖੁਸ਼ਖਬਰੀ ! ਸ਼ਰਾਈਨ ਬੋਰਡ ਨੇ ਸ਼ੁਰੂ ਕੀਤੀ ਨਵੀਂ ਸਹੂਲਤ

ਕਟੜਾ 11 ਮਈ। ਮਾਂ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਆਉਣ ਵਾਲੇ ਸ਼ਰਧਾਲੂਆਂ ਲਈ ਇੱਕ ਵੱਡੀ ਖ਼ਬਰ ਹੈ। ਮਾਤਾ ਵੈਸ਼ਨੋ ਦੇਵੀ ਸ਼ਰਾਈਨ ਬੋਰਡ ਨੇ ਕਟੜਾ ਵਿੱਚ ਸ਼ਰਧਾਲੂਆਂ ਲਈ ਮੁਫ਼ਤ



ਠਹਿਰਨ ਦਾ ਪ੍ਰਬੰਧ ਕੀਤਾ ਹੈ। ਸ਼ਰਾਈਨ ਬੋਰਡ ਨੇ ਐਲਾਨ ਕੀਤਾ ਹੈ ਕਿ ਹੁਣ ਸ਼ਰਧਾਲੂ ਆਸ਼ੀਰਵਾਦ ਭਵਨ, ਕਟੜਾ ਵਿੱਚ ਬਿਨਾਂ ਕਿਸੇ ਫੀਸ ਦੇ ਰਹਿ ਸਕਦੇ ਹਨ। ਇਹ ਸਹੂਲਤ ਸਾਰੇ ਸ਼ਰਧਾਲੂਆਂ ਲਈ ਪੂਰੀ ਤਰ੍ਹਾਂ ਮੁਫ਼ਤ ਹੋਵੇਗੀ। ਸ਼ਰਾਈਨ ਬੋਰਡ ਦਾ ਕਹਿਣਾ ਹੈ ਕਿ ਇਹ ਫੈਸਲਾ ਸ਼ਰਧਾਲੂਆਂ ਨੂੰ ਸਹੂਲਤ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਖਰਚਿਆਂ ਨੂੰ ਘਟਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਪਹਿਲਾਂ ਅਸ਼ੀਰਵਾਦ ਭਵਨ ਵਿੱਚ ਠਹਿਰਨ ਲਈ ਕੁਝ ਫੀਸ ਲਈ ਜਾਂਦੀ ਸੀ ਰ ਹੁਣ ਇਸਨੂੰ ਪੂਰੀ ਤਰ੍ਹਾਂ ਮੁਫਤ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਉਨ੍ਹਾਂ ਸ਼ਰਧਾਲੂਆਂ ਨੂੰ ਵਿਸ਼ੇਸ਼ ਰਾਹਤ ਮਿਲੇਗੀ ਜੋ ਦੂਰ-ਦੁਰਾਡੇ ਥਾਵਾਂ ਤੋਂ ਆਉਂਦੇ ਹਨ ਅਤੇ ਸੀਮਤ ਬਜਟ 'ਤੇ ਯਾਤਰਾ ਕਰਦੇ ਹਨ। ਸ਼ਰਾਈਨ ਬੋਰਡ ਦੇ ਇਸ ਕਦਮ ਕਾਰਨ ਸ਼ਰਧਾਲੂਆਂ ਵਿੱਚ ਖੁਸ਼ੀ ਦਾ ਮਾਹੌਲ ਹੈ।

## ਪਾਕਿਸਤਾਨੀਆਂ ਤੋਂ ਪੁੱਛ ਲੈਣਾ ਚਾਹੀਦੈ ਕਿ 'ਬ੍ਰਹਿਮੋਸ' ਮਿਜ਼ਾਈਲ ਦੀ ਤਾਕਤ ਕੀ ਹੈ : ਯੋਗੀ ਆਦਿਤਿਆਨਾਥ

**ਨਵਦੀਪ ਸਿੰਘ ਸਾਹਨੀ**

ਲਖਨਊ 11 ਮਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਐਤਵਾਰ ਨੂੰ ਕਿਹਾ ਕਿ 'ਆਪਰੇਸ਼ਨ ਸਿੰਦੂਰ' ਦੌਰਾਨ ਬ੍ਰਹਿਮੋਸ ਮਿਜ਼ਾਈਲ ਦੀ ਤਾਕਤ ਦੀ ਝਲਕ ਦੇਖਣ ਨੂੰ ਮਿਲੀ ਸੀ ਅਤੇ ਜੇਕਰ ਇਹ ਕਾਫ਼ੀ ਨਹੀਂ ਹੈ ਤਾਂ ਪਾਕਿਸਤਾਨੀਆਂ ਤੋਂ ਇਸ ਬਾਰੇ ਪੁੱਛਿਆ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੱਤਵਾਦ ਨੂੰ ਕੁਚਲਣ ਦਾ ਸਮਾਂ ਆ ਗਿਆ ਹੈ ਅਤੇ ਇਸ ਲਈ ਪੂਰੇ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਕਜੁੱਟ ਹੋਣਾ ਪਵੇਗਾ। 'ਬ੍ਰਹਿਮੋਸ ਏਅਰੋਸਪੇਸ ਇੰਟੀਗ੍ਰੇਸ਼ਨ ਐਂਡ ਟੈਸਟਿੰਗ ਫੈਸਿਲਿਟੀ' ਦੇ ਉਦਘਾਟਨ ਸਮਾਰੋਹ 'ਚ ਬੋਲਦਿਆਂ ਆਦਿਤਿਆਨਾਥ ਨੇ ਕਿਹਾ,÷ਬ੍ਰਹਿਮੋਸ ਮਿਜ਼ਾਈਲ ਕੀ ਹੁੰਦੀ ਹੈ? ਤੁਸੀਂ ਲੋਕਾਂ ਨੇ 'ਆਪਰੇਸ਼ਨ ਸਿੰਦੂਰ' ਦੇ ਤਹਿਤ ਇਸ ਦੀ ਬਹਾਦਰੀ ਦੀ ਝਲਕ ਦੇਖੀ ਹੈ। ਜੇਕਰ ਤੁਸੀਂ ਇਸ ਨੂੰ ਨਹੀਂ ਦੇਖਿਆ ਹੈ ਤਾਂ ਤੁਹਾਨੂੰ ਘੱਟੋ ਘੱਟ ਪਾਕਿਸਤਾਨੀਆਂ ਤੋਂ ਪੁੱਛਣਾ ਚਾਹੀਦਾ ਹੈ ਕਿ ਬ੍ਰਹਿਮੋਸ ਮਿਜ਼ਾਈਲ ਦੀ ਤਾਕਤ ਕੀ ਹੈ।÷ ਯੋਗੀ ਨੇ ਕਿਹਾ,÷ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਹੁਣ ਕਿਸੇ ਵੀ ਅੱਤਵਾਦੀ ਘਟਨਾ ਨੂੰ ਜੰਗ ਮੰਨਿਆ ਜਾਵੇਗਾ। ਜਦੋਂ ਤੱਕ ਅਸੀਂ ਅੱਤਵਾਦ ਨੂੰ ਪੂਰੀ ਤਰ੍ਹਾਂ ਕੁਚਲ ਨਹੀਂ ਦਿੰਦੇ, ਸਮੱਸਿਆ ਹੱਲ ਨਹੀਂ ਹੋਵੇਗੀ। ਇਸ ਨੂੰ ਕੁਚਲਣ ਦਾ ਸਮਾਂ ਆ ਗਿਆ ਹੈ ਅਤੇ ਇਸ ਦੇ ਲਈ ਪੂਰੇ ਭਾਰਤ ਨੂੰ ਮੋਦੀ ਦੀ ਅਗਵਾਈ ਹੇਠ ਇਕਜੁਟ ਹੋਣਾ ਪਵੇਗਾ। ਯੋਗੀ ਨੇ ਕਿਹਾ ਕਿ ਅੱਤਵਾਦ ਇਕ 'ਕੁੱਤੇ ਦੀ ਪੂਛ' ਵਾਂਗ ਹੈ, ਜਿਸ ਨੂੰ ਕਦੇ ਸਿੱਧਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ,"ਇਹ ਪਿਆਰ ਦੀ ਭਾਸ਼ਾ ਮੰਨਣ ਵਾਲਾ ਨਹੀਂ ਹੈ, ਉਨ੍ਹਾਂ ਨੂੰ ਉਸੇ ਦੀ ਭਾਸ਼ਾ 'ਚ ਜਵਾਬ ਦੇਣ ਲਈ ਤਿਆਰ ਹੋਣਾ ਹੋਵੇਗਾ ਅਤੇ ਭਾਰਤ ਨੇ 'ਆਪਰੇਸ਼ਨ ਸਿੰਦੂਰ' ਦੇ ਮਾਧਿਅਮ ਨਾਲ ਦੁਨੀਆ ਨੂੰ



ਇਕ ਸੰਦੇਸ਼ ਦੇ ਦਿੱਤਾ ਹੈ।" ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮੇਕ ਇਨ ਇੰਡੀਆ' ਦੇ ਸੰਕਲਪ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਭ ਤੋਂ ਪਹਿਲਾਂ 'ਆਪਰੇਸ਼ਨ ਸਿੰਦੂਰ' ਦੀ ਸਫ਼ਲਤਾ ਲਈ ਭਾਰਤ ਦੀਆਂ ਸੈਨਾਵਾਂ, ਆਪਣੇ ਸਾਰੇ ਬਹਾਦਰ ਜਵਾਨਾਂ, ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦਾ ਦਿਲੋਂ ਧੰਨਵਾਦ ਕਰਦੇ ਹੋਏ ਪ੍ਰਦੇਸ਼ਵਾਸੀਆਂ ਵਲੋਂ ਦਿਲੋਂ ਵਧਾਈ ਦਿੰਦਾ ਹਾਂ। ਯੋਗੀ ਨੇ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਪ੍ਰਤੀ ਇਸ ਗੱਲ ਲਈ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਰੱਖਿਆ ਉਤਪਾਦਾਂ ਲਈ ਉੱਤਰ ਪ੍ਰਦੇਸ਼ ਨੂੰ ਇਕ ਮਹੱਤਵਪੂਰਨ ਕੇਂਦਰ ਵਜੋਂ ਵਿਕਸਿਤ ਕਰਨ ਦੇ ਟੀਕੇ ਨੂੰ ਅੱਗੇ ਵਧਾਇਆ। ਯੋਗੀ ਨੇ ਕਿਹਾ,"2018 'ਚ ਜਦੋਂ ਉੱਤਰ ਪ੍ਰਦੇਸ਼ ਨੇ ਆਪਣਾ ਪਹਿਲਾ ਨਿਵੇਸ਼ ਸੰਮੇਲਨ ਲਖਨਊ 'ਚ ਆਯੋਜਿਤ ਕੀਤਾ ਸੀ, ਉਦੋਂ ਕੇਂਦਰੀ ਬਜਟ 'ਚ 2 ਡਿਫੈਂਸ ਕੋਰੀਡੋਰ ਦਾ ਐਲਾਨ ਹੋਇਆ। ਪ੍ਰਧਾਨ ਮੰਤਰੀ ਜੀ ਨੇ ਲਖਨਊ 'ਚ ਹੀ ਇਕ ਕੋਰੀਡੋਰ ਦਾ ਐਲਾਨ ਕੀਤਾ। ਉੱਤਰ ਪ੍ਰਦੇਸ਼ 'ਚ 6 ਨੋਡ-ਲਖਨਊ, ਕਾਨਪੁਰ, ਅਲੀਗੜ੍ਹ, ਆਗਰਾ, ਝਾਂਸੀ ਅਤੇ ਚਿੱਤਰਕੂਟ 'ਚ ਤੈਅ ਕੀਤੇ ਗਏ। ਉਨ੍ਹਾਂ ਕਿਹਾ,"2019 'ਚ ਕੇਂਦਰ 'ਚ ਮੁੜ ਸਰਕਾਰ ਬਣਨ ਤੋਂ ਬਾਅਦ ਰੱਖਿਆ ਮੰਤਰੀ ਵਜੋਂ ਰਾਜਨਾਥ ਸਿੰਘ ਨੇ ਪਹਿਲੀ ਵਾਰ ਲਖਨਊ 'ਚ ਡਿਫੈਂਸ ਐਕਸਪੋ' ਆਯੋਜਿਤ ਕਰਵਾਇਆ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਲਖਨਊ 'ਚ ਬ੍ਰਹਿਮੋਸ ਮਿਜ਼ਾਈਲ ਬਣਾਉਣ ਲਈ ਵੱਡੇ ਪ੍ਰੋਗਰਾਮ ਨੂੰ ਅੱਗੇ ਵਧਾਉਣਗੇ। ਬ੍ਰਹਿਮੋਸ ਮਿਜ਼ਾਈਲ ਲਈ ਰਾਜ ਸਰਕਾਰ ਨੇ 200 ਏਕੜ ਦਾ ਖੇਤਰ ਉਪਲੱਬਧ ਕਰਵਾਇਆ ਅਤੇ ਹੁਣ ਉਤਪਾਦਨ ਦਾ ਪ੍ਰੋਗਰਾਮ ਸ਼ੁਰੂ ਹੋ ਰਿਹਾ ਹੈ।" ਯੋਗੀ ਨੇ ਰੱਖਿਆ ਮੰਤਰੀ ਅਤੇ ਖੇਤਰੀ ਸੰਸਦ ਮੈਂਬਰ ਰਾਜਨਾਥ ਸਿੰਘ ਦੀਆਂ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ।

## ਸੀਜ਼ਫਾਇਰ ਉਲੰਘਣ ਮਗਰੋਂ ਸ਼ਸ਼ੀ ਸ਼ਰੂਰ ਨੇ ਕੱਸਿਆ ਪਾਕਿਸਤਾਨ 'ਤੇ ਤੰਜ

ਨਵੀਂ ਦਿੱਲੀ 11 ਮਈ। ਬੀਤੇ ਕੁਝ ਦਿਨਾਂ ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੇ ਜੰਗ ਵਾਲੇ ਹਾਲਾਤ ਆਖ਼?ਰਕਾਰ ਸ਼ਾਂਤ ਹੋ ਗਏ ਹਨ। 10 ਮਈ ਨੂੰ ਦੋਵਾਂ ਦੇਸ਼ਾਂ ਨੇ ਸੀਜ਼ਫਾਇਰ ਕਰ ਦਿੱਤਾ ਸੀ, ਜਿਸ ਮਗਰੋਂ ਕਰੀਬ 3



ਘੰਟੇ ਬਾਅਦ ਹੀ ਪਾਕਿਸਤਾਨ ਨੇ ਦੁਬਾਰਾ ਸਰਹੱਦ 'ਤੇ ਗੋਲ?ੀਬਾਰੀ ਕਰ ਦਿੱਤੀ ਸੀ। ਪਰ ਜੰਗਬੰਦੀ ਤੋਂ ਕੁਝ ਦੇਰ ਬਾਅਦ ਹੀ ਪਾਕਿਸਤਾਨ ਨੇ ਸ਼੍ਰੀਨਗਰ ਸਣੇ ਭਾਰਤ ਦੇ ਹੋਰ ਸਰਹੱਦੀ ਇਲਾਕਿਆਂ 'ਚ ਡਰੋਨ ਭੇਜ ਕੇ ਜੰਗਬੰਦੀ ਦੀ ਉਲੰਘਣਾ ਕੀਤੀ। ਭਾਰਤੀ ਫੌਜ ਨੇ ਸਫਲਤਾਪੂਰਵਕ ਇਨ੍ਹਾਂ ਡਰੋਨਾਂ ਨੂੰ ਰੋਕਿਆ ਅਤੇ ਤਬਾਹ ਕਰ ਦਿੱਤਾ। ਇਸ ਉਲੰਘਣਾ ਦੇ ਜਵਾਬ ਵਿੱਚ, ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਪਾਕਿਸਤਾਨ ਦੀਆਂ ਕਾਰਵਾਈਆਂ ਦੀ ਆਲੋਚਨਾ ਕੀਤੀ। ਆਪਣੇ ਐਕਸ ਅਕਾਊਂਟ 'ਤੇ ਪੋਸਟ ਸਾਂਝੀ ਕਰਦੇ ਹੋਏ ਸ਼ਸ਼ੀ ਨੇ ਕਿਹਾ, ਉਸਕੀ ਫਿਤਰਤ ਹੈ ਮੁਕਰ ਜਾਨੇ ਕੀ, ਉਸ ਕੇ ਵਾਦੋਂ ਪੇ ਯਕੀਨ ਕੈਸੇ ਕਰੂੰ ? (ਉਨ੍ਹਾਂ ਦੇ ਸੁਭਾਅ ਵਿੱਚ ਹੈ ਮੁੱਕਰ ਜਾਣਾ, ਮੈਂ ਉਨ੍ਹਾਂ ਦੇ ਵਾਅਦਿਆਂ 'ਤੇ ਯਕੀਨ ਕਿਵੇਂ ਕਰਾਂ ?) ਉਨ੍ਹਾਂ ਸ਼ਾਂਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਪਰ ਇਹ ਵੀ ਨੋਟ ਕੀਤਾ ਕਿ ਭਾਰਤ ਦਾ ਉਦੇਸ਼ ਅੱਤਵਾਦੀਆਂ ਨੂੰ ਸਬਕ ਸਿਖਾਉਣਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਕਿ ਹਥਿਆਰਬੰਦ ਬਲਾਂ ਨੇ ਇਨ੍ਹਾਂ ਉਲੰਘਣਾਵਾਂ ਦਾ ਢੁਕਵਾਂ ਜਵਾਬ ਦਿੱਤਾ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ।

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮਿਲੇ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਨ ਕਮੇਟੀ ਦੇ ਨਵੇਂ ਚੁਣੇ ਮੈਂਬਰ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 11 ਮਈ। ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਨ ਕਮੇਟੀ ਦਾ ਵਫ਼ਦ ਅੱਜ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਨਿਵਾਸ ਸੰਤ ਕਬੀਰ ਕੁਟੀਰ 'ਤੇ ਮਿਲਿਆ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਸਿੱਖ ਸਮਾਜ ਲਈ ਇੱਕ ਇਤਿਹਾਸਿਕ ਲੰਮ?ਹਾ ਹੈ। ਮੌਜੂਦਾ ਸਰਕਾਰ ਦੇ ਤੀਜੀ ਵਾਰ ਗਠਨ ਦੇ ਬਾਅਦ ਪਹਿਲੀ ਵਾਰ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਨ ਕਮੇਟੀ ਦੇ ਚੋਣ ਸ਼ਾਂਤੀਪੂਰਣ ਰੂਪ ਨਾਲ ਸਪੰਨ ਹੋਏ ਹਨ। ਇਹ ਕਮੇਟੀ ਰਾਜ ਵਿੱਚ ਸਿੱਖ ਗੁਰੂਦੁਆਰਿਆਂ ਦੇ ਸੰਚਾਲਨ ਅਤੇ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਕਮੇਟੀ ਦੇ 40 ਮੈਂਬਰ ਚੁਣੇ ਹੋਏ ਸਨ। ਹੁਣ ਹੋਰ 9 ਮੈਂਬਰ ਸਰਵਸੰਮਤੀ ਨਾਲ ਚੁਣੇ ਗਏ ਹਨ, ਜਿਨ੍ਹਾਂ ਵਿੱਚੋਂ ਕਈ ਮੈਂਬਰ ਅੱਜ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਪਹੁੰਚੇ। ਇਸ ਦੌਰਾਨ ਮੁੱਖ ਮੰਤਰੀ ਸ੍ਰੀ ਸੈਣੀ ਨੇ ਵਫ਼ਦ ਤੋਂ ਆਸ ਵਿਅਕਤ ਕੀਤੀ ਕਿ ਉਹ ਗੁਰੂ ਘਰਾਂ ਦੇ ਕੰਮਾਂ ਨੂੰ ਪਾਰਦਰਸ਼ਿਤਾ ਅਤੇ ਨਿਸ਼ਕਾਮ ਭਾਵ ਨਾਲ ਕਰਨ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਕਮੇਟੀ ਨੂੰ ਹਰ ਸੰਭਵ



ਸਹਿਯੋਗ ਪ੍ਰਦਾਨ ਕਰੇਗੀ, ਤਾਂ ਜੋ ਇਹ ਸਮਾਜ ਹਿੱਤ ਵਿੱਚ ਮਜਬੂਤ ਕੰਮ ਕਰ ਸਕਣ ਅਤੇ ਆਪਣੀ ਇੱਕ ਸਥਾਈ ਪਹਿਚਾਣ ਸਥਾਪਿਤ ਕਰ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕਮੇਟੀ ਰਾਹੀਂ ਸਿੱਖ ਸਮਾਜ ਲਈ ਜੋ ਵੀ ਕੰਮ ਕੀਤੇ ਜਾਣਗੇ, ਉਹ ਆਉਣ ਵਾਲੀ ਪੀੜੀਆਂ ਲਈ ਪ੍ਰੇਰਣਾ ਸਰੋਤ ਬਨਣਗੇ। ਵਫਦ ਨੇ ਸਿੱਖ ਸਮਾਜ ਨਾਲ ਸਬੰਧਿਤ ਕੁੱਝ ਸੁਝਾਅ ਵੀ ਮੁੱਖ ਮੰਤਰੀ ਦੇ ਸਾਹਮਣੇ ਰੱਖੇ, ਜਿਨ੍ਹਾਂ 'ਤੇ ਮੁੱਖ ਮੰਤਰੀ ਨੇ ਸਕਾਰਾਤਮਕ ਪ੍ਰਤੀਕ੍ਰਿਆ ਦਿੱਤੀ ਅਤੇ ਉਨ੍ਹਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਪਾਣੀ ਦੇ ਮੁੱਦੇ 'ਤੇ ਬੋਲਦੇ ਹੋਏ ਮੁੱਖ ਮੰਤਰੀ ਸ੍ਰੀ ਸੈਣੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਆਪਸ ਵਿੱਚ ਭਾਈਚਾਰੇ ਦੇ ਧਾਗੇ ਵਿੱਚ ਬੰਨ੍ਹੇ ਹਨ। ਅਸੀਂ ਸੱਭ ਇੱਕ ਹਾਂ। ਮਾਨ ਸਰਕਾਰ ਨੂੰ ਪਾਣੀ ਵਰਗੇ ਮੁੱਦੇ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਜਿਸ ਪਾਣੀ 'ਤੇ ਹਰਿਆਣਾ ਦਾ ਅਧਿਕਾਰ ਹੈ, ਉਹ ਉਸ ਨੂੰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂਆਂ ਦੀ ਸਿਖਿਆਵਾਂ ਦੇ ਅਨੁਰੂਪ ਪਾਣੀ ਦਾ ਸਮਾਨ ਵੰਡ ਹੋਣਾ ਚਾਹੀਦਾ ਹੈ, ਤਾਂ ਜੋ ਸਾਰਿਆਂ ਨੂੰ ਇਸ ਦਾ ਲਾਭ ਮਿਲ ਸਕੇ। ਇਸ ਮੌਕੇ 'ਤੇ ਸਿੱਖ ਸਮਾਜ ਦੇ ਸੀਨੀਅਰ ਪ੍ਰਤੀਨਿਧੀ ਸ੍ਰੀ ਜਗਦੀਸ਼ ਸਿੰਘ ਝੀਂਡਾ, ਸ੍ਰੀ ਬਲਜੀਤ ਸਿੰਘ ਦਾਦੂਵਾਲ, ਸ੍ਰੀ ਗੁਲਾਬ ਸਿੰਘ ਮੂਨਕ, ਮੁੱਖ ਮੰਤਰੀ ਦੇ ਰਾਜਨੀਤਿਕ ਸਕੱਤਰ ਸ੍ਰੀ ਤਰੁਣ ਭੰਡਾਰੀ ਸਮੇਤ ਅਨੇਕ ਮਾਣਯੋਗ ਵਿਅਕਤੀ ਮੌਜੂਦ ਰਹੇ।

## ਮੇਜਰ ਪਵਨ ਕੁਮਾਰ ਦੀ ਸ਼ਹਾਦਤ 'ਤੇ ਮੁੱਖ ਮੰਤਰੀ ਸੁੱਖੂ ਨੇ ਜਤਾਇਆ ਦੁੱਖ

ਨੈਸ਼ਨਲ ਡੈਸਕ 10 ਮਈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਜੰਮੂ-ਕਸ਼ਮੀਰ ਵਿੱਚ ਪਾਕਿਸਤਾਨੀ ਫੌਜ ਦੀ ਗੋਲੀਬਾਰੀ ਵਿੱਚ 25 ਪੰਜਾਬ ਰੈਜੀਮੈਂਟ ਦੇ ਸੂਬੇਦਾਰ ਮੇਜਰ ਪਵਨ ਕੁਮਾਰ ਦੀ ਸ਼ਹਾਦਤ 'ਤੇ ਦੁੱਖ ਪ੍ਰਗਟ ਕੀਤਾ ਹੈ। ਆਪਣੇ ਸ਼ੋਕ ਸੰਦੇਸ਼ ਵਿੱਚ ਸੁੱਖੂ ਨੇ ਕਿਹਾ, ਸੂਬੇਦਾਰ



ਮੇਜਰ ਪਵਨ ਕੁਮਾਰ ਨੇ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਨੂੰ ਬਣਾਈ ਰੱਖਣ ਲਈ ਸਰਵਉੱਚ ਕੁਰਬਾਨੀ ਦਿੱਤੀ ਅਤੇ ਲੋਕ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਗੇ।" ਉਨ੍ਹਾਂ ਕਿਹਾ, "ਸੂਬਾ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਸ਼ਹੀਦ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਦੁਖੀ ਪਰਿਵਾਰ ਨੂੰ ਇਸ ਨਾ ਪੂਰਾ ਹੋਣ ਵਾਲੇ ਨੁਕਸਾਨ ਨੂੰ ਸਹਿਣ ਦੀ ਤਾਕਤ ਪ੍ਰਦਾਨ ਕਰੇ। ਸੂਬੇਦਾਰ ਮੇਜਰ ਕੁਮਾਰ ਕਾਂਗੜਾ ਜ਼ਿਲ੍ਹੇ ਦੇ ਸ਼ਾਹਪੁਰ ਨਗਰ ਪੰਚਾਇਤ ਦੇ ਵਸਨੀਕ ਸਨ।

# ਭੋਜਨ ਦੀਆਂ ਉੱਚ ਲਾਗਤਾਂ ਨੇ ਤੋੜੇ ਕੈਨੇਡਾ ਵਾਸੀਆਂ ਦੇ ਲੱਕ, ਪਰਿਵਾਰ ਪਾਲਣ ਲਈ ਕਰ ਰਹੇ ਫੂਡ ਬੈਂਕਾਂ ਵੱਲ ਰੁਖ

ਨਵੀਂ ਦਿੱਲੀ 11 ਮਈ। ਇੱਕ ਨਵੀਂ ਰਿਪੋਰਟ ਮੁਤਾਬਕ ਭੋਜਨ ਪਦਾਰਥਾਂ ਦੀਆਂ ਕੀਮਤਾਂ ਲਗਾਤਾਰ ਵਧਣ ਕਾਰਨ ਮਹਿੰਗਾਈ ਦਾ ਸੰਕਟ ਵਧਦਾ ਜਾ ਰਿਹਾ ਹੈ। ਕੈਨੇਡਾ ਭਰ ਵਿੱਚ ਦੋ-ਮਾਪਿਆਂ ਵਾਲੇ ਪਰਿਵਾਰ ਆਪਣੇ ਪਰਿਵਾਰਾਂ ਦਾ ਢਿੱਡ ਭਰਨ ਲਈ ਫੂਡ ਬੈਂਕਾਂ ਵੱਲ ਰੁਖ ਕਰ ਰਹੇ ਹਨ। ਫੂਡ ਬੈਂਕਸ ਕੈਨੇਡਾ ਦੁਆਰਾ ਬੁੱਧਵਾਰ ਨੂੰ ਪ੍ਰਕਾਸ਼ਿਤ 2023 ਹੰਗਰ ਕਾਊਂਟ ਵਿਚ ਮਾਰਚ 2023 ਵਿੱਚ ਸਾਰੇ ਪ੍ਰਾਂਤਾਂ ਅਤੇ ਪ੍ਰਦੇਸਾਂ ਦੇ ਫੂਡ ਬੈਂਕ ਡਾਟਾ ਮੁਤਾਬਕ ਇਹ ਸਾਹਮਣੇ ਆਇਆ ਹੈ ਕਿ ਦੇਸ ਭਰ ਵਿੱਚ ਫੂਡ ਬੈਂਕ ਦੀ ਵਰਤੋਂ ਕਿੰਨੀ ਉੱਚੀ ਹੋ ਗਈ ਹੈ। ਇਸ ਸਾਲ ਫੂਡ ਬੈਂਕ ਦੀ ਵਰਤੋਂ ਦਾ ਲਗਭਗ 21 ਪ੍ਰਤੀਸਤ ਦੋ-ਮਾਪਿਆਂ ਵਾਲੇ ਪਰਿਵਾਰਾਂ ਦੁਆਰਾ ਕੀਤੀ ਗਈ, ਜੋ ਕਿ 2022 ਵਿੱਚ 19.3 ਪ੍ਰਤੀਸਤ ਅਤੇ 2019 ਵਿੱਚ 18.8 ਪ੍ਰਤੀਸਤ ਤੋਂ ਵੱਧ ਹੈ। ਸਿੰਗਲ-ਪੇਰੈਂਟ ਪਰਿਵਾਰ 2023 ਵਿੱਚ ਲਗਭਗ 17.3 ਪ੍ਰਤੀਸਤ ਫੂਡ ਬੈਂਕ ਉਪਭੋਗਤਾਵਾਂ ਦੀ ਨੁਮਾਇੰਦਗੀ ਕਰਦੇ ਹਨ, ਜੋ ਕਿ 2022 (17.9 ਪ੍ਰਤੀਸਤ) ਅਤੇ 2019 (18.3 ਪ੍ਰਤੀਸਤ) ਤੋਂ ਥੋੜ੍ਹੀ ਜਿਹੀ ਕਮੀ ਨੂੰ ਦਰਸਾਉਂਦੇ ਹਨ। ਡਾਟਾ ਮੁਤਾਬਕ ਫੂਡ ਬੈਂਕ ਦੇ ਲਗਭਗ ਇੱਕ ਤਿਹਾਈ ਗਾਹਕ - 642,257 - ਬੱਚੇ ਹਨ। ਇਹ ਦਰ ਮਹਾਂਮਾਰੀ ਤੋਂ ਪਹਿਲਾਂ ਤੋਂ "ਸਥਿਰ" ਰਹੀ ਹੈ, ਪਰ ਰਿਪੋਰਟ ਦਾਅਵਾ ਕਰਦੀ ਹੈ ਕਿ ਬੱਚੇ ਆਮ ਆਬਾਦੀ ਦਾ ਸਿਰਫ 20 ਪ੍ਰਤੀਸਤ ਹਨ। ਰਿਪੋਰਟ ਮੁਤਾਬਕ "ਫੂਡ ਬੈਂਕਰਾਂ ਨੇ ਦੱਸਿਆ ਕਿ ਬੱਚੇ ਵਾਲੇ ਪਰਿਵਾਰ ਬੱਚਿਆਂ ਦੀ ਦੇਖਭਾਲ ਅਤੇ ਹੋਰ ਬੱਚਿਆਂ ਦੀਆਂ ਲੋੜਾਂ ਦੇ ਖਰਚਿਆਂ ਤੋਂ ਇਲਾਵਾ ਉੱਚ ਰਿਹਾਇਸ, ਭੋਜਨ ਅਤੇ ਬਾਲਣ ਦੇ ਖਰਚਿਆਂ ਦੇ ਸੁਮੇਲ ਨਾਲ ਸੰਘਰਸ ਕਰ ਰਹੇ ਹਨ"। ਮਾਰਚ 2023 ਵਿੱਚ ਫੂਡ ਬੈਂਕਾਂ ਵਿੱਚ "ਬੇਮਿਸਾਲ" 1.9 ਮਿਲੀਅਨ ਲੋਕਾਂ ਨੇ ਵਿਜ਼ਿਟ ਕੀਤਾ। ਇਹ 2022 ਤੋਂ 32 ਪ੍ਰਤੀਸਤ ਵਾਧਾ ਹੈ ਅਤੇ ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ 78 ਪ੍ਰਤੀਸਤ ਦਾ ਵਾਧਾ ਦਰਸਾਉਂਦਾ ਹੈ। ਰਿਪੋਰਟ ਮੁਤਾਬਕ "ਇਹ ਸਿਰਫ ਆਰਥਿਕ ਸਪੈਕਟ੍ਰਮ ਦੇ ਸਭ ਤੋਂ ਹੇਠਲੇ ਪੱਧਰ ਵਾਲੇ ਲੋਕ ਹੀ ਨਹੀਂ ਹਨ ਜੋ ਪੀੜਤ ਹਨ। ਸਗੋਂ "ਬਹੁਤ ਸਾਰੇ ਅਜਿਹੇ ਲੋਕ ਵੀ ਸਾਡੇ ਫੂਡ ਬੈਂਕ ਆ ਰਹੇ ਹਨ ਜਿਨ੍ਹਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਉਨ੍ਹਾਂ ਨੂੰ ਫੂਡ ਬੈਂਕ ਵੱਲ ਜਾਣ ਦੀ ਜਰੂਰਤ ਹੋਏਗੀ।" ਫੂਡ ਬੈਂਕਾਂ ਤੱਕ ਪਹੁੰਚ ਕਰਨ ਵਾਲੇ ਵਧੇਰੇ ਲੋਕ ਰਿਪੋਰਟ ਕਰ ਰਹੇ ਹਨ ਕਿ ਉਨ੍ਹਾਂ ਦੀ ਆਮਦਨ ਹੈ ਮਤਲਬ ਕਿ ਰੁਜਗਾਰ ਵਾਲੇ ਕੁਝ ਕੈਨੇਡੀਅਨ ਹੁਣ ਭੋਜਨ ਨੂੰ ਮੇਜ 'ਤੇ ਰੱਖਣ ਲਈ ਸੰਘਰਸ ਕਰ ਰਹੇ ਹਨ। 2019 ਵਿੱਚ 12 ਪ੍ਰਤੀਸਤ ਦੇ ਮੁਕਾਬਲੇ ਇਸ ਸਾਲ ਫੂਡ ਬੈਂਕ ਦੇ ਲਗਭਗ 17 ਪ੍ਰਤੀਸਤ ਗਾਹਕਾਂ ਨੇ ਨੌਕਰੀ ਦੀ ਰਿਪੋਰਟ ਕੀਤੀ। ਹਾਲਾਂਕਿ, ਜ਼ਿਆਦਾਤਰ (42.4 ਪ੍ਰਤੀਸਤ) ਫੂਡ ਬੈਂਕ ਉਪਭੋਗਤਾ ਸਮਾਜਿਕ ਸਹਾਇਤਾ ਤੋਂ ਦੂਰ ਰਹਿਣ ਵਾਲੇ ਲੋਕ ਹਨ। ਦੇਸ ਭਰ ਵਿੱਚ ਕੈਨੇਡੀਅਨਾਂ ਨੇ ਕਰਿਆਨੇ ਦੀਆਂ ਭਾਰੀ ਕੀਮਤਾਂ ਨੂੰ ਮਹਿੰਗਾਈ ਦਾ ਮੁੱਖ ਕਾਰਨ ਦੱਸਿਆ ਹੈ। ਇਸ ਕਾਰਨ ਹੀ ਉਹ ਫੂਡ ਬੈਂਕਾਂ ਵੱਲ ਰੁਖ ਕਰ ਰਹੇ ਹਨ। ਓਨਟਾਰੀਓ ਤੋਂ ਇੱਕ ਸਰਵੇਖਣ ਰਿਪੋਰਟ ਵਿੱਚ ਕਿਹਾ, "ਆਮ ਲਾਗਤਾਂ ਹਮੇਸਾ ਇੱਕ ਮੁੱਖ ਕਾਰਕ ਹੁੰਦੀਆਂ ਹਨ, ਖਾਸ ਤੌਰ 'ਤੇ ਰਿਹਾਇਸ, ਪਰ ਭੋਜਨ ਦੀਆਂ ਲਾਗਤਾਂ ਵਿੱਚ ਕੁੱਲ ਵਾਧੇ ਨੇ ਆਮਦਨੀ ਦੀ ਸਥਿਤੀ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਹੈ।" ਮਹਿੰਗਾਈ ਵਿੱਚ ਕੁਝ ਸੁਧਾਰਾਂ ਦੇ ਬਾਵਜੂਦ, ਪਿਛਲੇ ਕਈ ਸਾਲਾਂ ਵਿੱਚ ਭੋਜਨ ਦੀਆਂ ਕੀਮਤਾਂ ਉੱਚੀਆਂ ਰਹੀਆਂ ਹਨ। ਪਿਛਲੇ ਕਈ ਮਹੀਨਿਆਂ ਵਿੱਚ ਕੀਮਤਾਂ ਵਿੱਚ ਥੋੜ੍ਹੀ ਕਮੀ ਆਉਣ ਦੇ ਬਾਵਜੂਦ ਪਾਸਤਾ, ਫਲ, ਸਬਜੀਆਂ ਅਤੇ ਮੀਟ ਸਮੇਤ ਕੁਝ ਕਰਿਆਨੇ ਦੀਆਂ ਚੀਜਾਂ ਅਜੇ ਵੀ ਪਰਿਵਾਰਾਂ ਲਈ ਮਹਿੰਗੀਆਂ ਹਨ। ਸਟੈਟਿਸਟਿਕਸ ਕੈਨੇਡਾ ਦੀ ਇੱਕ ਤਾਜਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਾਤਾ-ਪਿਤਾ ਵਾਲੇ ਪਰਿਵਾਰ ਦੋ ਬੱਚਿਆਂ ਨੂੰ ਜਨਮ ਤੋਂ ਲੈ ਕੇ 17 ਸਾਲ ਦੀ ਉਮਰ ਤੱਕ ਪਾਲਣ ਲਈ ਲਗਭਗ 500,000 ਡਾਲਰ ਖਰਚ ਕਰਨਗੇ। ਜੇਕਰ ਬੱਚੇ 22 ਸਾਲ ਦੀ ਉਮਰ ਤੱਕ ਆਪਣੇ ਮਾਂ-ਬਾਪ ਨਾਲ ਰਹਿੰਗੇ ਹਨ ਤਾਂ ਇਹ ਕੀਮਤ 29 ਪ੍ਰਤੀਸਤ ਵਧ ਜਾਂਦੀ ਹੈ ਇਸ ਰਿਪੋਰਟ ਵਿੱਚ, ਦੋ-ਮਾਪਿਆਂ ਵਾਲੇ ਪਰਿਵਾਰਾਂ ਲਈ ਭੋਜਨ ਤੀਸਰਾ ਸਭ ਤੋਂ ਵੱਡਾ ਖਰਚਾ ਅਤੇ ਇੱਕ-ਮਾਪਿਆਂ ਵਾਲੇ ਪਰਿਵਾਰਾਂ ਲਈ ਦੂਜਾ ਸਭ ਤੋਂ ਵੱਡਾ ਖਰਚਾ ਹੈ। ਹੰਗਰ ਕਾਊਂਟ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਪਰਿਵਾਰਾਂ ਉੱਤੇ ਮਹਿੰਗਾਈ ਦੇ ਵਧਦੇ ਦਬਾਅ ਰਿਕਾਰਡ-ਉੱਚ ਫੂਡ ਬੈਂਕ ਦੀ ਵਰਤੋਂ ਵਿੱਚ ਯੋਗਦਾਨ ਪਾ ਰਹੇ ਹਨ। ਫੂਡ ਬੈਂਕਸ ਕੈਨੇਡਾ ਇੱਕ ਚੈਰੀਟੇਬਲ ਸੰਸਥਾ ਹੈ ਜੋ ਪੂਰੇ ਕੈਨੇਡਾ ਵਿੱਚ ਫੂਡ ਬੈਂਕ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਹੈ। 1987 ਵਿੱਚ ਸਥਾਪਿਤ, ਫੂਡ ਬੈਂਕਸ ਕੈਨੇਡਾ ਦਾ ਨੈੱਟਵਰਕ 10 ਸੂਬਾਈ ਐਸੋਸੀਏਸਨਾਂ ਅਤੇ 500 ਤੋਂ ਵੱਧ ਸਥਾਨਕ ਫੂਡ ਬੈਂਕਾਂ ਦਾ ਬਣਿਆ ਹੋਇਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਘੱਟ ਕੀਮਤ, ਘੱਟ ਉਜਰਤਾਂ ਅਤੇ ਕੰਮ ਦੇ ਲੋੜੀਂਦੇ ਘੰਟੇ ਕੁਝ ਹੋਰ ਕਾਰਨ ਸਨ ਜਿਨ੍ਹਾਂ ਕਾਰਨ ਕੈਨੇਡੀਅਨਾਂ ਨੂੰ ਫੂਡ ਬੈਂਕਾਂ 'ਤੇ ਭਰੋਸਾ ਕਰਨਾ ਪਿਆ।

## ਸੁਰੂਆਤੀ ਕਾਰੋਬਾਰ ਵਿੱਚ ਦੋ ਪੈਸੇ ਦੇ ਵਾਧੇ ਨਾਲ 83.23 ਪ੍ਰਤੀ ਡਾਲਰ 'ਤੇ ਪੁੱਜਾ ਰੁਪਿਆ


ਮੁੰਬਈ 11 ਮਈ। ਘਰੇਲੂ ਸੇਅਰ ਬਾਜਾਰਾਂ ਦੇ ਸਕਾਰਾਤਮਕ ਰੁਖ ਅਤੇ ਆਲਮੀ ਬਾਜਾਰਾਂ ਵਿਚ ਅਮਰੀਕੀ ਕਰੰਸੀ ਦੇ ਕਮਜੋਰ ਰੁਖ ਦੇ ਵਿਚਕਾਰ, ਰੁਪਏ ਵਿਚ ਤਿੰਨ ਦਿਨਾਂ ਤੋਂ ਚੱਲੀ ਆ ਰਹੀ ਗਿਰਾਵਟ ਨੂੰ ਆਖਰਕਾਰ ਸੁੱਕਰਵਾਰ ਨੂੰ ਰੋਕਿਆ ਗਿਆ। ਸੁਰੂਆਤੀ ਕਾਰੋਬਾਰ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਦੋ ਪੈਸੇ ਦੀ ਮਜਬੂਤੀ ਨਾਲ 83.23 ਤੱਕ ਪਹੁੰਚ ਗਿਆ। ਹਾਲਾਂਕਿ, ਵਿਦੇਸੀ ਮੁਦਰਾ ਵਪਾਰੀਆਂ ਨੇ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਵਿਦੇਸੀ ਫੰਡਾਂ ਦੀ ਨਿਕਾਸੀ ਦਾ ਭਾਰਤੀ ਮੁਦਰਾ 'ਤੇ ਪ੍ਰਭਾਵ ਜਾਰੀ ਹੈ। ਅੰਤਰਬੈਂਕ ਵਿਦੇਸੀ ਮੁਦਰਾ ਬਾਜਾਰ 'ਚ ਰੁਪਿਆ 83.24 ਪ੍ਰਤੀ ਡਾਲਰ 'ਤੇ ਖੁੱਲ੍ਹਣ ਤੋਂ ਬਾਅਦ 83.23 ਪ੍ਰਤੀ



ਡਾਲਰ 'ਤੇ ਪਹੁੰਚ ਗਿਆ। ਇਹ ਪਿਛਲੇ ਬੰਦ ਪੱਧਰ ਦੇ ਮੁਕਾਬਲੇ ਦੋ ਪੈਸੇ ਦਾ ਵਾਧਾ ਹੈ। ਵੀਰਵਾਰ ਨੂੰ ਰੁਪਿਆ 83.25 ਪ੍ਰਤੀ ਡਾਲਰ 'ਤੇ ਬੰਦ ਹੋਇਆ ਸੀ। ਇਸ ਦੌਰਾਨ ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਦਰਸਾਉਣ ਵਾਲਾ ਡਾਲਰ ਸੂਚਕਾਂਕ 0.03 ਫੀਸਦੀ ਦੀ ਗਿਰਾਵਟ ਦੇ ਨਾਲ 106.57 'ਤੇ ਰਿਹਾ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ ਫਿਊਚਰਜ 1.27 ਫੀਸਦੀ ਵਧ ਕੇ 89.05 ਡਾਲਰ ਪ੍ਰਤੀ ਬੈਰਲ 'ਤੇ ਕਾਰੋਬਾਰ ਕਰ ਰਿਹਾ ਸੀ। ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਵੀਰਵਾਰ ਨੂੰ 7,702.53 ਕਰੋੜ ਰੁਪਏ ਦੇ ਸੇਅਰ ਵੇਚੇ।

## ਗੁਰੂ ਨਗਰੀ ਅੰਮ੍ਰਿਤਸਰ 'ਚ ਵੱਡੀ ਵਾਰਦਾਤ, 17 ਸਾਲਾ ਮੁੰਡੇ ਦਾ ਬੇਰਹਿਮੀ ਨਾਲ ਕਤਲ

ਅੰਮ੍ਰਿਤਸਰ 11 ਮਈ। ਘਰ ਨੂੰ ਜਾ ਰਹੇ 17 ਸਾਲਾ ਆਦਿਤਿਆ ਕੁਮਾਰ ਦਾ ਤੇਜਧਾਰ ਕ੍ਰਿਪਾਨਾਂ ਅਤੇ ਚਾਕੂਆਂ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਥਾਣਾ ਸਦਰ ਦੀ ਪੁਲਸ ਨੇ ਰੋਹਿਨ, ਨਿਤਿਨ, ਸੋਨੂੰ ਅਤੇ ਉਨ੍ਹਾਂ ਦੇ ਅਣਪਛਾਤੇ ਸਾਥੀਆਂ ਖਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਹੈ। ਸ਼ਿਵ ਕੁਮਾਰ ਨੇ ਦੱਸਿਆ ਕਿ ਉਸ ਦਾ ਵੱਡਾ ਮੁੰਡਾ




ਆਦਿਤਿਆ ਸਰਕਾਰੀ ਸੀ. ਐੱਸ. ਈ. ਸਕੂਲ ਕਰਮਪੁਰਾ ਵਿਚ 9ਵੀਂ ਜਮਾਤ ਦਾ ਵਿਦਿਆਰਥੀ ਸੀ। ਬੀਤੀ ਰਾਤ ਉਹ ਆਪਣੇ ਛੋਟੇ ਭਰਾ ਪਵਨ ਕੁਮਾਰ ਨਾਲ ਪ੍ਰੀਤ ਨਗਰ ਸਥਿਤ ਹਨੂੰਮਾਨ ਮੰਦਰ ਵਿਚ ਮੱਥਾ ਟੇਕਣ ਗਿਆ ਸੀ, ਜਦੋਂ ਉਹ ਵਾਪਸ ਆ ਰਹੇ ਸਨ ਤਾਂ ਉਕਤ ਮੁਲਜਮਾਂ ਨੇ ਆਦਿਤਿਆ ਨੂੰ ਘੇਰ ਲਿਆ ਅਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ। ਆਦਿਤਿਆ ਖੂਨ ਨਾਲ ਲਥਪਥ ਜਮੀਨ 'ਤੇ ਡਿੱਗ ਪਿਆ, ਜਦੋਂ ਉਸ ਨੇ ਰੌਲਾ ਪਾਇਆ ਤਾਂ ਮੁਲਜਮ ਮੌਕੇ ਤੋਂ ਫਰਾਰ ਹੋ ਗਏ। ਜਿਸ ਤੋਂ ਬਾਅਦ ਉਹ ਆਪਣੇ ਮੁੰਡੇ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਲੈ ਕੇ ਆਇਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।

## ਛੋਟਾ ਹਾਥੀ 'ਚ ਸਵਾਰ ਚਾਲਕ ਤੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ

ਨੂਰਪੁਰਬੇਦੀ 11 ਮਈ। ਸਥਾਨਕ ਪੁਲਸ ਨੇ ਵੀਰਵਾਰ ਇਕ ਛੋਟਾ ਹਾਥੀ ਟਾਟਾ ਏਸ ਗੱਡੀ 'ਚ ਸਵਾਰ ਚਾਲਕ ਤੋਂ 9 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੌਂਕੀ ਹਰੀਪੁਰ ਦੇ ਇੰਚਾਰਜ ਏ. ਐੱਸ. ਆਈ. ਸੋਹਣ ਸਿੰਘ ਸਮੇਤ ਪੁਲਸ ਪਾਰਟੀ 'ਚ ਸ਼ਾਮਲ ਏ. ਐੱਸ. ਆਈ. ਦਿਲਬਾਗ ਸਿੰਘ, ਸਿਪਾਹੀ ਸਤਿੰਦਰਪਾਲ ਸਿੰਘ ਅਤੇ ਸਿਪਾਹੀ ਹਰਵਿੰਦਰ ਸਿੰਘ ਨਸ਼ਿਆਂ ਸਬੰਧੀ ਚੈਕਿੰਗ ਲਈ ਨਾਕਾਬੰਦੀ ਦੌਰਾਨ ਨੂਰਪੁਰਬੇਦੀ-ਬਲਾਚੌਰ ਮੁੱਖ ਮਾਰਗ 'ਤੇ ਪੈਂਦੇ



ਕੋਹਿਨੂਰ ਪੈਲੇਸ ਪਿੰਡ ਜੱਟਪੁਰ ਵਿਖੇ ਮੌਜੂਦ ਸਨ। ਚੌਂਕੀ ਇੰਚਾਰਜ ਸੋਹਣ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਸਵਾ 10 ਵਜੇ ਜਦੋਂ ਉਨ੍ਹਾਂ ਨੂੰ ਕਰੌਲਗੜ੍ਹ ਵੱਲੋਂ ਇਕ ਛੋਟਾ ਹਾਥੀ ਨੰਬਰ ਪੀ. ਬੀ. 12 ਐੱਲ. ਪੀ. 3068 ਮਾਰਕਾ ਟਾਟਾ ਏਸ ਆਉਂਦਾ ਵਿਖਾਈ ਦਿੱਤਾ ਤਾਂ ਉਨ੍ਹਾਂ ਚਾਲਕ ਨੂੰ ਟਾਰਚ ਦੇ ਇਸ਼ਾਰੇ ਨਾਲ ਰੁਕਣ ਦਾ ਇਸ਼ਾਰਾ ਕੀਤਾ ਪਰ ਚਾਲਕ ਨੇ ਤੇਜੀ ਨਾਲ ਛੋਟੇ ਹਾਥੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਸਾਥੀ ਪੁਲਸ ਕਰਮਚਾਰੀਆਂ ਦੀ ਸਹਾਇਤਾ ਨਾਲ ਕਾਬੂ ਕਰਕੇ ਜਦੋਂ ਵਾਹਨ ਦੀ ਤਲਾਸ਼ੀ ਲਈ ਤਾਂ ਕੰਡਕਟਰ ਦੀ ਸੀਟ ਦੇ ਹੇਠਾਂ ਰੱਖੇ ਪਲਾਸਟਿਕ ਦੇ ਬੋਰੇ 'ਚੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਚਾਲਕ ਜਿਸ ਦੀ ਪਛਾਣ ਗੁਰਮੀਤ ਸਿੰਘ ਪੁੱਤਰ ਕਿਰਪਾਲ ਸਿੰਘ ਨਿਵਾਸੀ ਪਿੰਡ ਘਾਹੀਮਾਜਰਾ, ਥਾਣਾ ਨੂਰਪੁਰਬੇਦੀ ਵਜੋਂ ਹੋਈ ਹੈ, ਨੂੰ ਗ੍ਰਿਫਤਾਰ ਕਰਕੇ ਉਸ ਦੇ ਖ਼ਿਲਾਫ ਐੱਨ. ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਕਥਿਤ ਦੋਸ਼ੀ ਨੂੰ ਦੁਪਹਿਰ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਮਾਨਯੋਗ ਜੱਜ ਨੇ ਉਸ ਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਣ ਦਾ ਆਦੇਸ਼ ਦਿੱਤਾ।

## ਖੰਨਾ 'ਚ ਵਿਆਹ ਵਾਲੇ ਘਰ 'ਚ ਮਚੇ ਭਾਂਬੜ, ਰੋ-ਰੋ ਸ਼ੁਦਾਈ ਹੋਇਆ ਸਾਰਾ ਟੱਬਰ

ਖੰਨਾ 11 ਮਈ। ਖੰਨਾ ਦੇ ਨੇੜਲੇ ਪਿੰਡ ਅਲੂਣਾ ਪੱਲਾ 'ਚ ਵਿਆਹ ਵਾਲੇ ਇਕ ਘਰ ਨੂੰ ਭਿਆਨਕ ਅੱਗ ਲੱਗ ਗਈ। ਇਸ ਗਰੀਬ ਪਰਿਵਾਰ ਨੇ ਘਰ 'ਚ ਵਿਆਹ ਰੱਖਿਆ ਹੋਇਆ ਸੀ। ਧੀ ਦੇ ਵਿਆਹ ਲਈ ਜੋੜ ਕੇ ਰੱਖੇ ਡੇਢ ਲੱਖ ਰੁਪਏ ਅਤੇ ਦਾਜ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਘਰ 'ਚ ਮੌਜੂਦ ਬੱਚੇ ਅਤੇ ਪਰਿਵਾਰਕ ਮੈਂਬਰ ਆਪਣੀ ਜਾਨ ਬਚਾਉਣ ਲਈ ਬਾਹਰ ਭੱਜੇ। ਖੰਨਾ ਫਾਇਰ ਸਟੇਸਨ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਫਾਇਰਮੈਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਨ੍ਹਾਂ ਨੂੰ ਫਾਇਰ ਸਟੇਸਨ 'ਤੇ ਫੋਨ ਆਇਆ ਸੀ ਕਿ ਅਲੂਣਾ ਪੱਲਾ 'ਚ ਇਕ ਘਰ ਨੂੰ ਅੱਗ ਲੱਗੀ ਹੈ ਅਤੇ ਉਹ ਤੁਰੰਤ ਖੰਨਾ ਤੋਂ ਮੌਕੇ



'ਤੇ ਪੁੱਜੇ। ਉੱਥੇ ਹਾਲਾਤ ਅਜਿਹੇ ਸਨ ਕਿ ਪੂਰੇ ਘਰ ਨੂੰ ਅੱਗ ਲੱਗ ਗਈ ਸੀ। ਉਦੋਂ ਹੀ ਅੱਗ 'ਤੇ ਕਾਬੂ ਪਾਇਆ ਗਿਆ। ਅੱਗ ਨੂੰ ਨੇੜਲੇ ਘਰਾਂ ਤੱਕ ਫੈਲਣ ਤੋਂ ਰੋਕਿਆ ਗਿਆ। ਜਦੋਂ ਤੱਕ ਅੱਗ 'ਤੇ ਕਾਬੂ ਪਾਇਆ ਗਿਆ, ਉਦੋਂ ਤੱਕ ਘਰ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ ਸੀ। ਫਾਇਰਮੈਨ ਨੇ ਦੱਸਿਆ ਕਿ ਇਹ ਸਤਨਾਮ ਸਿੰਘ ਦਾ ਘਰ ਹੈ। ਸਤਨਾਮ ਦੀ ਧੀ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਵਿਆਹ ਦੇ ਖਰਚੇ ਲਈ ਪੈਸੇ ਜੋੜ ਕੇ ਰੱਖੇ ਸੀ ਅਤੇ ਦਾਜ ਦਾ ਸਾਮਾਨ ਰੱਖਿਆ ਗਿਆ ਸੀ। ਇਹ ਸਭ ਕੁੱਝ ਅੱਗ ਨੇ ਸਾੜ ਦਿੱਤਾ। ਸਤਨਾਮ ਸਿੰਘ ਮਜਦੂਰੀ ਕਰਦਾ ਹੈ। ਉਸਨੇ ਆਪਣੀ ਧੀ ਦੇ ਵਿਆਹ ਲਈ ਇੱਕ-ਇੱਕ ਚੀਜ ਖਰੀਦ ਕੇ ਜੋੜ ਕੇ ਰੱਖੀ ਹੋਈ ਸੀ। ਸਾਮਾਨ ਇੱਕ ਕਮਰੇ 'ਚ ਰੱਖਿਆ ਹੋਇਆ ਸੀ। ਇਸ ਕਮਰੇ 'ਚ ਬਿਜਲੀ ਦੀਆਂ ਤਾਰਾਂ ਬਾਹਰ ਸਨ। ਤਾਰਾਂ 'ਚ ਸਾਰਟ ਸਰਕਟ ਹੋਣ ਕਾਰਨ ਅੱਗ ਫੈਲ ਗਈ। ਅੱਗ ਨਾਲ ਸਾਰਾ ਸਾਮਾਨ ਸੜ ਗਿਆ।

## ਪਹਿਲਾਂ ਰੋਲ਼ੀ ਕੁੜੀ ਦੀ ਪੱਤ, ਫਿਰ ਬਣਾਈ ਵੀਡੀਓ, ਹੁਣ ਅਮਰੀਕਾ ਪਹੁੰਚ ਕਰ 'ਤਾ ਇੱਕ ਹੋਰ ਕਾਂਡ

ਦੋਰਾਹਾ 11 ਮਈ। ਸੋਸਲ ਨੈੱਟਵਰਕ ਸਾਈਟ ਫੇਸਬੁੱਕ 'ਤੇ ਦੋਸਤੀ ਕਰਨ ਤੋਂ ਬਾਅਦ ਇਕ ਮੁੰਡੇ ਵੱਲੋਂ ਆਪਣੀ ਦੋਸਤ ਬਣੀ ਕੁੜੀ ਨੂੰ ਧੋਖੇ ਨਾਲ ਹੋਟਲ 'ਚ ਲਿਜਾ ਕੇ ਉਸ ਨਾਲ ਜਬਰ-ਜ਼ਿਨਾਹ ਕਰਨ ਉਪਰੰਤ ਵਿਦੇਸ਼ ਦੌੜ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਬਰ-ਜ਼ਿਨਾਹ ਦਾ ਸ਼ਿਕਾਰ ਹੋਈ ਕੁੜੀ ਨੇ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਦੱਸਿਆ ਕਿ ਹਰਜਿੰਦਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਬੇਗੋਵਾਲ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਨਾਲ ਉਸ ਦੀ ਫੇਸਬੁੱਕ 'ਤੇ ਸਾਲ 2020 'ਚ ਗੱਲਬਾਤ ਹੋਈ ਜੋ ਪੀੜਤਾ ਨੂੰ ਪਸੰਦ ਕਰਦਾ ਸੀ ਅਤੇ ਵਿਆਹ ਕਰਵਾਉਣਾ ਚਾਹੁੰਦਾ ਸੀ। ਮੁਲਜਮ ਹਰਜਿੰਦਰ ਸਿੰਘ, ਉਸ ਨੂੰ ਪਰਿਵਾਰਕ ਮੈਂਬਰਾਂ ਨਾਲ ਫੋਨ 'ਤੇ ਗੱਲ ਕਰਵਾਉਣ ਦੇ ਬਹਾਨੇ ਨਾਲ ਹੋਟਲ ਦੇ ਕਮਰੇ 'ਚ ਲੈ ਗਿਆ ਅਤੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਬਾਅਦ 'ਚ ਵਿਆਹ ਕਰਵਾਉਣ ਦੇ ਬਹਾਨੇ ਉਸ ਨਾਲ ਜਬਰਦਸਤੀ ਸਰੀਰਕ ਸਬੰਧ ਬਣਾਉਂਦਾ ਰਿਹਾ। ਇਸ ਦੌਰਾਨ ਉਸਦੀਆਂ ਫੋਟੋਆਂ ਵੀ ਖਿੱਚੀਆਂ ਤੇ ਵੀਡੀਓ ਵੀ ਬਣਾਈ। ਅਗਸਤ 2022 'ਚ ਮੁਲਜਮ ਹਰਜਿੰਦਰ ਸਿੰਘ ਉਸਨੂੰ ਗੁੰਮਰਾਹ ਕਰਦਾ ਹੋਇਆ ਸਪੇਨ ਚਲਾ ਗਿਆ। ਉਪਰੰਤ ਅੱਗੇ ਅਮਰੀਕਾ ਚਲਾ ਗਿਆ। ਹੁਣ ਮੁਲਜਮ ਨੇ ਉਸ ਨਾਲ ਵਿਆਹ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ ਹੈ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ ਦੋਰਾਹਾ ਪੁਲਸ ਨੇ ਮੁਲਜਮ ਹਰਜਿੰਦਰ ਸਿੰਘ ਖ਼ਿਲਾਫ ਕੇਸ ਦਰਜ ਕੀਤਾ ਹੈ।

## ਹਾਂਗਕਾਂਗ ਵਲੋਂ ਵੱਡਾ ਐਲਾਨ : ਵਿਦੇਸ਼ੀ ਘਰ ਖਰੀਦਦਾਰਾਂ ਅਤੇ ਸ਼ੇਅਰ ਕਾਰੋਬਾਰੀਆਂ ਲਈ ਟੈਕਸਾਂ 'ਚ ਕੀਤੀ ਕਟੌਤੀ

ਹਾਂਗਕਾਂਗ 11 ਮਈ। ਹਾਂਗਕਾਂਗ ਨੇ ਬਾਜਾਰ ਨੂੰ ਉਤਸ਼ਾਹ ਦੇਣ ਲਈ ਕੁੱਝ ਘਰ ਖਰੀਦਦਾਰਾਂ ਅਤੇ ਸ਼ੇਅਰ ਕਾਰੋਬਾਰੀਆਂ ਲਈ ਟੈਕਸਾਂ 'ਚ ਬੁੱਧਵਾਰ ਨੂੰ ਕਟੌਤੀ ਕੀਤੀ। ਇਸ ਕਦਮ ਦਾ ਮਕਸਦ ਸ਼ਹਿਰ ਦੀ ਗਲੋਬਲ ਵਿੱਤੀ ਕੇਂਦਰ ਵਜੋਂ ਸਾਖ ਕਾਇਮ ਰੱਖਣਾ ਹੈ। ਮੁੱਖ ਕਾਰਜਕਾਰੀ ਜਾਨ ਲੀ ਨੇ ਕਿਹਾ ਕਿ ਰਿਹਾਇਸ਼ੀ ਖਰੀਦਦਾਰਾਂ ਅਤੇ ਵਧੇਰੇ ਜਾਇਦਾਦ ਖਰੀਦਣ ਦੇ ਇਛੁੱਕ ਮੌਜੂਦਾ ਸਥਾਨਕ ਮਕਾਨ ਮਾਲਕਾਂ 'ਤੇ ਲਗਾਈ ਜਾਣ ਵਾਲੇ ਵਾਧੂ ਸਟੈਂਪ ਡਿਊਟੀ ਨੂੰ ਅੱਧਾ ਕਰ ਦਿੱਤਾ ਜਾਏਗਾ। ਸਾਲਾਨਾ ਨੀਤੀ ਸੰਬੋਧਨ ਵਿਚ ਲੀ ਨੇ ਸ਼ੇਅਰ ਦੀ ਖਰੀਦੋ-ਫਰੋਖਤ 'ਤੇ ਸਟੈਂਪ ਡਿਊਟੀ ਨੂੰ 0.13 ਫੀਸਦੀ ਤੋਂ ਘਟਾ ਕੇ 0.1 ਫੀਸਦੀ ਕਰਨ ਦੀ ਯੋਜਨਾ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਕ ਵਿੱਤੀ ਕੇਂਦਰ ਵਜੋਂ ਸ਼ਹਿਰ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਇਕ ਵਾਈਬ੍ਰੈਂਟ ਸ਼ੇਅਰ ਬਾਜਾਰ ਅਹਿਮ ਹੈ। ਅਧਿਕਾਰਕ ਅੰਕੜਿਆਂ ਮੁਤਾਬਕ ਪਿਛਲੇ ਦਸੰਬਰ 'ਚ ਘਰ ਦੀਆਂ ਕੀਮਤਾਂ 'ਚ ਸਾਲਾਨਾ ਆਧਾਰ 'ਤੇ 15 ਫੀਸਦੀ ਦੀ ਗਿਰਾਵਟ ਆਈ ਅਤੇ 2022 ਵਿਚ ਰਿਹਾਇਸ਼ੀ ਜਾਇਦਾਦ ਲੈਣ-ਦੇਣ 39 ਫੀਸਦੀ ਘਟ ਗਿਆ ਹੈ। ਹਾਲਾਂਕਿ ਹਾਂਗਕਾਂਗ ਦੀ



ਜਾਇਦਾਦ ਸਲਾਹਕਾਰ ਜੋਨਸ ਲੈਂਗ ਲਾਸਾਲੇ ਦੇ ਚੇਅਰਮੈਨ ਜੋਸਫ ਤਸਾਂਗ ਨੇ ਕਿਹਾ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਲੀ ਦੇ ਕੁੱਝ ਪ੍ਰਾਪਰਟੀ ਟੈਕਸ 'ਚ ਕਟੌਤੀ ਕਰਨ ਦਾ ਬਾਜਾਰ 'ਤੇ ਸੀਮਤ ਪ੍ਰਭਾਵ ਪਵੇਗਾ। ਲੀ ਵਲੋਂ ਐਲਾਨੀਆਂ ਹੋਰ ਨੀਤੀਗਤ ਵਿਸ਼ੇਸ਼ਤਾਵਾਂ 'ਚ ਨਿਵੇਸ਼ਕਾਂ ਲਈ ਇਕ ਐਂਟਰੀ ਪ੍ਰੋਗਰਾਮ ਅਤੇ ਨਵਜੰਮੇ ਬੱਚਿਆਂ ਦੇ ਮਾਤਾ-ਪਿਤਾ ਨੂੰ 20,000 ਹਾਂਗਕਾਂਗ ਡਾਲਰ (2,556 ਅਮਰੀਕੀ ਡਾਲਰ) ਦਾ ਨਕਦ ਬੋਨਸ ਸ਼ਾਮਲ ਹੈ।

## ਪੰਜਾਬ ਵਿਚ ਫੜਿਆ ਗਿਆ ਵੱਡਾ ਅੱਤਵਾਦੀ ਗਿਰੋਹ, ਭਾਰੀ ਗਿਣਤੀ 'ਚ ਹਥਿਆਰ ਬਰਾਮਦ

ਚੰਡੀਗੜ੍ਹ 11 ਮਈ। ਐੱਸ. ਏ. ਐੱਸ. ਨਗਰ ਪੁਲਸ ਨੇ ਵੱਡੀ ਸਫਲਤਾ ਹਾਸਲ ਕਰਦੇ ਹੋਏ ਇਕ ਖਤਰਨਾਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਸ ਦੇ ਨਾਲ ਹੀ ਪੁਲਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ 4 ਕਾਰਕੁੰਨਾਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਬੱਬਰ ਖਾਲਸਾ ਕਾਰਕੁੰਨਾਂ ਨੂੰ ਪੰਜਾਬ ਵਿਚ ਟਾਰਗਿਟ ਕਿਲਿੰਗ ਦਾ ਕੰਮ ਸੌਂਪਿਆ ਗਿਆ ਹੈ। ਇਸ ਦੀ ਜਾਣਕਾਰੀ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ ਹੈ। ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੱਤਵਾਦੀ ਮਾਡਿਊਲ ਨੂੰ ਟਾਰਗਿਟ ਕਿਲਿੰਗ ਲਈ ਡਰੋਨ ਰਾਹੀਂ ਹਥਿਆਰਾਂ ਦੀ ਸਪਲਾਈ ਦਿੱਤੀ ਗਈ ਸੀ। ਇਸ ਮਾਡਿਊਲ ਨੂੰ ਪਾਕਿਸਤਾਨ ਅਧਾਰਿਤ ਅੱਤਵਾਦੀ ਹਰਵਿੰਦਰ ਰਿੰਦਾ ਦਾ ਸਮਰਥਨ ਹਾਸਲ ਸੀ ਜੋ ਆਈ. ਐੱਸ. ਆਈ. ਦੀ ਮਦਦ ਨਾਲ ਇਨ੍ਹਾਂ ਨੂੰ ਹਥਿਆਰ ਅਤੇ ਹੋਰ ਮਦਦ ਮੁਹੱਈਆ ਕਰਵਾਉਂਦਾ ਸੀ। ਫੜੇ ਗਏ ਅੱਤਵਾਦੀਆਂ ਤੋਂ 6 ਪਿਸਤੌਲ ਅਤੇ 275 ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ। ਮੁੱਖ ਮੰਤਰੀ ਦੇ ਵਿਜਨ ਅਨੁਸਾਰ ਸੂਬੇ ਵਿਚ ਸਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਲਈ ਵਚਨਬੱਧ ਹਾਂ।

## ਤਰਨਤਾਰਨ ਜ਼ਿਲ੍ਹੇ 'ਚ ਸਿਹਤ ਅਫਸਰ ਦੀ ਅਗਵਾਈ ਹੇਠ 15 ਖਾਣ-ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਸੀਲ

ਤਰਨਤਾਰਨ 11 ਮਈ। ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਸਿਹਤ ਵਿਭਾਗ ਵਲੋਂ ਆਏ ਦਿਨ ਵੱਖ-ਵੱਖ ਦੁਕਾਨਾਂ ਦੀ ਚੈਕਿੰਗ ਕਰਦੇ ਹੋਏ ਮਿਲਾਵਟਖੋਰਾਂ ਅਤੇ ਘਟੀਆ ਮਟੀਰੀਅਲ ਨਾਲ ਖਾਣ-ਪੀਣ ਵਾਲੀਆਂ ਵਸਤੂਆਂ ਤਿਆਰ ਕਰਨ ਵਾਲਿਆਂ ਖ਼ਿਲਾਫ ਸਖਤ ਐਕਸ਼ਨ ਲਿਆ ਹੈ। ਸਿਹਤ ਵਿਭਾਗ ਵੱਲੋਂ ਸੈਂਪਲ ਭਰੇ ਜਾ ਰਹੇ ਹਨ ਉੱਥੇ ਹੀ ਨਾ ਖਾਣ ਯੋਗ ਵਸਤੂਆਂ ਨੂੰ ਮੌਕੇ 'ਤੇ ਨਸ਼ਟ ਕਰਨ ਦੀ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਲੜੀ ਦੇ ਤਹਿਤ ਤਰਨਤਰਨ ਸ਼ਹਿਰ ਤੋਂ ਇਲਾਵਾ ਸਰਹੱਦੀ ਪਿੰਡ ਖਾਲੜਾ, ਭਿੱਖੀਵਿੰਡ ਵਿਖੇ ਮੌਜੂਦ ਵੱਖ-ਵੱਖ ਹਲਵਾਈ ਅਤੇ ਹੋਰ ਦੁਕਾਨਾਂ ਦੀ ਚੈਕਿੰਗ ਕਰਦੇ ਹੋਏ ਕੁੱਲ 15 ਵਸਤੂਆਂ ਦੇ ਸੈਂਪਲ ਸੀਲ ਕਰਦੇ ਹੋਏ ਲੈਬਾਰਟਰੀ ਜਾਂਚ ਲਈ ਭੇਜ ਦਿੱਤੇ ਗਏ ਹਨ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿਹਤ ਅਫਸਰ ਲਖਵੀਰ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਵਲੋਂ ਮਿਲੇ ਸਖਤ ਹੁਕਮਾਂ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਅੰਦਰ ਲਗਾਤਾਰ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚੈਕਿੰਗ ਕਰਦੇ ਹੋਏ




ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਤਰਨਤਰਨ ਸ਼ਹਿਰ ਤੋਂ ਇਲਾਵਾ ਕਸਬਾ ਭਿੱਖੀਵਿੰਡ ਅਤੇ ਖਾਲੜਾ ਵਿਖੇ ਮੌਜੂਦ ਵੱਖ-ਵੱਖ ਹਲਵਾਈ ਅਤੇ ਹੋਰ ਦੁਕਾਨਦਾਰਾਂ ਦੀ ਅਚਾਨਕ ਚੈਕਿੰਗ ਕਰਦੇ ਹੋਏ ਕੁੱਲ 15 ਸੈਂਪਲ ਸੀਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕਈ ਹਲਵਾਈ ਦੀਆਂ ਦੁਕਾਨਾਂ ਉੱਪਰ ਸਾਫ ਸੁਥਰਾ ਮਾਹੌਲ ਵੇਖਣ ਨੂੰ ਮਿਲਿਆ ਅਤੇ ਮਿਠਾਈਆਂ ਨੂੰ ਢੱਕ ਕੇ ਰੱਖਿਆ ਹੋਇਆ ਸੀ ਪਰ ਕੁਝ ਦੁਕਾਨਾਂ 'ਤੇ ਗੰਦਗੀ ਪਾਈ ਗਈ। ਜਿਨ੍ਹਾਂ ਨੂੰ ਸਖਤੀ ਨਾਲ ਤਾੜਨਾ ਜਾਰੀ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਕਟਰ ਲਖਵੀਰ ਸਿੰਘ ਨੇ ਦੱਸਿਆ ਕਿ ਸਿਹਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਲੜਾਈ ਦਾ ਬਦਲਾ ਲੈਣ ਜਾ ਰਹੇ ਨੌਜਵਾਨਾਂ ਨਾਲ ਰਾਹ 'ਚ ਹੀ ਵਾਪਰ ਗਿਆ ਭਾਣਾ, ਮੌਤ ਦੀ ਵਜ੍ਹਾ ਬਣੇ ਆਪਣੇ ਹੀ ਹਥਿਆਰ

ਚੰਡੀਗੜ੍ਹ 11 ਮਈ। ਸ਼ੁੱਕਰਵਾਰ ਰਾਤ ਰਾਮਦਰਬਾਰ ਮੋੜ ਨੇੜੇ ਚਾਕੂ ਨਾਲ ਕੀਤੇ ਹਮਲੇ ਦਾ ਬਦਲਾ ਲੈਣ ਜਾ ਰਹੇ ਦੋ ਨਾਬਾਲਿਗਾਂ ਦੀ ਐਕਟਿਵਾ ਫਿਸਲ ਗਈ। ਜਿਵੇਂ ਹੀ ਇਹ ਸੜਕ 'ਤੇ ਡਿੱਗੀ ਤਾਂ ਐਕਟਿਵਾ ਦੇ ਪਿੱਛੇ ਬੈਠੇ 17 ਸਾਲਾ ਨਾਬਾਲਿਗ ਦੀ ਛਾਤੀ 'ਚ ਅਤੇ ਡਰਾਈਵਰ ਦੇ ਢਿੱਡ 'ਚ ਚਾਕੂ ਲੱਗ ਗਿਆ ਅਤੇ ਉਹ ਲਹੂ-ਲੁਹਾਨ ਹੋ ਗਿਆ। ਪੁਲਸ ਨੇ ਦੋਵਾਂ ਨੂੰ ਜੀ. ਐੱਮ. ਸੀ. ਐੱਚ. ਸੈਕਟਰ-32 ਵਿਚ ਭਰਤੀ ਕਰਵਾਇਆ, ਜਿੱਥੇ ਡਾਕਟਰਾਂ ਨੇ ਪਿੱਛੇ ਬੈਠੇ ਰਾਮਦਰਬਾਰ ਦੇ ਰਹਿਣ ਵਾਲੇ 17 ਸਾਲਾ ਅਮਨ ਨੂੰ ਮ੍ਰਿਤਕ ਐਲਾਨ ਦਿੱਤਾ, ਜਦਕਿ ਡਰਾਈਵਰ ਜੀਹਾਨ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕ ਸੈਕਟਰ-47 ਸਥਿਤ ਸੈਂਟਰਲ ਸਕੂਲ ਵਿਚ 11ਵੀਂ ਜਮਾਤ ਦਾ ਵਿਦਿਆਰਥੀ ਸੀ। ਸੈਕਟਰ-31 ਥਾਣਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ। ਜ਼ਖਮੀ ਜੀਹਾਨ ਦੇ ਬਿਆਨਾਂ ਮੁਤਾਬਕ ਹਾਦਸਾ ਐਕਟਿਵਾ ਫਿਸਲਣ ਕਾਰਨ ਵਾਪਰਿਆ। ਸੈਕਟਰ-31 ਥਾਣਾ ਪੁਲਸ ਨੇ ਲਾਸ਼ ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਇਹ ਘਟਨਾ ਸ਼ੁੱਕਰਵਾਰ ਰਾਤ 9.30 ਵਜੇ ਦੀ ਹੈ। ਰਾਮਦਰਬਾਰ ਦਾ ਰਹਿਣ ਵਾਲਾ 16 ਸਾਲਾ ਜੀਹਾਨ ਆਪਣੇ 17 ਸਾਲਾ ਦੋਸਤ ਅਮਨ ਨੂੰ ਐਕਟਿਵਾ ਦੇ ਪਿੱਛੇ ਬਿਠਾ ਕੇ ਹਮਲੇ ਦਾ ਬਦਲਾ ਲੈਣ ਜਾ ਰਿਹਾ ਸੀ। ਜਦੋਂ ਦੋਵੇਂ ਰਾਮਦਰਬਾਰ ਦੇ ਮੋੜ ਨੇੜੇ ਪਹੁੰਚੇ ਤਾਂ ਐਕਟਿਵਾ ਫਿਸਲ ਗਈ ਅਤੇ ਪੇਟੀ ਨੇੜੇ ਰੱਖਿਆ ਚਾਕੂ ਦੋਵਾਂ ਨਾਬਾਲਿਗਾਂ ਦੀ ਛਾਤੀ ਵਿਚ ਵੱਜ ਗਿਆ ਅਤੇ ਖੂਨ ਵਗਣ ਲੱਗਾ। ਉਥੋਂ ਜਾ ਰਹੇ ਇਕ ਨੌਜਵਾਨ ਨੇ ਦੋਵਾਂ ਨੂੰ ਜੀ. ਐੱਮ. ਸੀ. ਐੱਚ.-32 ਵਿਖੇ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਅਮਨ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਨੇ ਦੱਸਿਆ ਕਿ ਅਮਨ ਦੇ ਦਿਲ ਦੇ ਕੋਲ ਚਾਕੂ ਵੱਜਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ, ਜਦਕਿ ਜੀਹਾਨ ਦੇ ਪੇਟ 'ਚ ਚਾਕੂ ਵੱਜਾ ਸੀ। ਉਸ ਦੀ ਹਾਲਤ ਠੀਕ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀ. ਐੱਸ. ਪੀ. ਦਲਬੀਰ ਸਿੰਘ ਅਤੇ ਸੈਕਟਰ-31 ਥਾਣਾ ਇੰਚਾਰਜ਼ ਰਾਮ ਰਤਨ ਪੁਲਸ ਟੀਮ ਨਾਲ ਮੌਕੇ 'ਤੇ ਪੁੱਜੇ।

## ਹੁਣ ਈ-ਕਾਮਰਸ ਕੰਪਨੀਆਂ ਗਾਹਕਾਂ ਨੂੰ ਨਹੀਂ ਲਾ ਸਕਣਗੀਆਂ ਚੂਨਾ, 'ਡਾਰਕ ਪੈਟਰਨ' 'ਤੇ ਸਿਕੰਜਾ ਕੱਸੇਗੀ ਸਰਕਾਰ

ਨਵੀਂ ਦਿੱਲੀ 11 ਮਈ। ਤਿਓਹਾਰਾਂ ਦੇ ਸੀਜਨ 'ਚ ਈ-ਕਾਮਰਸ ਕੰਪਨੀਆਂ ਦੀ ਸੇਲ ਦੀ ਸਾਰਿਆਂ ਨੂੰ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਲੋਕ ਆਪਣੀ ਸ਼ਾਪਿੰਗ ਲਿਸਟ ਅਤੇ ਬਜਟ ਤਿਆਰ ਕਰਦੇ ਹਨ ਪਰ ਕਈ ਵਾਰ ਗਾਹਕਾਂ ਨੂੰ ਲੁਭਾਉਣ ਲਈ ਕੰਪਨੀਆਂ ਅਜਿਹੀਆਂ ਮਾਰਕੀਟਿੰਗ ਰਣਨੀਤੀਆਂ ਅਪਣਾਉਂਦੀਆਂ ਹਨ, ਜੋ ਅਖੀਰ 'ਚ ਗਾਹਕਾਂ ਨੂੰ ਹੀ ਚੂਨਾ ਲਾ ਦਿੰਦੀਆਂ ਹਨ। ਹੁਣ ਇਹ ਹੋਰ ਜ਼ਿਆਦਾ ਦਿਨ ਨਹੀਂ ਚੱਲੇਗਾ, ਕਿਉਂਕਿ ਸਰਕਾਰ ਨੇ ਈ-ਕਾਮਰਸ ਕੰਪਨੀਆਂ ਦੇ ਇਨ੍ਹਾਂ ਤੌਰ-ਤਰੀਕਿਆਂ 'ਤੇ ਲਗਾਮ ਕੱਸਣ ਦੀ ਤਿਆਰੀ ਕਰ ਲਈ ਹੈ। ਕੰਪਨੀਆਂ ਦੇ ਇਸ ਮਾਰਕੀਟਿੰਗ ਸਟਾਈਲ ਨੂੰ 'ਡਾਰਕ ਪੈਟਰਨ' ਕਿਹਾ ਜਾਂਦਾ ਹੈ। ਦੱਸ ਦੇਈਏ ਕਿ ਸਰਕਾਰ ਨੇ ਈ-ਕਾਮਰਸ ਕੰਪਨੀਆਂ ਨੂੰ ਇਸ ਸਬੰਧ ਵਿੱਚ ਸੈਲਫ ਰੈਗੂਲੇਸ਼ਨ ਕਰਨ ਲਈ ਕਿਹਾ ਸੀ। ਕੰਪਨੀ ਇਸ ਕੰਮ 'ਚ ਅਸਫਲ ਰਹੀਆਂ ਹਨ, ਇਸ ਲਈ ਹੁਣ ਖਪਤਕਾਰ ਮਾਮਲਿਆਂ ਦਾ ਮੰਤਰਾਲਾ ਇਸ ਨੂੰ ਲੈ ਕੇ ਗਾਈਡਲਾਈਨਜ ਜਾਰੀ ਕਰਨ ਜਾ ਰਿਹਾ ਹੈ। ਮੰਤਰਾਲਾ ਦੇ ਸਕੱਤਰ ਇਨ੍ਹਾਂ ਗਾਈਡਲਾਈਨਜਰ ਨੂੰ ਅੱਜ ਹੀ ਜਾਰੀ ਕਰ ਸਕਦੇ ਹਨ। ਇਨ੍ਹਾਂ ਗਾਈਡਲਾਈਨਜ ਦੇ ਆਉਣ ਤੋਂ ਬਾਅਦ ਈ-ਕਾਮਰਸ ਕੰਪਨੀਆਂ ਨੂੰ ਆਪਣੀ 'ਡਾਰਕ ਪੈਟਰਨ' ਮਾਰਕੀਟਿੰਗ 'ਤੇ ਰੋਕ ਲਗਾਉਣੀ ਹੋਵੇਗੀ। ਈ-ਕਾਮਰਸ ਕੰਪਨੀਆਂ ਆਪਣੇ ਗਾਹਕਾਂ ਨੂੰ ਕਈ ਤਰ੍ਹਾਂ ਲੁਭਾਉਂਦੀਆਂ ਹਨ। ਇਸ ਵਿੱਚ ਫੈਸਟਿਵ ਸੀਜਨ ਸੇਲ ਵੀ ਸ਼ਾਮਲ ਹੈ ਪਰ ਇਸ ਨੂੰ ਲੈ ਕੇ ਕਾਫੀ ਹੱਦ ਤੱਕ ਨਿਯਮ-ਫਾਇਦੇ ਬਣ ਚੁੱਕੇ ਹਨ ਪਰ ਕਈ ਵਾਰ



ਇਨ੍ਹਾਂ ਨੂੰ ਸੇਲ ਦਰਮਿਆਨ ਕੁੱਝ ਕੰਮ ਅਜਿਹੇ ਹੁੰਦੇ ਹਨ, ਜੋ ਕੰਪਨੀਆਂ ਦੇ 'ਡਾਰਕ ਪੈਟਰਨ' ਮਾਰਕੀਟਿੰਗ ਦਾ ਸਟਾਈਲ ਹੈ। ਕੀ ਕਦੀ ਤੁਹਾਡੇ ਨਾਲ ਅਜਿਹਾ ਹੋਇਆ ਹੈ ਕਿ ਤੁਹਾਡੀ ਸ਼ਾਪਿੰਗ ਕਾਰਟ 'ਚ ਖੁਦ-ਬ-ਖੁਦ ਹੀ ਕੋਈ ਪ੍ਰੋਡਕਟ ਜੁੜ ਗਿਆ ਹੋਵੇ। ਤੁਹਾਨੂੰ ਆਰਡਰ ਕਰਨ ਤੋਂ ਪਹਿਲਾਂ ਉਸ ਨਾਲ ਜੁੜੀ ਫੀਸ ਬਾਰੇ ਸੂਚਿਤ ਨਹੀਂ ਕੀਤਾ ਜਾਂਦਾ ਹੈ। ਕਿਸੇ ਸਪੈਸ਼ਲ ਪ੍ਰੋਡਕਟ 'ਤੇ ਡਿਸਕਾਊਂਟ ਦੀ ਡੀਲ ਲਈ ਅਜਿਹਾ ਲਿਖਿਆ ਗਿਆ ਹੋਵੇ ਕਿ 'ਸਿਰਫ ਇਕ ਘੰਟੇ ਦਾ ਸਮਾਂ ਬਚਿਆ ਹੈ' ਜਾਂ ਤੁਹਾਨੂੰ ਡਲਿਵਰੀ ਲਈ ਘੱਟੋ-ਘੱਟ ਆਰਡਰ ਦੀ ਲਿਮਟ ਦਾ ਸਾਹਮਣਾ ਕਰਨਾ ਪਿਆ ਹੋਵੇ। ਇਹ ਸਾਰੇ ਡਾਰਕ ਪੈਟਰਨ ਮਾਰਕੀਟਿੰਗ ਦੇ ਤੌਰ-ਤਰੀਕੇ ਹਨ। ਇਸ ਦੇ ਰਾਹੀਂ ਈ-ਕਾਮਰਸ ਕੰਪਨੀਆਂ ਖਪਤਕਾਰਾਂ ਦਾ ਸੋਸ਼ਣ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਵਧੇਰੇ ਖਰਚ ਕਰਨ ਲਈ ਮਜਬੂਰ ਕਰਦੀਆਂ ਹਨ। ਕਈ ਵਾਰ ਕੰਪਨੀਆਂ ਕੁੱਝ ਸਪੈਸ਼ਲ ਪ੍ਰੋਡਕਟ ਨੂੰ ਖਾਸ ਤਰਜੀਹ ਦਿੰਦੀਆਂ ਹਨ। ਖਪਤਕਾਰਾਂ ਨੂੰ ਗਲਤ ਵਿਗਿਆਪਨ ਦਿਖਾਉਣਾ ਅਤੇ ਵੱਖ-ਵੱਖ ਆਈਟਮ ਦੇ ਹਿਸਾਬ ਨਾਲ ਇਕ ਹੀ ਈ-ਕਾਮਰਸ ਸਾਈਟ ਨੂੰ ਕਈ ਹਿੱਸਿਆਂ 'ਚ ਵੰਡਣਾ ਵੀ ਕੰਪਨੀਆਂ ਦੇ ਇਸੇ ਵਿਵਹਾਰ 'ਚ ਸ਼ਾਮਲ ਹੈ। ਸਰਕਾਰ ਨੇ ਈ-ਕਾਮਰਸ ਕੰਪਨੀਆਂ ਨਾਲ ਜੂਨ ਵਿੱਚ ਇਕ ਬੈਠਕ ਕੀਤੀ ਸੀ। ਉਨ੍ਹਾਂ ਨੂੰ 'ਡਾਰਕ ਪੈਟਰਨ' ਨੂੰ ਲੈ ਕੇ ਸੈਲਫ-ਰੈਗੂਲੇਸ਼ਨ ਕਰਨ ਦੀ ਗੱਲ ਕਹੀ ਗਈ ਸੀ ਪਰ ਕੰਪਨੀਆਂ ਇਸ ਕੰਮ ਨੂੰ ਸਹੀ ਤਰੀਕੇ ਨਾਲ ਪੂਰਾ ਨਹੀਂ ਕਰ ਸਕੀਆਂ ਹਨ, ਇਸ ਲਈ ਹੁਣ ਸਰਕਾਰ ਇਸ 'ਤੇ ਗਾਈਡਲਾਈਨਜ ਲੈ ਕੇ ਆ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਪਾ ਸੈਂਟਰਾਂ 'ਚ ਚੱਲ ਰਿਹੈ ਗੰਦਾ ਧੰਦਾ ! ਕੁਝ ਪੈਸਿਆਂ 'ਚ ਜਿਸਮ ਵੇਚ ਰਹੀਆਂ ਨੇ ਰਸ਼ੀਅਨ ਤੇ ਥਾਈ ਕੁੜੀਆਂ

ਲੁਧਿਆਣਾ 11 ਮਈ। ਮਹਾਨਗਰ ਦੇ ਜ਼ਿਆਦਾਤਰ ਸਪਾ ਸੈਂਟਰਾਂ 'ਚ ਜਿਸਮਫਿਰੋਸ਼ੀ ਦਾ ਧੰਦਾ ਫੁਲ ਸਪੀਡ ਨਾਲ ਚੱਲ ਰਿਹਾ ਹੈ। 'ਜਗ ਬਾਣੀ' ਵੱਲੋਂ ਕਈ ਵਾਰ ਪ੍ਰਸ਼ਾਸਨ ਨੂੰ ਚਿਤਾਉਣ ਦਾ ਯਤਨ ਕੀਤਾ ਗਿਆ ਹੈ ਪਰ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕ ਰਹੀ। 'ਜਗ ਬਾਣੀ' ਦੀ ਟੀਮ ਨੇ 50 ਤੋਂ ਜ਼ਿਆਦਾ ਸਪਾ ਸੈਂਟਰਾਂ ਦੀ ਗੁਪਤ ਢੰਗ ਨਾਲ ਛਾਣਬੀਨ ਕੀਤੀ ਤਾਂ ਪਤਾ ਲੱਗਾ ਕਿ ਥਾਈਲੈਂਡ ਦੀਆਂ ਲੜਕੀਆਂ ਅਤੇ 6 ਅਫਰੀਕਨ ਅਤੇ 2 ਰਸ਼ੀਅਨ ਲੜਕੀਆਂ ਜਿਸਮਫਿਰੋਸ਼ੀ ਦਾ ਧੰਦਾ ਕਰ ਰਹੀਆਂ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਲੜਕੀਆਂ ਜਿਸਮਫਿਰੋਸ਼ੀ ਦਾ ਧੰਦਾ ਕਰ ਰਹੀਆਂ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਲੜਕੀਆਂ ਟੂਰਿਸਟ ਵੀਜ਼ਾ 'ਤੇ ਭਾਰਤ 'ਚ ਆਈਆਂ ਹਨ। ਸੂਤਰਾਂ ਅਨੁਸਾਰ ਇਨ੍ਹਾਂ 48 ਲੜਕੀਆਂ 'ਚੋਂ ਸਿਰਫ 3 ਥਾਈ ਲੜਕੀਆਂ ਕੋਲ ਵਰਕ ਪਰਮਿਟ ਹਨ ਪਰ ਵਰਕ ਪਰਮਿਟ ਅਨੈਤਿਕ ਕਾਰਜਾਂ ਲਈ ਨਹੀਂ ਹੈ। ਇਸ ਤਰ੍ਹਾਂ ਨਹੀਂ ਹੈ ਕਿ ਸਿਰਫ ਥਾਈਲੈਂਡ, ਰਸ਼ੀਆ ਅਤੇ ਅਫਰੀਕਾ ਦੀਆਂ ਲੜਕੀਆਂ ਹੀ ਜਿਸਮਫਿਰੋਸ਼ੀ ਦੀ ਧੰਦੇ 'ਚ ਸ਼ਾਮਲ ਹਨ, ਜਦਕਿ ਨਾਰਥ ਇੰਡੀਆ ਦੀ ਗੱਲ ਕਰੀਏ ਤਾਂ ਪੰਜਾਬ, ਜੰਮੂ ਦਿੱਲੀ, ਹਰਿਆਣਾ ਯੂ. ਪੀ. ਅਤੇ ਨਾਰਥ ਈਸਟ ਭਾਰਤ ਤੋਂ ਮਣੀਪੁਰ, ਨਾਗਾਲੈਂਡ, ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ ਸਮੇਤ ਕਈ ਹੋਰ ਰਾਜਾਂ ਦੀਆਂ ਲਗਭਗ 1200 ਤੋਂ ਜ਼ਿਆਦਾ ਲੜਕੀਆਂ ਮਹਾਨਗਰ ਦੇ ਵੱਖ-ਵੱਖ ਸਪਾ ਸੈਂਟਰਾਂ 'ਚ ਅਨੈਤਿਕ ਤੌਰ 'ਤੇ ਜਿਸਮਫਿਰੋਸ਼ੀ ਕਰ ਰਹੀਆਂ ਹਨ। ਇਨ੍ਹਾਂ 'ਚੋਂ ਸਿਰਫ ਕੁਝ ਹੀ ਇਸ ਤਰ੍ਹਾਂ ਦੀਆਂ ਲੜਕੀਆਂ ਹੋਣਗੀਆਂ, ਜੋ ਕਿ ਸਪਾ ਸੈਂਟਰ 'ਚ ਮਸਾਜ ਦੀ ਸੇਵਾ ਕਰ ਕੇ ਸਹੀ ਢੰਗ ਨਾਲ ਨਿਯਮਾਂ ਦੀ ਪਾਲਣਾ ਕਰ ਰਹੀਆਂ ਹਨ, ਨਹੀਂ ਤਾਂ ਜ਼ਿਆਦਾਤਰ ਲੜਕੀਆਂ ਸਿਰਫ ਅਨੈਤਿਕ ਕਾਰਜਾਂ ਨੂੰ ਅੰਜਾਮ ਦੇ ਰਹੀਆਂ ਹਨ, ਜਿਸ ਕਾਰਨ ਸਭ ਤੋਂ ਜ਼ਿਆਦਾ ਨੌਜਵਾਨ ਪੀੜ੍ਹੀ 'ਤੇ ਇਸ ਦਾ ਬੁਰਾ ਅਸਰ ਪੈ ਰਿਹਾ ਹੈ। ਟੀਮ ਜਦ ਸਪਾ ਸੈਂਟਰ 'ਚ ਗਈ ਜਿਥੇ ਥਾਈਲੈਂਡ ਦੀਆਂ ਲੜਕੀਆਂ ਕੰਮ ਕਰ ਰਹੀਆਂ ਹਨ, ਤਾਂ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਪੁਲਸ ਵਿਭਾਗ ਦੇ ਇਕ ਉੱਚ ਅਧਿਕਾਰੀ ਦਾ ਸਮਰਥਨ ਪ੍ਰਾਪਤ ਹੈ। ਹੁਣ ਉਹ ਕਿਹੜਾ ਪੁਲਸ ਉੱਚ ਅਧਿਕਾਰੀ ਹੈ, ਜਿਸ ਦਾ ਇਨ੍ਹਾਂ ਸਪਾ ਸੈਂਟਰਾਂ ਨੂੰ ਸਮਰਥਨ ਪ੍ਰਾਪਤ ਹੈ, ਉਹ ਤਾਂ ਪੁਲਸ ਦੀ ਉੱਚ ਪੱਧਰੀ ਜਾਂਚ 'ਚ ਹੀ ਖੁਲਾਸਾ ਹੋ ਸਕਦਾ ਹੈ। ਟੀਮ ਨੂੰ ਮਹਾਨਗਰ ਦੇ 14 ਸਪਾ ਸੈਂਟਰ ਇਸ ਤਰ੍ਹਾਂ ਦੇ ਮਿਲੇ, ਜਿਥੇ ਥਾਈਲੈਂਡ ਦੀਆਂ ਲੜਕੀਆਂ ਹਨ। ਛਾਣਬੀਨ ਕਰਨ 'ਤੇ ਪਤਾ ਲੱਗਾ ਕਿ 14 ਇਸ ਤਰ੍ਹਾਂ ਦੇ ਸਪਾ ਸੈਂਟਰਾਂ 'ਚ 5 ਸਪਾ ਸੈਂਟਰ ਇਕ ਹੀ ਮਾਲਕ ਦੇ ਹਨ, ਜਿਨ੍ਹਾਂ ਨੂੰ ਇਕ ਹੀ ਵਿਅਕਤੀ ਦੇ ਨਿਰਦੇਸ਼ਨਾਂ 'ਚ ਚਲਾਇਆ ਜਾ ਰਿਹਾ ਹੈ। ਜਿਥੇ ਲਗਭਗ 20 ਤੋਂ ਜ਼ਿਆਦਾ ਥਾਈਲੈਂਡ ਦੀਆਂ ਲੜਕੀਆਂ ਕੰਮ ਕਰ ਰਹੀਆਂ ਹਨ, ਜਦਕਿ 3 ਸਪਾ ਸੈਂਟਰਾਂ ਦੇ ਇਕ ਮਾਲਕ ਦੀ ਨਿਰਦੇਸ਼ਨਾਂ 'ਚ 2 ਕਰਮਚਾਰੀ ਕੰਮ ਕਰ ਰਹੇ ਹਨ, ਜਿਥੇ 17 ਥਾਈਲੈਂਡ ਦੀਆਂ ਲੜਕੀਆਂ ਕੰਮ ਕਰ ਰਹੀਆਂ ਹਨ। ਲਾਕਡਾਊਨ ਤੋਂ ਬਾਅਦ 2021 ਤੋਂ ਜ਼ਿਆਦਾ ਤੌਂਕ ਸਪਾ ਸੈਂਟਰਾਂ ਦੇ ਧੰਦੇ ਵਿਚ ਕਈ ਗੁਣਾ ਤੇਜ਼ ਆਈ ਹੈ, ਜਿਸ ਦਾ ਮੁੱਖ ਕਾਰਨ ਪੁਲਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਅਨੈਤਿਕ ਕਾਰਜਾਂ ਨੂੰ ਕਰਨ ਵਾਲੇ ਮੁਲਜ਼ਮਾਂ ਨੂੰ ਸਮਰਥਨ ਦੇਣਾ ਹੈ। ਸਪਾ ਸੈਂਟਰਾਂ ਵਿਚ ਨਾ ਤਾਂ ਨਿਯਮਾਂ ਦੀ ਪਾਲਣਾ ਹੁੰਦੀ ਹੈ। ਜਿਵੇਂ ਆਈ. ਡੀ., ਕੈਮਰੇ 'ਚ ਕੁੰਡੀ ਨਾ ਹੋਣਾ, ਕੈਮਰੇ ਚਾਲੂ ਹਾਲਤ 'ਚ ਹੋਣਾ ਇਸ ਤਰ੍ਹਾਂ ਦੇ ਕਈ ਨਿਯਮ ਹਨ, ਜੋ ਕਿ ਸਪਾ ਸੈਂਟਰਾਂ ਵੱਲੋਂ ਪੂਰੇ ਨਹੀਂ ਕੀਤੇ ਜਾ ਰਹੇ ਹਨ। 'ਜਗ ਬਾਣੀ' ਟੀਮ ਨੇ 3 ਪ੍ਰਤੀਨਿਧੀਆਂ ਨੇ 15 ਦਿਨ 'ਚ ਇਨ੍ਹਾਂ 50 ਤੋਂ ਜ਼ਿਆਦਾ ਸਪਾ ਸੈਂਟਰਾਂ ਦੀ ਜਾਂਚ-ਪੜਤਾਲ ਕੀਤੀ ਹੈ। ਸਮੇਂ-ਸਮੇਂ 'ਤੇ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਨੂੰ ਜਿਸਮਫਿਰੋਸ਼ੀ ਦੇ ਧੰਦੇ ਤੋਂ ਜਾਣੂ ਕਰਵਾਇਆ ਗਿਆ ਹੈ ਪਰ ਮਹਾਨਗਰ 'ਚ ਜਿਸਮਫਿਰੋਸ਼ੀ ਦੇ ਧੰਦੇ ਨੂੰ ਲੈ ਕੇ ਪੁਲਸ ਉੱਚ ਅਧਿਕਾਰੀਆਂ ਦੀ ਮਾਨਸਿਕਤਾ ਵੱਖਰੀ ਹੀ ਦਿਖਾਈ ਦਿੱਤੀ। 'ਜਗ ਬਾਣੀ' ਦੇ ਇਕ ਪ੍ਰਤੀਨਿਧੀ ਨੇ ਜਦ ਇਕ ਪੁਲਸ ਉੱਚ ਅਧਿਕਾਰੀ ਤੋਂ ਜਿਸਮਫਿਰੋਸ਼ੀ ਦੇ ਧੰਦੇ ਬਾਰੇ ਗੱਲ ਕੀਤੀ ਤਾਂ ਉਕਤ ਪੁਲਸ ਉੱਚ ਅਧਿਕਾਰੀ ਦਾ ਕਹਿਣਾ ਸੀ ਕਿ ਜਿਸਮਫਿਰੋਸ਼ੀ ਦਾ ਧੰਦਾ ਵੱਡੇ ਕ੍ਰਾਈਮ ਦੇ ਅਧੀਨ ਨਹੀਂ ਆਉਂਦਾ ਹੈ, ਜਿਸਮਫਿਰੋਸ਼ੀ ਕ੍ਰਾਈਮ ਨੂੰ ਕੰਟਰੋਲ ਕਰਨ 'ਚ ਆਪਣੀ ਭੂਮਿਕਾ ਅਦਾ ਕਰਦਾ ਹੈ। ਇਸ ਤਰ੍ਹਾਂ ਪੁਲਸ ਉੱਚ ਅਧਿਕਾਰੀ ਦੀ ਮਾਨਸਿਕਤਾ ਜੇਕਰ ਇਸ ਤਰ੍ਹਾਂ ਦੀ ਹੋਵੇਗੀ ਤਾਂ ਏ. ਸੀ. ਪੀ. ਅਤੇ ਥਾਣਾ ਇੰਚਾਰਜਾਂ ਕੋਲ ਖਾਨਾਪੂਰਤੀ ਕਰਨ ਤੋਂ ਇਲਾਵਾ ਕੀ ਰਸਤਾ ਹੋਵੇਗਾ। ਪੁਲਸ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਇਸ ਬਾਰੇ 'ਚ ਵਿਚਾਰ ਕਰਨਾ ਹੋਵੇਗਾ ਕਿ ਅਨੈਤਿਕ ਕਾਰਜਾਂ ਸਭ ਤੋਂ ਬੁਰਾ ਅਸਰ ਨੌਜਵਾਨਾਂ 'ਤੇ ਪੈਂਦਾ ਹੈ। ਸਪਾ ਸੈਂਟਰਾਂ ਅੰਦਰ ਸ਼ਰਾਬ ਦੇ ਨਾਲ ਸ਼ਰਾਬ ਦੇ ਸੇਵਨ ਆਮ ਗੱਲ ਹੋ ਗਈ ਹੈ। 'ਜਗ ਬਾਣੀ' ਦੀ ਟੀਮ ਜਦ ਇਕ ਸਪਾ ਸੈਂਟਰ ਗਈ, ਨੂੰ ਉਥੇ ਇਕ ਫਲੌਰ 'ਚ ਹੋਟਲ ਵੀ ਸੀ। ਜਿਥੇ 24 ਘੰਟੇ ਸ਼ਰਾਬ ਦੇ ਨਾਲ ਸ਼ਰਾਬ ਦੀ ਫੈਸੀਲਿਟੀ ਮੁਹੱਈਆ ਹੈ। ਇਕ ਰਾਤ ਦਾ ਖਰਚਾ ਲਗਭਗ 10 ਹਜ਼ਾਰ, ਜਦਕਿ ਘੰਟ ਸਮੇਂ ਮਤਲਬ ਕਿ 2 ਘੰਟੇ ਲਈ ਉਕਤ ਸੇਵਾ 3 ਤੋਂ 4 ਹਜ਼ਾਰ 'ਚ ਮੁਹੱਈਆ ਸੀ। ਇਕ ਥਾਈਲੈਂਡ ਦੀ ਲੜਕੀ ਤੋਂ ਪ੍ਰਤੀਨਿਧੀ ਨੇ ਨਿੱਜੀ ਪੱਧਰ 'ਤੇ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਉਹ ਰਾਤ ਨੂੰ ਵੀ ਜਿਸਮ ਵੇਚਦੀ ਹੈ, ਜਿਸ ਦੇ ਲਈ ਉਹ ਦੂਜੇ ਹੋਟਲ ਅਤੇ ਦੂਜੇ ਸ਼ਹਿਰ ਜਾਣ ਦੇ ਲਈ ਲਗਭਗ 10-15 ਹਜ਼ਾਰ ਰੁਪਏ ਚਾਰਜ ਕਰਦੀ ਹੈ, ਜਿਸ ਵਿਚ ਦਲਾਲ ਦਾ ਵੀ ਕਮੀਸ਼ਨ ਫਿਕਸ ਹੁੰਦਾ ਹੈ। ਕਈ ਵਾਰ ਸਪਾ ਸੈਂਟਰਾਂ 'ਚ ਚੱਲ ਰਹੇ ਜਿਸਮਫਿਰੋਸ਼ੀ ਦੇ ਧੰਦੇ ਦਾ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕਰ ਚੁੱਕਾ ਹੈ। 30 ਦਸੰਬਰ 2021 ਨੂੰ ਇਕ ਮਹਿਲਾ ਪੁਲਸ ਉੱਚ ਅਧਿਕਾਰੀ ਨੇ 'ਜਗ ਬਾਣੀ' ਦੇ ਪ੍ਰਤੀਨਿਧੀ ਨੂੰ ਬੁਲਾਇਆ ਅਤੇ ਰੇਡ ਦੀ ਤਿਆਰੀ ਕੀਤੀ। ਰੇਡ ਦੀ ਜਿਸਮਫਿਰੋਸ਼ੀ ਸਪੈਸ਼ਲ ਟੀਮ ਦੇ ਇਕ ਇੰਸਪੈਕਟਰ ਨੂੰ ਦਿੱਤੀ ਗਈ। ਲਗਭਗ 50 ਮੁਲਾਜ਼ਮ ਜਿਸ ਵਿਚ ਮਹਿਲਾ ਪੁਲਸ ਵੀ ਸ਼ਾਮਲ ਸੀ। ਰੇਡ 4 ਸਪਾ ਦੇ ਅੰਦਰ ਦੀ ਜਾਣੀ ਸੀ ਪਰ ਰੇਡ ਤੋਂ ਸਿਰਫ 5 ਮਿੰਟ ਪਹਿਲਾਂ ਰੇਡ ਨੂੰ ਰੱਦ ਕਰ ਦਿੱਤਾ ਗਿਆ। ਪ੍ਰਮੁੱਖਤਾ ਨਾਲ ਬੱਸ ਸਟੈਂਡ ਨੇੜੇ ਚੱਲ ਰਹੇ ਹੋਟਲ ਅਤੇ ਰੋਡ 'ਤੇ ਜਿਸਮਫਿਰੋਸ਼ੀ ਦੇ ਧੰਦੇ ਨਾਲ ਸਬੰਧਤ ਖਬਰ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਗਿਆ, ਜਿਸ ਵਿਚ ਕਈ ਪੁਲਸ ਕਰਮਚਾਰੀਆਂ ਦੀ ਮਿਲੀਭੁਗਤ ਦੀ ਗੱਲ ਨੂੰ ਵੀ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਗਿਆ। ਨਤੀਜਾ ਬੁੱਧਵਾਰ ਦੁਪਹਿਰ ਹੁੰਦੇ-ਹੁੰਦੇ ਆਪਣੇ-ਆਪਣੇ ਇਲਾਕਿਆਂ ਦੇ ਕਈ ਪੁਲਸ ਕਰਮਚਾਰੀਆਂ ਨੇ ਕਈ ਸਪਾ ਸੈਂਟਰਸ ਦੇ ਕਰਮਚਾਰੀਆਂ ਨੂੰ ਸਪਾ ਬੰਦ ਕਰਨ ਦੇ ਨਿਰਦੇਸ਼ ਦਿੱਤੇ। ਨਤੀਜਨ ਬਾਅਦ ਦੁਪਹਿਰ ਤੋਂ ਮਹਾਨਗਰ ਦੇ ਉਹ ਸਾਰੇ ਸਪਾ ਸੈਂਟਰਸ ਬੰਦ ਰਹੇ, ਜਿਥੇ ਥਾਈਲੈਂਡ ਦੀਆਂ ਲੜਕੀਆਂ ਨਾਜਾਇਜ਼ ਤੌਰ 'ਤੇ ਅਨੈਤਿਕ ਕਾਰਜ ਨੂੰ ਅੰਜਾਮ ਦਿੰਦੀਆਂ ਹਨ। ਇਸ ਸਬੰਧੀ ਡੀ. ਸੀ. ਪੀ. ਲਾਅ ਐਂਡ ਆਰਡਰ ਜਸਕਰਨ ਸਿੰਘ ਤੇਜਾ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਜੇਕਰ ਸਪਾ ਸੈਂਟਰਾਂ 'ਚ ਜਿਸਮਫਿਰੋਸ਼ੀ ਦਾ ਧੰਦਾ ਚੱਲ ਰਿਹਾ ਹੈ ਤਾਂ ਪੁਲਸ ਹਰ ਕੀਮਤ 'ਤੇ ਇਸ ਨੂੰ ਰੋਕੇਗੀ। ਜੇਕਰ ਕਿਸੇ ਪੁਲਸ ਕਰਮਚਾਰੀ ਦੀ ਸ਼ਮੂਲੀਅਤ ਅਤੇ ਮਿਲੀਭੁਗਤ ਪਾਈ ਜਾਂਦੀ ਹੈ ਤਾਂ ਪੁਲਸ ਸਖਤ ਤੋਂ ਸਖਤ ਕਾਰਵਾਈ ਕਰੇਗੀ। ਥਾਈਲੈਂਡ ਦੀਆਂ ਲੜਕੀਆਂ ਅਨੈਤਿਕ ਕਾਰਜ ਨੂੰ ਅੰਜਾਮ ਦੇ ਰਹੀਆਂ ਹਨ, ਤਾਂ ਮਹਾਨਗਰ ਦੇ ਕਿਸੇ ਵੀ ਸਪਾ ਸੈਂਟਰ ਨੂੰ ਨਹੀਂ ਬਖਸ਼ਣਗੇ।

# ਗੰਦੇ ਪਾਣੀ ਦੀ ਸਪਲਾਈ ਆਉਣ 'ਤੇ ਇਨ੍ਹਾਂ ਨੰਬਰਾਂ 'ਤੇ ਕਰੋ ਸੰਪਰਕ, ਤੁਰੰਤ ਦੂਰ ਹੋਵੇਗੀ ਸਮੱਸਿਆ



ਲੁਧਿਆਣਾ 11 ਮਈ। ਬਾਰਿਸ਼ ਦੇ ਮੌਸਮ 'ਚ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਲੁਧਿਆਣਾ ਦੇ ਲੋਕਾਂ ਨੂੰ ਸਾਫ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੀ ਕਮਾਨ ਡੀ. ਸੀ. ਸਾਕਸ਼ੀ ਸਾਹਨੀ ਨੇ ਆਪਣੇ ਹੱਥਾਂ 'ਚ ਲੈ ਲਈ ਹੈ। ਇਸ ਸਬੰਧ 'ਚ ਬਾਕਾਇਦਾ ਹੈਲਪਲਾਈਨ ਨੰਬਰ ਜਾਰੀ ਕੀਤਾ ਗਿਆ ਹੈ, ਜਿੱਥੇ ਲੋਕ ਗੰਦੇ ਪਾਣੀ ਦੀ ਸਪਲਾਈ ਨੂੰ ਲੈ ਕੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਜਿਨ੍ਹਾਂ ਸ਼ਿਕਾਇਤਾਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਨਗਰ ਨਿਗਮ ਤੋਂ ਇਲਾਵਾ ਲੁਧਿਆਣਾ ਦੇ ਨਾਲ ਲੱਗਦੇ ਇਲਾਕੇ ਲਈ ਮਿਊਂਸੀਪਲ ਕਮੇਟੀਆਂ, ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਇਨ੍ਹਾਂ ਵਿਭਾਗਾਂ ਨੂੰ ਉਨ੍ਹਾਂ ਦੇ ਏਰੀਆ 'ਚ ਵਾਟਰ ਸਪਲਾਈ ਦੀ ਸੈਂਪਲਿੰਗ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਕਿਤੇ ਗੰਦੇ ਪਾਣੀ ਦੀ ਸਪਲਾਈ ਦੀ ਗੱਲ ਸਾਹਮਣੇ ਆਉਣ 'ਤੇ ਸਮੱਸਿਆ ਦੇ ਹੱਲ ਲਈ ਜ਼ਰੂਰੀ ਕਦਮ ਚੁੱਕਣ ਲਈ ਵੀ ਬੋਲਿਆ ਗਿਆ ਹੈ। ਡਿਪਟੀ ਕਮਿਸ਼ਨਰ ਸਾਹਨੀ ਨੇ ਕਿਹਾ ਕਿ ਪੇਂਡੂ ਖੇਤਰਾਂ ਲਈ, ਵਿਅਕਤੀ ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋਣ ਨਾਲ ਸਬੰਧਤ ਕਿਸੇ ਵੀ ਸਮੱਸਿਆ ਦੀ ਰਿਪੋਰਟ ਕਰਨ ਲਈ ਟੋਲ-ਫ੍ਰੀ ਨੰਬਰ 18001802468 'ਤੇ ਕਾਲ ਕਰ ਸਕਦੇ ਹਨ। ਨਗਰ ਨਿਗਮ ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਆਉਂਦੇ ਸ਼ਹਿਰੀ ਖੇਤਰਾਂ ਵਿਚ, ਨਿਵਾਸੀ 0161-2749120 'ਤੇ ਜਦਕਿ ਸਥਾਨਕ ਨਗਰ ਕੌਂਸਲਾਂ ਦੁਆਰਾ ਨਿਯੰਤਰਿਤ ਖੇਤਰਾਂ ਲਈ, ਪਾਣੀ ਦੇ ਦੂਸ਼ਿਤ ਹੋਣ ਦੀ ਰਿਪੋਰਟ ਕਰਨ ਲਈ 0161-2920012 'ਤੇ ਸੰਪਰਕ ਕਰ ਸਕਦੇ ਹਨ। ਮਹਾਨਗਰ ਦੇ ਲੋਕਾਂ ਨੂੰ ਸਾਫ ਪਾਣੀ ਦੀ ਸਪਲਾਈ ਮਿਲਣਾ ਯਕੀਨੀ ਬਣਾਉਣ ਨੂੰ ਲੈ ਕੇ ਡੀ. ਸੀ. ਵੱਲੋਂ ਦਿੱਤੇ ਗਏ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਨਗਰ ਨਿਗਮ ਵੱਲੋਂ ਜੋ ਪਲਾਨਿੰਗ ਬਣਾਈ ਗਈ ਹੈ, ਉਸ ਸਬੰਧ ਵਿਚ ਐੱਸ. ਈ. ਰਵਿੰਦਰ ਗਰਗ ਦਾ ਕਹਿਣਾ ਹੈ ਕਿ ਓ. ਐਂਡ ਐੱਮ. ਸੈੱਲ ਦੇ ਸਟਾਫ ਨੂੰ ਰੋਜ਼ਾਨਾ ਵੱਖ-ਵੱਖ ਇਲਾਕਿਆਂ 'ਚ ਵਾਟਰ ਸਪਲਾਈ ਦੇ 100 ਸੈਂਪਲ ਲੈਣ ਲਈ ਬੋਲਿਆ ਗਿਆ ਹੈ। ਇਸ ਦੌਰਾਨ ਜਿਥੇ ਕਿਤੇ ਸੈਂਪਲ ਫੇਲ ਹੋਣ ਦੀ ਗੱਲ ਸਾਹਮਣੇ ਆਈ, ਉਥੇ ਪਾਣੀ ਸੀਵਰੇਜ ਦੀ ਲਾਈਨ 'ਚ ਲੀਕੇਜ ਚੈੱਕ ਕਰਨ ਅਤੇ ਰਿਪੇਅਰ ਕਰਵਾਉਣ ਤੋਂ ਇਲਾਵਾ ਲੋੜ ਪੈਣ 'ਤੇ ਗਲਤ ਤਰੀਕੇ ਨਾਲ ਕੀਤੇ ਗਏ ਕੁਨੈਕਸ਼ਨ ਕੱਟਣ ਦੀ ਕਾਰਵਾਈ ਕੀਤੀ ਜਾਵੇਗੀ।

## ਮਾਨਸਿਕ ਤੌਰ 'ਤੇ ਪਰੇਸ਼ਾਨ ਨੌਜਵਾਨ ਨੇ 9ਵੀਂ ਮੰਜ਼ਿਲ ਤੋਂ ਮਾਰੀ ਛਾਲ

ਖਰੜ 11 ਮਈ। ਖਰੜ-ਲਾਂਡਰਾਂ ਰੋਡ 'ਤੇ ਸਥਿਤ ਸੁਸਾਇਟੀ ਦੇ ਫਲੈਟਾਂ ਦੀ 9ਵੀਂ ਮੰਜ?ਿਲ ਤੋਂ ਛਾਲ ਮਾਰ ਕੇ ਨੌਜਵਾਨ ਨੇ ਖੁਦਕੁਸ਼ੀ ਕਰ ਲਈ। ਪੁਲਸ ਥਾਣਾ ਸਦਰ ਦੇ ਥਾਣੇਦਾਰ ਦਵਿੰਦਰ ਸਿੰਘ ਨੇ ਦੱਸਿਆ ਕਿ ਅਭੀਸ਼ੇਕ ਮਦਾਨ (23) ਪੁੱਤਰ ਰਾਜੇਸ਼ ਮਦਾਨ ਵਾਸੀ ਜਲੰਧਰ ਹਾਲ ਵਾਸੀ ਸੈਕਟਰ-115 ਦੋਸਤ ਨਾਲ ਕਿਰਾਏ 'ਤੇ ਰਹਿੰਦਾ ਸੀ। ਉਹ ਵਿਦੇਸ਼ੀ ਕੰਪਨੀ 'ਚ ਨੌਕਰੀ ਕਰਦਾ ਸੀ ਅਤੇ ਪਿਛਲੇ ਕੁੱਝ ਦਿਨਾਂ ਤੋਂ ਪਰੇਸ਼ਾਨ ਸੀ। ਉਸ ਵੱਲੋਂ 9ਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਗਈ, ਜਿਸ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ। ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਰਾਜੇਸ਼ ਮਦਾਨ ਦੇ ਬਿਆਨਾਂ 'ਤੇ ਪੋਸਟਮਾਰਟਮ ਕਰਵਾ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

# ਚੱਲਦੀ ਬੋਲੈਰੋ ਗੱਡੀ ਨਾਲੋਂ ਟੁੱਟ ਕੇ ਵੱਖ ਹੋਇਆ ਟਾਇਰ ! ਤਿੰਨ ਦਰਜਨ ਲੋਕਾਂ ਨਾਲ ਖਹਿ ਕੇ ਲੰਘੀ ਮੌਤ



ਝਬਾਲ 11 ਮਈ। ਝਬਾਲ ਤੋਂ ਥੋੜੀ ਦੂਰ ਅੰਮ੍ਰਿਤਸਰ ਰੋਡ 'ਤੇ ਮੰਨਣ ਨੇੜੇ ਇਕ ਬੋਲੈਰੋ ਗੱਡੀ ਦਾ ਅਚਾਨਕ ਟਾਇਰ ਟੁੱਟ ਕੇ ਵੱਖ ਹੋ ਗਿਆ, ਜਿਸ ਕਾਰਨ ਗੱਡੀ ਸੜਕ ਕਿਨਾਰੇ ਲੱਗੇ ਰੁੱਖ ਨਾਲ ਜਾ ਟਕਰਾਈ। ਇਸ ਹਾਦਸੇ ਵਿਚ 3 ਦਰਜਨ ਦੇ ਕਰੀਬ ਲੋਕਾਂ ਦੀ ਜਾਨ ਵਾਲ-ਵਾਲ ਬੱਚ ਗਈ, ਪਰ ਉਹ ਗੰਭੀਰ ਰੂਪ ਵਿਚ ਜਖਮੀ ਦੱਸੇ ਜਾ ਰਹੇ ਹਨ। ਜਾਣਕਾਰੀ ਮੁਤਾਬਕ ਬੋਲੈਰੋ ਗੱਡੀ 'ਚ ਪੰਜਵੜ ਵਿਖੇ ਬਾਗ ਵਿਚੋਂ ਨਾਖਾਂ ਤੋੜਨ ਲਈ ਨਜਦੀਕੀ ਪਿੰਡਾਂ ਤੋਂ ਲੇਬਰ ਲਿਆਂਦੀ ਜਾ ਰਹੀ ਸੀ ਕਿ ਅਚਾਨਕ ਉਸ ਦਾ ਟਾਇਰ ਟੁੱਟਣ ਕਰਕੇ ਗੱਡੀ ਸੜਕ ਕਿਨਾਰੇ ਰੁੱਖ ਵਿਚ ਜੋਰ ਨਾਲ ਵੱਜ ਗਈ। ਇਸ ਨਾਲ ਤਿੰਨ ਦਰਜਨ ਦੇ ਕਰੀਬ ਮਜਦੂਰ ਔਰਤਾਂ ਤੇ ਮਰਦ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਇਸ ਸਮੇਂ ਜਖਮੀ ਹੋਈ ਇਕ ਬੀਬੀ ਸਰਬਜੀਤ ਕੌਰ ਨੇ ਦੱਸਿਆ ਕਿ ਪਿੰਡ ਖੈਰਦੀ, ਮੰਡਿਆਲਾ ਅਤੇ ਚੱਬਾ ਤੋਂ ਵੱਡੀ ਗਿਣਤੀ ਵਿਚ ਔਰਤਾਂ ਤੇ ਆਦਮੀ ਪਿੰਡ ਪੰਜਵੜ ਵਿਖੇ ਬਾਗ ਵਿਚੋਂ ਨਾਖਾਂ ਤੋੜਨ ਲਈ ਮਜਦੂਰੀ 'ਤੇ ਰੋਜਾਨਾ ਆਉਂਦੇ ਹਨ। ਅੱਜ ਵੀ ਜਦੋਂ ਬੋਲੈਰੋ ਗੱਡੀ ਜਿਸ ਨੂੰ ਮਲਕੀਅਤ ਸਿੰਘ ਨਾਮ ਦਾ ਡਰਾਈਵਰ ਚਲਾ ਰਿਹਾ ਸੀ, ਜਦੋਂ ਪਿੰਡ ਮੰਨਣ ਨੇੜੇ ਪਹੁੰਚੀ ਤਾਂ ਗੱਡੀ ਦਾ ਪਿਛਲਾ ਟਾਇਰ ਇਕ ਦਮ ਟੁੱਟਕੇ ਵੱਖ ਹੋ ਗਿਆ ਤੇ ਗੱਡੀ ਤੇਜੀ ਨਾਲ ਸੜਕ ਕਿਨਾਰੇ ਰੁੱਖ ਨਾਲ ਟਕਰਾ ਗਈ। ਇਸ ਹਾਦਸੇ ਵਿਚ ਨੇਹਾ ਪੁੱਤਰੀ ਬਲਵਿੰਦਰ ਸਿੰਘ ਮੰਡਿਆਲਾ, ਰਾਣੀ ਮੰਡਿਆਲਾ,ਰਾਜ ਕੋਰ ਮੰਡਿਆਲਾ, ਦਵਿੰਦਰ ਕੌਰ ਮੰਡਿਆਲਾ, ਰਣਜੀਤ ਕੌਰ ਮੰਡਿਆਲਾ, ਗੁਰਵਿੰਦਰ ਕੌਰ ਮੰਡਿਆਲਾ, ਸਰਬਜੀਤ ਕੌਰ ਮੰਡਿਆਲਾ, ਹਰਮਨਦੀਪ ਕੌਰ ਮੰਡਿਆਲਾ, ਜਸਵਿੰਦਰ ਕੌਰ ਮੰਡਿਆਲਾ, ਸਰਬਜੀਤ ਕੌਰ ਮੰਡਿਆਲਾ, ਪਰਮਜੀਤ ਕੌਰ ਮੰਡਿਆਲਾ,ਬਲਜਿੰਦਰ ਕੌਰ ਚੱਬਾ, ਜੋਤੀ ਚੱਬਾ, ਕਿਰਨਦੀਪ ਕੌਰ ਚੱਬਾ, ਸਰਬਜੀਤ ਕੌਰ ਚੱਬਾ, ਸਰਨਜੀਤ ਕੌਰ ਚੱਬਾ, ਜਸਬੀਰ ਕੌਰ ਚੱਬਾ,ਮੱਮਤਾ ਚੱਬਾ, ਡਰਾਈਵਰ ਮਲਕੀਤ ਸਿੰਘ ਪੁੱਤਰ ਬਗੀਚਾ ਸਿੰਘ ਖੈਰਦੀ ਆਦਿ ਗੰਭੀਰ ਜਖਮੀ ਹੋ ਗਏ।ਜਿਹਨਾਂ ਤੁਰੰਤ ਬਾਬਾ ਬੁੱਢਾ ਸਾਹਿਬ ਚੈਰੀਟੇਬਲ ਹਸਪਤਾਲ ਵਿਖੇ ਦਾਖਲ ਕਰਵਾਇਆ ਜਿਥੇ ਡਾਕਟਰ ਗੁਰਲਾਲ ਸਿੰਘ ਡਾਇਰੈਕਟਰ ਦੀ ਅਗਵਾਈ ਵਿਚ ਡਾ. ਗੁਰਪ੍ਰੀਤ ਸਿੰਘ, ਡਾ. ਚੰਦਰ ਸੇਖਰ, ਡਾ. ਸੰਦੀਪ ਰਾਣਾ, ਡਾ. ਹਰਸਿਮਰਨ ਕੌਰ, ਮਨਜਿੰਦਰ ਸਿੰਘ, ਸੁਰਿੰਦਰ ਸਿੰਘ ਚੂਸਲੇਵੜ ਆਦਿ ਨੇ ਸਖਤ ਮਿਹਨਤ ਕਰਕੇ ਇਲਾਜ ਕੀਤਾ।

# ਅਸਾਮ ਤੋਂ ਆਏ ਯਾਤਰੂਆਂ ਨਾਲ ਲੁੱਟ-ਖੋਹ ਕਰਨ ਵਾਲਾ ਗ੍ਰਿਫਤਾਰ, ਵਾਰਦਾਤ ਸਮੇਂ ਵਰਤਿਆ ਮੋਟਰਸਾਈਕਲ ਬਰਾਮਦ

ਅੰਮ੍ਰਿਤਸਰ 11 ਮਈ। ਅਸਾਮ ਤੋਂ ਆਏ ਯਾਤਰੂਆਂ ਨਾਲ ਲੁੱਟ-ਖੋਹ ਕਰਨ ਦੇ ਮਾਮਲੇ ਵਿਚ ਕਮਿਸ਼ਨਰੇਟ ਪੁਲਸ ਅਧੀਨ ਪੈਂਦੇ ਥਾਣਾ ਬੀ ਡਵੀਜਨ ਦੀ ਪੁਲਸ ਨੇ ਅਕ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 12 ਜੁਲਾਈ ਨੂੰ ਅਸਾਮ ਤੋਂ ਆਏ ਯਾਤਰੂ ਦਰਸਨੀ ਡਿਉੜੀ ਤੋਂ ਬਾਅਦ ਆਪਣੇ ਹੋਟਲ ਵੱਲ ਜਾ ਰਹੇ ਸਨ ਤਾਂ ਦੋ ਅਣਪਛਾਤੇ



ਵਿਅਕਤੀ ਬਿਨਾਂ ਨੰਬਰ ਪਲੇਟ ਦੇ ਪੈਸ਼ਨ (ਲਾਲ) ਮੋਟਰਸਾਈਕਲ 'ਤੇ ਆਏ ਅਤੇ ਇਕ ਔਰਤ ਦੀ ਸੋਨੇ ਦੀ ਚੇਨ ਅਤੇ 300 ਰੁਪਏ ਪਿਸਤੋਲ ਦੀ ਨੋਕ 'ਤੇ ਖੋਹ ਕੇ ਲੈ ਗਏ। ਇਸ ਸਬੰਧੀ ਥਾਣਾ ਬੀ ਡਵੀਜਨ ਵਿਖੇ ਰਾਜਦੀਪ ਮਹੰਤਨਾ ਪੁੱਤਰ ਤਰੁਣ ਚੰਦਰ ਮਹੰਤਨਾ ਵਾਸੀ ਨੰਬਰ 2 ਆਜਾਦ ਰੋਡ, ਬਾਈਲੇਨ 2, ਵਾਰਡ ਨੰਬਰ11, ਉੱਤਰੀ ਲਖੀਮਪੁਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ, ਜਿਸ ਦੌਰਾਨ ਪੁਲਸ ਨੇ ਮੁਸਤੈਦੀ ਨਾਲ ਕੰਮ ਕਰਦਿਆਂ ਮੁਲਜਮ ਜਤਿੰਨ ਕੁਮਾਰ ਉਰਫ ਜੈ ਪੁੱਤਰ ਵਿਜੈ ਕੁਮਾਰ ਵਾਸੀ ਸਾਹਮਣੇ ਪੀਰਾ ਦੀ ਜਗ੍ਹਾ, ਮੇਨ ਬਾਜ਼ਾਰ ਰਾਣੀ ਬਾਜ਼ਾਰ, ਸ਼ਰੀਫਪੁਰਾ ਨੂੰ ਗ੍ਰਿਫਤਾਰ ਕਰ ਕੇ ਉਸ ਪਾਸੋਂ ਮੋਟਰਸਾਈਕਲ ਰੰਗ ਲਾਲ ਬਰਾਮਦ ਕੀਤਾ ਗਿਆ ਜੋ ਵਾਰਦਾਤ ਸਮੇਂ ਵਰਤਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਮੁਲਜਮ ਨੂੰ ਪੁਲਸ ਰਿਮਾਂਡ 'ਤੇ ਲੈ ਕੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਉਸ ਦੇ ਪਿਛੋਕੜ ਨੂੰ ਵੀ ਖੰਗਾਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਲਜਮ ਕੋਲੋਂ ਉਸ ਦੇ ਦੂਸਰੇ ਸਾਥੀ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ, ਜਲਦ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਨਸ਼ੇ ਲਈ ਵਰਤੀਆਂ ਜਾਣ ਵਾਲੀਆਂ 9 ਤਰ੍ਹਾਂ ਦੀਆਂ ਦਵਾਈਆਂ ਸਿਹਤ ਵਿਭਾਗ ਨੇ ਕੀਤੀਆਂ ਜਬਤ

ਜਲੰਧਰ 11 ਮਈ। ਸਿਹਤ ਵਿਭਾਗ ਦੀ ਟੀਮ ਨੇ ਬੁੱਧਵਾਰ ਨੂੰ ਪੁਲਸ ਪਾਰਟੀ ਨਾਲ ਮਿਲ ਕੇ ਸਥਾਨਕ ਲੱਧੇਵਾਲੀ ਰੋਡ 'ਤੇ ਸਥਿਤ ਇਕ ਕੈਮਿਸਟ ਤੋਂ 9 ਤਰ੍ਹਾਂ ਦੀਆਂ ਅਜਿਹੀਆਂ ਦਵਾਈਆਂ ਜਬਤ ਕੀਤੀਆਂ, ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਨਸ਼ੇ ਲਈ ਕੀਤੀ ਜਾਂਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡਰੱਗ ਕੰਟਰੋਲ ਅਫਸਰ ਜਲੰਧਰ-



1 ਅਨੁਪਮਾ ਕਾਲੀਆ ਨੇ ਪੁਲਸ ਸਟੇਸ਼ਨ ਰਾਮਾ ਮੰਡੀ ਦੇ ਅਧਿਕਾਰੀਆਂ ਨਾਲ ਮਿਲ ਕੇ ਸਥਾਨਕ ਲੱਧੇਵਾਲੀ ਰੋਡ ਸਥਿਤ ਨਵ ਫਾਰਮਾ 'ਤੇ ਅਚਾਨਕ ਛਾਪਾਮਾਰੀ ਕਰ ਕੇ ਉਥੋਂ 9 ਤਰ੍ਹਾਂ ਦੀਆਂ ਅਜਿਹੀਆਂ ਦਵਾਈਆਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਨਸ਼ੇ ਲਈ ਕੀਤੀ ਜਾਂਦੀ ਹੈ। ਦੁਕਾਨ 'ਤੇ ਬੈਠਾ ਵਿਅਕਤੀ ਇਨ੍ਹਾਂ ਦਵਾਈਆਂ ਦੀ ਸੇਲ-ਪਰਚੇਜ ਦਾ ਕੋਈ ਰਿਕਾਰਡ ਨਹੀਂ ਦਿਖਾ ਸਕਿਆ, ਜਿਸ ਕਾਰਨ ਡਰੱਗ ਕੰਟਰੋਲਰ ਨੇ ਸਾਰੀਆਂ ਦਵਾਈਆਂ ਆਪਣੇ ਕਬਜੇ ਵਿਚ ਲੈ ਲਈਆਂ। ਇਨ੍ਹਾਂ ਦਵਾਈਆਂ ਦੀ ਕੀਮਤ 43085 ਰੁਪਏ ਹੈ।

# ਲੋਕਾਂ ਦੀ ਸਿਹਤ ਨਾਲ ਹੋ ਰਿਹੈ ਖਿਲਵਾੜ ! ਰਿਫਾਇੰਡ ਤੇ ਸੌਰਬੀਟੋਲ ਨਾਲ ਦੁੱਧ-ਪਨੀਰ ਬਣਾਉਣ ਵਾਲੀ ਫੈਕਟਰੀ ਸੀਲ

ਸੰਗਰੂਰ 11 ਮਈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿਚ ਖਾਣ ਪੀਣ ਦੀਆਂ ਵਸਤਾਂ ਵਿਚ ਮੁਕੰਮਲ ਤੌਰ ਤੇ ਮਿਲਾਵਟਖੋਰੀ ਨੂੰ ਰੋਕਣ ਦੇ ਸਖਤ ਦਿਸਾ-ਨਿਰਦੇਸ ਦਿੱਤੇ ਗਏ ਹਨ। ਇਸੇ ਤਹਿਤ ਸਿਹਤ ਵਿਭਾਗ ਦੀ ਟੀਮ ਨੇ ਡਿਪਟੀ ਕਮਿਸਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਕਾਰਵਾਈ ਕਰਦਿਆਂ ਕੋਹਰੀਆਂ ਰੋਡ ਉੱਤੇ ਸਥਿਤ ਇਕ ਆਈਸ ਫੈਕਟਰੀ ਵਿਚ ਛਾਪਾ ਮਾਰਿਆ ਅਤੇ ਮੌਕੇ 'ਤੇ ਹੀ ਭਾਰੀ ਮਾਤਰਾ ਵਿਚ ਰਿਫਾਇੰਡ ਅਤੇ ਦੁੱਧ ਤਿਆਰ ਕਰਨ ਵਾਲੇ ਪਦਾਰਥ ਬਰਾਮਦ ਕੀਤੇ ਗਏ। ਇਹ ਜਾਣਕਾਰੀ ਦਿੰਦੇ ਹੋਏ ਜ?ਿਲ੍ਹਾ ਸਿਹਤ ਅਫਸਰ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਇਲਾਕੇ ਵਿਚੋਂ ਕਾਫੀ ਸ?ਿਕਾਇਤਾਂ ਪ੍ਰਾਪਤ ਹੋ ਰਹੀਆਂ ਸਨ ਅਤੇ ਠੋਸ ਸੂਚਨਾ ਦੇ ਆਧਾਰ 'ਤੇ ਇਸ ਆਈਸ ਫੈਕਟਰੀ ਨੂੰ ਖੁਲ੍ਹਵਾਇਆ ਗਿਆ ਤਾਂ ਇਸ ਵਿਚੋਂ 278 ਟੀਨ ਰਿਫਾਇੰਡ, 70 ਖਾਲੀ ਟੀਨ, 13 ਪੈਕਟ ਸਕਿਮਡ ਮਿਲਕ ਪਾਊਡਰ ਅਤੇ ਦੁੱਧ ਤਿਆਰ ਕਰਨ ਲਈ ਵਰਤੇ ਜਾਂਦੇ ਸੌਰਬੀਟੋਲ ਨਾਂ ਦੇ ਪਦਾਰਥ ਨੂੰ ਕਰੀਬ 100 ਲੀਟਰ ਮਾਤਰਾ ਵਿਚ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਪਦਾਰਥ ਸਿੰਗਲਾ ਮਿਲਕ ਸੈਂਟਰ, ਗਾਮੜੀ ਰੋਡ ਦਿੜਬਾ ਵਿਖੇ ਤਿਆਰ ਹੋ ਰਹੇ ਸਨ ਅਤੇ ਹਰੀ



ਓਮ ਆਈਸ ਫੈਕਟਰੀ ਵਿਚ ਇਨ੍ਹਾਂ ਦਾ ਭੰਡਾਰ ਕੀਤਾ ਜਾ ਰਿਹਾ ਸੀ। ਜ?ਿਲ੍ਹਾ ਸਿਹਤ ਅਫਸਰ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਨੇ ਇਨ੍ਹਾਂ ਸਾਰੇ ਪਦਾਰਥਾਂ ਦੇ ਨਮੂਨੇ ਇਕੱਤਰ ਕਰ ਲਏ ਹਨ ਜੋ ਕਿ ਜਾਂਚ ਲਈ ਖਰੜ ਲੈਬ ਵਿਖੇ ਭੇਜੇ ਜਾਣਗੇ ਅਤੇ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਦਾਰਥਾਂ ਦੇ ਸੈਂਪਲ ਲੈਣ ਤੋਂ ਬਾਅਦ ਇਸ ਆਈਸ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ। ਇਨ੍ਹਾਂ ਚੀਜਾਂ ਤੋਂ ਤਿਆਰ ਹੋਣ ਵਾਲੇ ਦੁੱਧ ਨਾਲ ਲੋਕਾਂ ਦੀ ਸਿਹਤ ਲਈ ਵੱਡਾ ਖਤਰਾ ਹੁੰਦਾ ਹੈ। ਮੈਡੀਕਲ ਮਾਹਰਾਂ ਮੁਤਾਬਕ ਲੰਮੇ ਸਮੇਂ ਤਕ ਅਜਿਹੇ ਦੁੱਧ-ਪਨੀਰ ਦੇ ਸੇਵਨ ਨਾ ਕੈਂਸਰ, ਪੇਟ ਦਰਦ, ਚਮੜੀ ਰੋਗ ਅਤੇ ਲੀਵਰ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਟੀਮ ਨੂੰ ਛਾਪੇਮਾਰੀ ਦੌਰਾਨ 3 ਕੁਇੰਟਲ ਪਨੀਰ ਮਿਲਿਆ ਹੈ, ਜਿਸ ਦੇ 5 ਸੈਂਪਲ ਲੈ ਕੇ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ।


**PUBLIC NOTICE**
It is for general information that I, SOUMYADEEP MUKHERJEE S/o JOYDEEP MUKHERJEE R/o Flat No.- 403/ New Delhi Apartments, Bhagwan Mahavir Swami Marg, Vasundhra Enclave, East Delhi, Delhi-110096, declare that my mother ANTARA BHATTACHARYA Ex. Wife of JOYDEEP MUKHERJEE got Divorced from my Biological Father vide Court Decree HMA No. P- 4219 dated 09.07.2013. Further my Mother remarried with PARTHA SARATHI DEY vide MARRIAGE CERTIFICATE No. 202314900994 dated 16-09-2023. Henceforth I have changed my name to SOUMYADEEP DEY. Further I declare that name of my Father to be updated as PARTHA SARATHI DEY in future for all purposes.

**Name Change**
I hitherto known as Chanchal D/O Krishan Lal R/O- A-2/51, SECTOR-17 rohini, Rohini Sector 15, North West Delhi, Delhi-110089 have changed my name and shall hereafter be known as CHANCHAL SONI.

**Name Change**
I, PUSHPA BAI mother of NO-17013401M Rank-NK Name-GURNATH NARAYANPURE R/O VPO-MEHKAR, TEH-BHALKI, DIST-BIDAR, KARNATAKA-585416 have changed my name from PUSHPA BAI to PUSHAPA BAI for all future purposes vide affidavit dated 01/07/2024 before Notary Public, Delhi.

**Name Change**
I, SHAISTA DHARMA D/O SHAMIM AHMED R/O H-1204, MEPLE HEIGHT, SHUSHANT LOK, PHASE-1, GURUGARM, HARYANA HAVE CHANGED MY NAME FROM SHAISTA DHARMA TO FOR ALL FUTURE PURPOSE.

**Name Change**
I Deepak Kumar Grover Son of Bodh Raj Grover Residing at House No-158/23,Near Tikona Park, Laxmi Garden Gurgaon- 122001,, have to changed my name Deepak Grover for all purpose

**PUBLIC NOTICE**
It is for general information that I, ASHOK GIANCHANDANI S/o PAHILAJ GIANCHANDANI R/o B-101, UGF Flat, No. 3, Panchsheel Vihar, Malviya Nagar, South Delhi, Delhi - 110017 declare that name of mine has been wrongly written as PARLAD RAI GIANCHANDANI in my Pan Card No. AAIPG2213P. The actual name of mine is ASHOK GIANCHANDANI which may be amended accordingly.

**PUBLIC NOTICE**
It is for general information that I Mohd Jahangeer Alam S/O Mohd Salauddin, R/O E-354, Block E, Near Umar Masjid Jaitpur Extn. Part-2, Badarpur, South Delhi, Delhi-110044 declare that name of mine and my wife has been wrongly written as Mohd JAHANGIR and Mahizabeen Bano in my minor son Mohd Ayaan aged 10 years in his birth certificate no MCDOLIR0113005778190 , The actual name of mine and my wife are Mohd Jahangeer Alam and Mahjavi, respectively which may be amended accordingly.

**Name Change**
I, Monalisha Bag D/o Bhimasen Bag R/o Flat No. B-202, Ninex RMG Residency, Sector-37C, The Esplanade Mall,Gurgaon, Haryana-122001 Have Changed My Name To Monalisa Bag.

**Name Change**
I,AAFREEN D/O IQBAL Residing at H NO 675/6A/461, MAZAR WALI GALI NO-1, CHAUHAN BANGER, NEW SEELAMPUR, DELHI -110053 have changed my name to AFREEN for all future purposes.

**PUBLIC NOTICE**
My client, Satish Sharma and his wife Meena Devi both R/o 423, Pandit Mohalla, Kondli, East Delhi, Delhi-110096 have severed all relations/terminated with their son Rajnish Sharma and disowned him from all their movable-immovable properties due to his misbehavior. If any person deals with him will do so at his own risk, cost consequences. My clients will not be responsible for his any acts.
**Ravi Chauhan, Advocate**

**PUBLIC NOTICE**
It is for general information that I, HARI LAL S/o FAQIR CHAND residing at I-Block, House No.-468, Shakurpur, Saraswati Vihar, North West Delhi 110034 declare that the name of mine has been wrongly written as HEERA LAL in my Service Records. The actual name of mine is HARI LAL which may be amended accordingly.

**Name Change**
I,Tushar Katria S/o Mukesh R/o House No-922/1, Near Railway Road,Ashok Vihar Phase-1, Gurgaon, Haryana-122001, Have Changed My Name To Tushar Kataria For All Future Purpose

**Name Change**
I,AAFREEN D/O IQBAL Residing at H NO 675/6A/461, MAZAR WALI GALI NO-1, CHAUHAN BANGER, NEW SEELAMPUR, DELHI -110053 have changed my name to AFREEN for all future purposes.

**Name Change**
I, Jyoti Sethi W/o Rohan Khurana R/o B 602 Narwana Apartment Plot no 89 , IP Extension, Patparganj Delhi 110092 have changed my name from Jyoti Sethi to Jyoti khurana for all future purposes.

**Name Change**
I, KM NIGAR TABASSUM W/O WASIM AHMAD Residing at N-9/12B F/F, BAND GALI NO-15, BRAHMPURI, DELHI -110053 have changed my name to NIGAR for all future purposes.

**Name Change**
It is for general information that I, SANGITA SINGH W/o MANOJ KUMAR SINGH R/o RC 64, 11, Pragati Vihar, Khora Colony, Khora, Ghaziabad, Uttar Pradesh-201309, declare that name of mine has been wrongly written SANGEETA SINGH in my minor son's namely UTKARSH KUMAR SINGH aged 16 years in his CBSE 10th class Marksheet cum Certificate and School Records. The actual name of mine is SANGITA SINGH, which may be amended accordingly.

**PUBLIC NOTICE**
Be it known to all that my client Jagdish Kumar S/o Late Sh. Chhuttan Laal R/o RzD-95, Nihal Vihar, Nangloi, Delhi-110041 have severed all their relations with their son Arjun Neveria and his Wife Reshma Chouhan and their heirs have been disowned from all of my clients movable and immovable property and assets, henceforth my clients is not responsible for any of their acts, deeds and deals. In case anybody deals with my client's son in any matter, he/she/they shall do it at his/her/their own risks and responsibility
**SANDEEP SHARMA**
ADVOCATE, DELHI HIGH COURT

**Name Change**
I, Dinesh Kumar Sharma father of Kavya Sharma resident of 1/4333, Ramnagar Vistar, Shahdara, Delhi-110032 have changed his son's name from Kavya Sharma to Kavyansh Sharma for all purposes and would be known as Kavyansh Sharma in future.

**PUBLIC NOTICE**
My client Sartaj Ali s/o Late Kamar Ali and his wife Yasmeen both r/o G-8A/21, Sangam Vihar, New Delhi, have disowned and debarred their son Sameer and his wife Azma from all movable and immovable property assets and bear no relationship for future. My client shall not be responsible for any act or deed of the above named.
**Arun Madaan Advocate**
11/1, LANE NO. 1, ANUPAN GARDEN SAINIK FARMS, NEW DELHI

**Name Change**
I, MOHD ZUBER S/O MOHD ZAHID Residing at A-362/1, GALI NO-3, CHAUHAN BANGAR, NEW SEELAMPUR, NORTH EAST DELHI,110053 have changed my name to MOHAMMAD ZUBAIR for all future purposes.

**Name Change**
I KRISHNA KANT S/O PREMPAL SINGH R/O H.N0-03 GALI N0-1 SHIV MANDIR SURYA VIHAR PART-2, SECTOR-91, FARIDABAD -121003 HAVE CHANGE MY NAME TO KRISHNA KUMAR FOR ALL PURPOSES.

**Name Change**
I, hitherto known as PARUMANJI alias PARO MANJHI S/o TITU MANJHI R/o U2 -543, Street No. 17, Near by Naag Mandir, Prem Nagar 2, Kirari Suleman Nagar, Sultanpuri, C - Block, North West Delhi, Delhi – 110086 have changed my name and shall hereafter be known as PARO MANJHI.

**PUBLIC NOTICE**
It is for general information that I, ANTARA BHATTACHARYA D/o RAM CHANDRA BHATTACHARYA Ex. W/o JOYDEEP MUKHERJEE, residing at Flat No. 403, New Delhi Apartments, Bhagwan Mahavir Swami Marg, Vasundhra Enclave, East Delhi, Delhi- 110096 declare that I got divorce from my husband vide Court Decree HMA No. P- 4219 Dated 09.07.2013. Further, I remarried with PARTHA SARATHI DEY S/o MRINAL KANTI DEY, R/o Flat No. 403, New Delhi Apartments, Bhagwan Mahavir Swami Marg, Vasundhra Enclave, East Delhi, Delhi- 110096, vide Marriage Registration No. 202314900994 dated 16-09-2023 Henceforth I have changed my name and shall hereafter be known as ANTARA DEY.

**Name Change**
It is for general information that I, SANGITA SINGH W/o MANOJ KUMAR SINGH R/o RC 64, 11, Pragati Vihar, Khora Colony, Khora, Ghaziabad, Uttar Pradesh-201309, declare that name of mine has been wrongly written SANGEETA SINGH in my minor son's namely UTKARSH KUMAR SINGH aged 16 years in his CBSE 10th class Marksheet cum Certificate and School Records. The actual name of mine is SANGITA SINGH, which may be amended accordingly.

**Name Change**
I, ABHISHEK S/O RATI KANT JHA Residing at G-5, BRAHMA APTTS, PLOT-7, SECTOR-7, DWARKA, DELHI-110075 have changed my name to ABHISHEK JHA all future purposes

**Name Change**
I hitherto known as ROHID ALI S/o IMTIYAJ ALI, R/o J-3/100/6, Sangam Vihar, New Delhi-110062, have changed my name and shall hereafter be known as ASIM ALI.

**Name Change**
I Prakash Chand Singh, S/o Shri Puran Singh , add H.no.180 PTS colony malviya nagar new delhi 110017, I have changed my name to Prakash Chand for all future purposes

**Name Change**
I, JC-781684L Rank-NB SUB Name-G RAJANGAM S/o R GANESAN Residing at PANCHAYAT UNION OFFICE STREET, BEHIND RICE MILL, VPO-ELUMALAI, TEH-PERAIYUR, DIST-MADURAI, TAMIL NADU-625535, have changed my minor son's name from R N KOUSIK RAJ to R KOUSIK RAJ for all future purposes vide Affidavit dated 01/07/2024 before Notary Public, Delhi.

**PUBLIC NOTICE**
Notice is hereby given that Avnish Singh S/o Avtar Singh R/o S-267, Second Floor, Greater Kailash Part-2, New Delhi-110048 is applying to the Secretary to the Government of India in the Ministry of Home Affairs for Naturalization and that any person who knows any reason why naturalization should not be granted should send a written signed statement of the facts to the said Secretary.

**Name Change**
I, RAJBIRI DEVI mother of No-15686207L Rank-HAV Name-ARUN DHAKA R/o VPO-DHIKAULI, TEH-BAGHPAT, DIST-BAGHPAT, UTTAR PRADESH-250515 have changed my name from RAJBIRI DEVI to RAJBIRI for all future purposes vide affidavit dated 01/07/2024 before Notary Public, Delhi.

**Name Change**
I, JC-781684L Rank-NB SUB Name-G RAJANGAM S/o R GANESAN Residing at PANCHAYAT UNION OFFICE STREET, BEHIND RICE MILL, VPO-ELUMALAI, TEH-PERAIYUR, DIST-MADURAI, TAMIL NADU-625535, have changed my minor son's name from RITHVIK RAJ to R RITHVIK RAJ for all future purposes vide Affidavit dated 01/07/2024 before Notary Public, Delhi.

**PUBLIC NOTICE**
Information is given to general public at large that our clients Mr. Pawan Kumar Sharma S/o Late Kishan Sharma is the owner of Freehold Residential Property bearing No. V-161/1, having land area measuring 75 Sq. Yds., pertaining to the Khasra No. 60, situated in the abadi of Arvind Mohalla, Ghonda, in the area of Village Ghonda Gujran Banger, Illaqa Shahdara, Delhi. By Virtue of Relinquishment Deed dated 10-06-2024 as Doc. No. 2024/12/I/1928 Vol. No. 5915, Book No. I, Pages No. 29-42 SRO- IV Delhi. in now our client is declaring that that any other Person does not have any right over the said property, Same property is going to be financed by Utkarsh Small Finance Bank Limited Branch: Shadipur, New Delhi-110008. If any person(s) has any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained
**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432



**Name Change**
I Prakash Chand Singh, S/o Shri Puran Singh , add H.no.180 PTS colony malviya nagar new delhi 110017, I have changed my name to Prakash Chand for all future purposes

**Name Change**
I KRISHNA KANT S/O PREMPAL SINGH R/O H.N0-03 GALI N0-1 SHIV MANDIR SURYA VIHAR PART-2, SECTOR-91, FARIDABAD -121003 HAVE CHANGE MY NAME TO KRISHNA KUMAR FOR ALL PURPOSES.

**Name Change**
I, hitherto known as PARUMANJI alias PARO MANJHI S/o TITU MANJHI R/o U2 -543, Street No. 17, Near by Naag Mandir, Prem Nagar 2, Kirari Suleman Nagar, Sultanpuri, C - Block, North West Delhi, Delhi – 110086 have changed my name and shall hereafter be known as PARO MANJHI.

**PUBLIC NOTICE**
It is for general information that I, ANTARA BHATTACHARYA D/o RAM CHANDRA BHATTACHARYA Ex. W/o JOYDEEP MUKHERJEE, residing at Flat No. 403, New Delhi Apartments, Bhagwan Mahavir Swami Marg, Vasundhra Enclave, East Delhi, Delhi- 110096 declare that I got divorce from my husband vide Court Decree HMA No. P- 4219 Dated 09.07.2013. Further, I remarried with PARTHA SARATHI DEY S/o MRINAL KANTI DEY, R/o Flat No. 403, New Delhi Apartments, Bhagwan Mahavir Swami Marg, Vasundhra Enclave, East Delhi, Delhi- 110096, vide Marriage Registration No. 202314900994 dated 16-09-2023 Henceforth I have changed my name and shall hereafter be known as ANTARA DEY.

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਹਦਾਇਤ, ਟਿੱਪਰਾਂ ਤੇ ਸਕੂਲੀ ਬੱਸਾਂ ਵੱਲੋਂ ਸਪੀਡ ਲਿਮਿਟ ਦੀ ਉਲੰਘਣਾ ’ਤੇ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾਵੇ

**➢ ਸਵੇਰੇ ਸਕੂਲ ਲੱਗਣ ਤੇ ਦੁਪਹਿਰੇ ਛੁੱਟੀ ਦੇ ਸਮੇਂ ਦੌਰਾਨ ਸੜਕਾਂ ’ਤੇ ਟਿੱਪਰ ਚਲਾਉਣ ਦੀ ਮਨਾਹੀ ਦੀ ਸਖ਼ਤੀ ਨਾਲ ਹੋਵੇ ਪਾਲਣਾ ➢ ਸਕੂਲ ਵਾਹਨ ਸੁਰੱਖਿਆ ਮਾਪਦੰਡਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ: ਡਾ. ਬਲਬੀਰ ਸਿੰਘ**

ਪਟਿਆਲਾ, 11 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਹੈ ਕਿ ਟਿੱਪਰਾਂ ਤੇ ਸਕੂਲ ਬੱਸਾਂ ਵੱਲੋਂ ਸਪੀਡ ਲਿਮਿਟ ਦੀ ਉਲੰਘਣਾ ਕਰਨ ’ਤੇ ਜ਼ੀਰੋ ਟਾਲਰੈਂਸ ਦੀ ਨੀਤੀ ਸਖ਼ਤੀ ਨਾਲ ਆਪਣਾਈ ਜਾਵੇ। ਬੀਤੇ ਦਿਨ ਸਮਾਣਾ ਦੇ ਸਕੂਲੀ ਬੱਚਿਆਂ ਦੀ ਭਿਆਨਕ ਸੜਕ ਹਾਦਸੇ ਵਿੱਚ ਮੌਤ ਦਾ ਗੰਭੀਰ ਨੋਟਿਸ ਲੈਂਦਿਆਂ ਸਿਹਤ ਮੰਤਰੀ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਪੀ. ਵੈਭਵ ਚੌਧਰੀ, ਆਰ.ਟੀ.ਏ ਨਮਨ ਮਾਰਕੰਨ ਸਮੂਹ ਐਸ.ਡੀ.ਐਮਜ ਤੇ ਡੀ.ਐਸ.ਪੀ. ਟ੍ਰੈਫਿਕ ਸਮੇਤ ਹੋਰ ਹੋਰ ਸਬੰਧਤ ਵਿਭਾਗਾਂ ਨਾਲ ਸੜਕ ਸੁਰੱਖਿਆ ਬਾਰੇ ਇੱਕ ਅਹਿਮ ਬੈਠਕ ਕੀਤੀ। ਮੀਟਿੰਗ ਦੌਰਾਨ ਨੰਨ੍ਹੇ-ਮੁੰਨ੍ਹੇ ਬੱਚਿਆਂ ਦੀ ਮੌਤ ਦਾ ਸੋਗ ਮਨਾਉਂਦੇ ਹੋਏ ਦੋ ਮਿੰਟ ਦਾ ਮੌਨ ਰੱਖਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।



ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਇਸ ਗੱਲੋਂ ਵਚਨਬੱਧ ਹੈ ਕਿ ਸਕੂਲ ਵਾਹਨ ਸੁਰੱਖਿਆ ਮਾਪਦੰਡਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ, ਇਸ ਲਈ ਟਿੱਪਰਾਂ ਦੀ ਸਪੀਡ ਸੜਕਾਂ ਉਪਰ ਚੱਲਣ ਸਮੇਂ 60 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤੋਂ ਬਿਨ੍ਹਾਂ ਹਰੇਕ ਟਿੱਪਰ ਵਿੱਚ ਸਪੀਡ ਗਵਰਨਰ ਲੱਗਿਆ ਹੋਵੇ ਤੇ ਸਕੂਲੀ ਬੱਸਾਂ ਵੱਲੋਂ ਵੀ ਸੇਫ਼ ਸਕੂਲ ਵਾਹਨ ਨੀਤੀ ਮੁਤਾਬਕ ਇੱਕ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਸਿਹਤ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਨੂੰ ਹਦਾਇਤ ਕੀਤੀ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਵੇਰੇ ਸਕੂਲ ਲੱਗਣ ਸਮੇਂ ਅਤੇ ਦੁਪਹਿਰ ਸਕੂਲਾਂ ਦੀ ਛੁੱਟੀ ਦੇ ਸਮੇਂ ਦੌਰਾਨ ਸੜਕਾਂ ਉਪਰ ਟਿੱਪਰ ਨਾ ਚੱਲਣ ਅਤੇ ਜੇਕਰ ਕੋਈ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਲਈ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਮਿਲੀਭੁਗਤ ਸਾਹਮਣੇ ਆਈ ਤਾਂ ਸਰਕਾਰ ਉਸਨੂੰ ਵੀ ਨਹੀਂ ਬਖ਼ਸ਼ੇਗੀ। ਉਨ੍ਹਾਂ ਟ੍ਰੈਫਿਕ ਪੁਲਿਸ, ਟਰਾਂਸਪੋਰਟ ਤੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸਾਰੇ ਟਿੱਪਰ ਤੇ ਟਰੱਕ ਡਰਾਇਵਰਾਂ ਸਮੇਤ ਸਕੂਲੀ ਬੱਸਾਂ ਦੇ ਚਾਲਕਾਂ ਦੀ ਫਿਟਨੈਸ ਜਾਂਚ, ਡੋਪ ਟੈਸਟ ਤੇ ਅੱਖਾਂ ਦੀ ਨਜ਼ਰ ਜਾਂਚ ਸਮੇਤ ਇਨ੍ਹਾਂ ਨੂੰ ਆਵਾਜਾਈ ਨੇਮਾਂ ਦੀ ਟ੍ਰੇਨਿੰਗ ਕਰਵਾਉਣੀ ਵੀ ਯਕੀਨੀ ਬਣਾਈ ਜਾਵੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੀਤੇ ਦਿਨ ਹੋਇਆ ਹਾਦਸਾ ਅਸਹਿ ਹੈ, ਇਸ ਲਈ ਸਮੂਹ ਅਧਿਕਾਰੀ ਇਸ ਗੱਲ ਦੀ ਸਹੁੰ ਚੁੱਕਣ ਕਿ ਉਹ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ, ਕਿਉਂਕਿ ਕਿਸੇ ਦੀ ਵੀ ਜਾਨ ਸੜਕ ਹਾਦਸੇ ਵਿੱਚ ਅਜਾਂਈ ਚਲੀ ਜਾਣੀ ਪਰਿਵਾਰਕ ਮੈਂਬਰਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੁੰਦਾ ਹੈ। ਉਨ੍ਹਾਂ ਨੇ ਰਾਜਿੰਦਰਾ ਹਸਪਤਾਲ ਮੂਹਰੇ ਤੇ ਸੜਕਾਂ ’ਤੇ ਬਣੇ ਢਾਬਿਆਂ ਦੇ ਦੇਰ ਰਾਤ ਸਮੇਂ ਤੱਕ ਖੁੱਲ੍ਹੇ ਰੱਖਣ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਜ਼ਿਲ੍ਹਾ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਅਜਿਹੇ ਢਾਬਿਆਂ ਦਾ ਸਮੇਂ ਸਿਰ ਬੰਦ ਕਰਨਾ ਯਕੀਨੀ ਬਣਾਇਆ ਜਾਵੇ।

ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਸ਼ਹਿਰ ਵਿੱਚ ਅਤੇ ਲੰਮੇ ਰੂਟ ਦੀਆਂ ਸੜਕਾਂ ਉਪਰ ਸਪੀਡ ਟੇਬਲ ਬਣਨ ਤੇ ਸਪੀਡ ਲਿਮਿਟ ਦੇ ਬੋਰਡ ਥਾਂ-ਥਾਂ ਲਗਾਏ ਜਾਣ। ਉਨ੍ਹਾਂ ਆਰ.ਟੀ.ਏ. ਨੂੰ ਹਦਾਇਤ ਕੀਤੀ ਕਿ ਸਕੂਲੀ ਬੱਸਾਂ ਤੇ ਹੋਰ ਵਾਹਨਾਂ, ਜਿਨ੍ਹਾਂ ਵਿੱਚ ਸਕੂਲੀ ਬੱਚੇ ਜਾਂਦੇ ਹਨ ਸਮੇਤ ਟਿੱਪਰਾਂ ਤੇ ਟਰੱਕਾਂ ਦੀ ਆਵਾਜਾਈ ਨੂੰ ਸਖ਼ਤੀ ਨਾਲ ਚੈਕਿੰਗ ਕਰਕੇ ਹਾਦਸਿਆਂ ਦਾ ਕਾਰਨ ਬਣਨ ਵਾਲੇ ਚਾਲਕਾਂ ਵਿਰੁੱਧ ਸਖ਼ਤੀ ਵਰਤੀ ਜਾਵੇ। ਉਨ੍ਹਾਂ ਨੇ ਸ਼ਹਿਰ ਵਿੱਚ ਸਕੂਲਾਂ ਦੁਆਲੇ ਟ੍ਰੈਫਿਕ ਨੂੰ ਨਿਯਮਤ ਕਰਨ ਲਈ ਇਨ੍ਹਾਂ ਸਕੂਲਾਂ ਦੀ ਛੁੱਟੀ ਦਾ ਸਮਾਂ ਆਪਸ ’ਚ ਬਦਲਕੇ ਨਿਰਧਾਰਤ ਕਰਨ ਦੀ ਵੀ ਹਦਾਇਤ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਅਜਿਹੇ ਹਾਦਸੇ ਮੁੜ ਨਾ ਵਾਪਰਨ ਸਬੰਧੀ ਸਬੰਧਤ ਵਿਭਾਗਾਂ ਦੇ ਸਮੂਹ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਕੂਲ ਮੁਖੀਆਂ ਨਾਲ ਹਰ ਸਬ ਡਵੀਜਨ ਵਿਖੇ ਬੈਠਕਾਂ ਕਰਕੇ ਸਕੂਲ ਪ੍ਰਬੰਧਕਾਂ ਤੇ ਮਾਪਿਆਂ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਵਾਉਣਾ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਜਿਹੜੇ ਮਾਪਿਆਂ ਨੇ ਪ੍ਰਾਈਵੇਟ ਟਰਾਂਸਪੋਰਟ ਲਗਾਈ ਹੋਈ ਹੈ, ਉਨ੍ਹਾਂ ਨਾਲ ਵੀ ਮੀਟਿੰਗਾਂ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲਾਂ ਤੇ ਹਸਪਤਾਲਾਂ ਦੇ ਮਾਮਲੇ ਵਿੱਚ ਕੋਈ ਵੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਮਾਡਲ ਸਕੂਲ ਵਿਖੇ ਅੱਜ ਕੈਮਿਸਟਰੀ ਲੈਬ ਦਾ ਕੀਤਾ ਗਿਆ ਉਦਘਾਟਨ



ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੱਜ ਕੈਮਿਸਟਰੀ ਲੈਬ ਜਿਸ ਨੂੰ ਐਨ.ਐਸ.ਐਸ ਵਿਭਾਗ ਦੇ ਸਾਬਕਾ ਮੁਖੀ ਸ੍ਰ. ਬਲਤੇਜ ਸਿੰਘ ਮਾਨ ਜੀ ਦੇ ਸਹਿਯੋਗ ਨਾਲ ਠੀਕ ਕਰਵਾਈ ਗਈ ਹੈ, ਦਾ ਉਦਘਾਟਨ ਡਾ. ਬਲਰਾਜ ਸੈਣੀ, ਡੀਨ ਕਾਲਜ ਵਿਕਾਸ ਕੌਂਸਲ ਦੀ ਰਹਿਨੁਮਾਈ ਹੇਠ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਸਕੂਲ ਨਾਲ ਕਾਫੀ ਸਮੇਂ ਪਹਿਲਾ ਤੋ ਹੀ ਲਗਾਵ ਹੈ ਉਨ੍ਹਾਂ ਦੇ ਦੋਵੇਂ ਬੱਚੇ ਇਸ ਸਕੂਲ ਤੋਂ ਪੜ੍ਹ ਕੇ ਆਪਣੇ-ਆਪਣੇ ਜੀਵਨ ਵਿੱਚ ਕਾਮਯਾਬ ਹੋਏ ਹਨ ਅਤੇ ਇਨ੍ਹਾਂ ਵਿਚੋਂ ਦੋਵੇਂ ਬੱਚੇ ਅਮਰੀਕਾ ਵਿਖੇ ਅਫ਼ਸਰ ਵਜੋਂ ਤੈਨਾਂਤ ਹਨ। ਦੋਵੇਂ ਬੱਚੇ ਆਪਣੇ ਸਮੇਂ ਦੇ ਸਾਇਕਲਿੰਗ ਵਿੱਚ ਗੋਲਡ ਮੈਡਲਿਸਟ ਰਹੇ ਹਨ। ਉਨ੍ਹਾਂ ਵੱਲੋਂ ਇਹ ਦੀ ਪ੍ਰਗਟਾਇਆ ਗਿਆ ਕਿ ਉਨ੍ਹਾਂ ਨੂੰ ਸਕੂਲ ਵਿਖੇ ਵਿਜ਼ਿਟ ਕਰਕੇ ਬਹੁਤ ਵਧੀਆ ਲੱਗਦਾ ਹੈ ਅਤੇ ਉਹ ਭਵਿੱਖ ਵਿੱਚ ਵੀ ਸਕੂਲ ਦੇ ਸਹਿਯੋਗ ਕਰਨ ਲਈ ਹਰ ਸਮੇਂ ਬਰਕਰਾਰ ਰਹਿਣਗੇ। ਇਸ ਮੌਕੇ ਸਕੂਲ ਦੇ ਇੰਚਾਰਜ ਸ੍ਰ. ਸਤਵੀਰ ਸਿੰਘ ਗਿੱਲ ਵੱਲੋਂ ਉਨ੍ਹਾਂ ਦੁਆਰਾ ਦਿੱਤੇ ਗਏ ਸਹਿਯੋਗ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਡਾ. ਰਗੀਨਾ ਮੈਣੀ, ਸੀਨੀਅਰ ਮੈਡੀਕਲ ਅਫ਼ਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੀ.ਟੀ.ਏ ਦੇ ਪ੍ਰਧਾਨ ਡਾ. ਕਸ਼ਮੀਰ ਸਿੰਘ ਵਿਸੇਸ਼ ਮਹਿਮਾਨ ਵਜੋਂ ਹਾਜਰ ਰਹੇ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਵੀ ਮੌਜੂਦ ਰਿਹਾ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਅਤੇ ਅਧਿਕਾਰੀਆਂ ਨਾਲ ਕੀਤੀ ਮੁਲਾਕਾਤ



**ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਫ਼ਤਰ ਪੁੱਜੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਬੋਰਡ ਦੇ ਚੇਅਰਮੈਨ ਡਾ. ਅਦਰਸ਼ਪਾਲ ਵਿੱਗ ਬੋਰਡ ਵੱਲੋਂ ਤਿਆਰ ਕੀਤੀ ਗੰਡੋਆ ਖਾਦ ਤੇ ਪਲਾਸਟਿਕ ਬੈਗ ਦੀ ਵਰਤੋਂ ਬੰਦ ਕਰਨ ਦਾ ਸੰਦੇਸ਼ ਦਿੰਦੇ ਹੋਏ ਕੱਪੜੇ ਤੋਂ ਬਣੇ ਥੈਲੇ ਭੇਂਟ ਕਰਦੇ ਹੋਏ।**

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਅੱਜ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁੱਖ ਦਫ਼ਤਰ ਵਿਖੇ ਪੁੱਜ ਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਡਾ. ਅਦਰਸ਼ਪਾਲ ਵਿੱਗ ਨਾਲ ਬੈਠਕ ਕੀਤੀ।

ਮੀਟਿੰਗ ਦੌਰਾਨ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਵਾਤਾਵਰਣ ਦੀ ਸਾਂਭ ਸੰਭਾਲ ਸਬੰਧੀ ਬੋਰਡ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸੰਸਾ ਕੀਤੀ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਉਪਰਾਲਿਆਂ ਤੇ ਜ਼ੋਰ ਦੇਣ ਲਈ ਵਿਚਾਰਾਂ ਹੋਈਆਂ।

ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਟਿਆਲਾ ਜ਼ਿਲ੍ਹੇ ਸਮੇਤ ਨਾਭਾ ਹਲਕੇ ਵਿੱਚ ਕਈ ਥਾਈਂ ਦੂਸ਼ਿਤ ਹੋ ? ਰਹੇ ਧਰਤੀ ਹੇਠਲੇ ਪਾਣੀ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ। ਇਸ ਮੌਕੇ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਮੈਂਬਰ ਸਕੱਤਰ ਗੁਰਿੰਦਰ ਸਿੰਘ ਮਜੀਠੀਆ ਅਤੇ ਰਾਜ ਕੁਮਾਰ ਰੱਤੜਾ, ਚੀਫ਼ ਇੰਜੀਨੀਅਰ ਵੀ ਹਾਜ਼ਰ ਸਨ।

ਬੋਰਡ ਦੇ ਚੇਅਰਮੈਨ ਡਾ. ਅਦਰਸ਼ਪਾਲ ਵਿੱਗ ਵੱਲੋਂ ਚੇਅਰਮੈਨ ਜੱਸੀ ਸੋਹੀਆਂਵਾਲਾ ਨੂੰ ਬੋਰਡ ਵੱਲੋਂ ਤਿਆਰ ਕੀਤੀ ਵਰਮੀ ਕੰਪੋਸਟਿੰਗ (ਗੰਡੋਆ ਖਾਦ) ਬਣਾਉਣ ਦੀ ਵਿਧੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਅਤੇ ਪਲਾਸਟਿਕ ਬੈਗ ਦੀ ਵਰਤੋਂ ਬੰਦ ਕਰਨ ਦਾ ਸੰਦੇਸ਼ ਦਿੰਦੇ ਹੋਈ ਕੱਪੜੇ ਤੋਂ ਬਣੇ ਥੈਲੇ ਉਚੇਚੇ ਤੌਰ ਤੇ ਭੇਂਟ ਕੀਤੇ।

# ਭਾਰਤੀ ਮਿਆਰ ਬਿਊਰੋ ਵੱਲੋਂ ਸਮਾਣਾ ਬਲਾਕ ਵਿਖੇ ਪੰਚਾਂ ਸਰਪੰਚਾਂ ਅਤੇ ਸਕੱਤਰਾਂ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ



ਸਮਾਣਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਮਿਆਰ ਬਿਊਰੋ (ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ, ਭਾਰਤ ਸਰਕਾਰ) ਵਲੋਂ ਬੀ ਡੀ ਪੀ ਦਫਤਰ ਸਮਾਣਾ ਬਲਾਕ ਵਿਖੇ ਪਰਵਾਣੂ ਬ੍ਰਾਂਚ ਦੇ ਡਾਇਰੈਕਟਰ ਸ੍ਰੀ ਐਸ ਸੀ ਨਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਲਈ ਖੇਤੀ ਦੇ ਅਧਾਰਿਤ ਅਤੇ ਹੋਰ ਲੋੜਾਂ ਅਨੁਸਾਰ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਤਕਰੀਬਨ 70 ਸਰਪੰਚਾਂ , ਪੰਚਾਂ ਅਤੇ ਸਕੱਤਰਾਂ ਨੂੰ ਜਾਣਕਾਰੀ ਅਧਾਰਿਤ ਈ- ਕਿਤਾਬਚਾ ਵੰਡਿਆ ਗਿਆ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਸ਼ਾ ਸਿੰਗਲ ਦੇ ਸਹਿਯੋਗ ਨਾਲ ਸਮਾਣਾ ਬਲਾਕ ਵਿਖੇ ਆਯੋਜਿਤ ਇਸ ਸਮਾਗਮ ਦੌਰਾਨ ਭਾਗੀਦਾਰਾਂ ਨੂੰ ਕਿਸੇ ਵੀ ਵਿਕਾਸ ਗਤੀਵਿਧੀ ਜਾਂ ਨਿੱਜੀ ਲੋੜਾਂ ਲਈ ਗੁਣਵੱਤਾ ਵਾਲੀਆਂ ਚੀਜ਼ਾਂ ਦੀ ਖਰੀਦ ਲਈ ਮਿਆਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਭਾਗੀਦਾਰਾਂ ਨੇ ਬੀ ਆਈ ਐਸ ਕੇਅਰ ਐਪ ਨੂੰ ਵੀ ਆਪਣੇ ਮੋਬਾਈਲ ਉੱਪਰ ਡਾਊਨਲੋਡ ਕੀਤਾ ਅਤੇ ਅਸਲ ਆਈ ਐਸ ਆਈ ਮਾਰਕ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਲਈ ਇਸ ਐਪ ਦੀ ਵਰਤੋਂ ਕਰਨਾ ਸਿੱਖਿਆ ਤਾਂ ਜੋ ਰੋਜ਼ਾਨਾ ਜੀਵਨ ਵਿੱਚ ਮਿਆਰਾਂ ਬਾਰੇ ਉਹਨਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਸਕੇ। ਭਾਗੀਦਾਰਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਬੀਆਈਐਸ ਦੁਆਰਾ ਪ੍ਰਦਾਨ ਕੀਤੀ ਗਈ ਸਰੋਤ ਸਮੱਗਰੀ ਭਾਗੀਦਾਰਾਂ ਵਿੱਚ ਵੰਡੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਬੀ ਆਈ ਐਸ ਦੇ ਰਿਸੋਰਸ ਪਰਸਨ ਦੁਆਰਾ ਪੰਚਾਇਤ ਪੱਧਰ ’ਤੇ ਮਿਆਰਾਂ ਦੀ ਮਹੱਤਤਾ ਬਾਰੇ ਦੱਸ ਕੇ ਕੀਤੀ ਗਈ।

ਭਾਗੀਦਾਰਾਂ ਨੂੰ ਦੱਸਿਆ ਗਿਆ ਕਿ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਵਾਲੇ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪੱਧਰਾਂ ’ਤੇ ਨਵੇਂ ਯਤਨ ਕੀਤੇ ਜਾ ਰਹੇ ਹਨ। ਪੰਚਾਇਤ ਪੱਧਰ ’ਤੇ ਨਿਰਮਾਣ ਅਤੇ ਖਰੀਦਦਾਰੀ ਵਿੱਚ ਭਾਰਤੀ ਮਿਆਰਾਂ ਨੂੰ ਉਤਸ਼ਾਹਿਤ ਕਰਨ ਲਈ, ਸੰਵੇਦਨਸ਼ੀਲਤਾ ਵਰਕਸ਼ਾਪਾਂ ਦੌਰਾਨ ਪੰਚਾਇਤਾਂ ਅਤੇ ਆਮ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਸਮੱਗਰੀਆਂ ਨਾਲ ਸਬੰਧਤ ਮਿਆਰਾਂ ਨੂੰ ਸਪੱਸ਼ਟ ਤੌਰ ’ਤੇ ਸਮਝਾਇਆ ਗਿਆ ਹੈ।

# ਭਾਰਤ ਵਿਕਾਸ ਪ੍ਰੀਸ਼ਦ ਦੁਆਰਾ ਬੱਚਿਆਂ ਨੂੰ ਚੰਗੇ ਭਵਿੱਖ ਲਈ ਜਾਗਰੂਕ ਕੀਤਾ



ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਵਿਕਾਸ ਪ੍ਰੀਸ਼ਦ ਸ਼ਿਵਾਜੀ ਸ਼ਾਖਾ ਨੇ ਬੱਚਿਆਂ ਨੂੰ ਚੰਗੇ ਭਵਿੱਖ ਲਈ ਉਤਸ਼ਾਹਿਤ ਕਰਨ ਲਈ ਔਰੋਬਿੰਦੋ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਜਤਿੰਦਰ ਕੁਮਾਰ ਚਾਰਟਰਡ ਅਕਾਊਂਟੈਂਟ ਨੇ ਇੱਕ ਭਾਸ਼ਣ ਦਿੱਤਾ। ਉਨ੍ਹਾਂ ਦੱਸਿਆ ਕਿ ਬੱਚੇ ਆਪਣੇ ਭਵਿੱਖ ਨੂੰ ਕਿਵੇਂ ਰੌਸ਼ਨ ਕਰ ਸਕਦੇ ਹਨ ਕਿਉਂਕਿ ਅੱਜਕੱਲ੍ਹ ਬੱਚਿਆਂ ਲਈ ਆਪਣਾ ਭਵਿੱਖ ਚੁਣਨਾ ਇੱਕ ਸਮੱਸਿਆ ਹੈ।

ਇਸ ਭਾਸ਼ਣ ਰਾਹੀਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਭਵਿੱਖ ਨੂੰ ਕਿਵੇਂ ਉਜਵਲ ਬਣਾ ਸਕਦੇ ਹਨ। ਇਸ ਪ੍ਰੋਗਰਾਮ ਵਿੱਚ 187 ਬੱਚਿਆਂ ਤੋਂ ਇਲਾਵਾ, ਸਕੂਲ ਦੇ ਪ੍ਰਿੰਸੀਪਲ ਅਤੇ ਕਈ ਅਧਿਆਪਕਾਂ ਨੇ ਵੀ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਨੀਰਜਾ ਸੇਠੀ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਇਸ ਕੰਮ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਬੱਚਿਆਂ ਦੇ ਭਵਿੱਖ ਲਈ ਬਹੁਤ ਵਧੀਆ ਕੰਮ ਹੈ।

ਇਸ ਮੌਕੇ ਕਰਮਵੀਰ ਪੁਰੀ ਪ੍ਰਧਾਨ, ਆਦੇਸ਼ ਗੁਪਤਾ ਸਕੱਤਰ, ਰਾਜਿੰਦਰ ਮੋਹਨ ਬਾਂਸਲ ਕੈਸ਼ੀਅਰ, ਜਤਿੰਦਰ ਕੁਮਾਰ, ਬੀ.ਐਮ. ਗੋਇਲ, ਇੰਦਰ ਮੋਹਨ ਮਹਾਜਨ, ਬਲਰਾਮ ਧੀਮਾਨ, ਨਰਿੰਦਰ ਭਨੋਟ, ਜੋਤੀ ਜੱਗਾ, ਮੰਜੂਸ਼ਾ ਬਾਂਸਲ, ਸੁਮਨ ਬਾਂਸਲ, ਅਤੇ ਹੋਰ ਵੀ ਕਈ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਆਰਸੇਟੀ ਵੱਲੋਂ ਫਾਸਟ ਫੂਡ ਸਟਾਲ ਕੋਰਸ ਦੀ ਸ਼ੁਰੂਆਤ



ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਟੇਟ ਬੈਂਕ ਆਫ਼ ਇੰਡੀਆ ਦੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਅੱਜ ਪਿੰਡ ਜੱਸੋਵਾਲ ਵਿਖੇ ਫਾਸਟ ਫੂਡ ਸਟਾਲ ਕੋਰਸ ਸ਼ੁਰੂ ਕੀਤਾ ਗਿਆ।

ਕੋਰਸ ਦੀ ਸ਼ੁਰੂਆਤ ਮੌਕੇ ਰੋਜ਼ਗਾਰ ਵਿਭਾਗ ਪਟਿਆਲਾ ਦੇ ਸੀ.ਈ.ਓ. ਸਤਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਨੇ ਕਿਹਾ ਕਿ ਭਾਰਤੀ ਸਟੇਟ ਬੈਂਕ ਵੱਲੋਂ ਚਲਾਈ ਜਾ ਰਹੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਇੱਕ ਬਹੁਤ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਸਵੈ ਰੋਜ਼ਗਾਰ ਨੂੰ ਵਧਾਉਣ ਵਿੱਚ ਬੈਂਕ ਵੱਲੋਂ ਚਲਾਈ ਜਾਂ ਰਹੀ ਇਸ ਸੰਸਥਾ ਦਾ ਵੱਡਾ ਯੋਗਦਾਨ ਹੈ9 ਉਹਨਾਂ ਸੰਸਥਾ ਵਿੱਚ ਮੌਜੂਦ ਸਹੂਲਤਾਂ ਅਤੇ ਟ੍ਰੇਨਿੰਗ ਪੱਧਰ ਦੀ ਸ਼ਲਾਘਾ ਕੀਤੀ। ਇਸ 12 ਦਿਨਾਂ ਕੋਰਸ ਵਿੱਚ ਅਲੱਗ ਅਲੱਗ ਤਰ੍ਹਾਂ ਦੀਆਂ ਖਾਣ ਵਾਲ਼ੀਆਂ ਵਸਤੂਆਂ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਆਰਸੇਟੀ ਪਟਿਆਲਾ ਤੋਂ ਬਲਜਿੰਦਰ ਸਿੰਘ, ਹਰਦੀਪ ਸਿੰਘ ਰਾਏ, ਅਜੀਤ ਇੰਦਰ ਸਿੰਘ, ਅਰਸ਼ਦੀਪ ਕੌਰ ਤੇ ਜਸਵਿੰਦਰ ਸਿੰਘ ਸ਼ਾਮਲ ਰਹੇ।

ਐਸ.ਬੀ.ਆਈ ਆਰਸੇਟੀ ਫੈਕਲਟੀ ਨੇ ਦੱਸਿਆ ਕਿ ਬੱਕਰੀ ਪਾਲਣ, ਕੰਪਿਊਟਰ ਅਕਾਊਂਟਿੰਗ, ਜੂਟ ਦੇ ਪ੍ਰੋਡਕਟਸ, ਡੇਅਰੀ ਫਾਰਮਿੰਗ, ਟੇਲਰਿੰਗ, ਬਿਊਟੀ ਪਾਰਲਰ ਆਦਿ ਸਿਖਲਾਈ ਕੋਰਸਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਨਾਮ ਦਰਜ ਕਰਵਾਉਣਾ ਆਰਸੇਟੀ, ਪਟਿਆਲਾ ਵਿਖੇ ਸ਼ੁਰੂ ਕੀਤਾ ਗਿਆ ਹੈ। ਇਸ ਕੋਰਸ ਲਈ ਪੇਂਡੂ ਖੇਤਰ ਤੋਂ ਮਹਿਲਾ ਅਤੇ ਹੋਰ ਬੇਰੁਜ਼ਗਾਰ ਲੋੜਵੰਦਾਂ ਵੱਧ ਤੋਂ ਵੱਧ ਇਸ ਕੋਰਸ ਲਈ ਰਜਿਸਟਰ ਕੀਤਾ ਜਾ ਰਿਹਾ ਹੈ। ਇਸ ਲਈ ਉਮਰ 18 ਤੋ 45 ਵਰਗ ਦੇ ਉਮੀਦਵਾਰ ਅਪਲਾਈ ਕਰ ਸਕਦੇ ਹਨ ਤੇ ਇਹ ਸਾਰੇ ਕੋਰਸ ਮੁਫ਼ਤ ਹਨ।

# ਡਪਟੀ ਕਮਿਸ਼ਨਰ ਨੇ ਸਿਵਲ ਡਿਫੈਂਸ ਮੌਕ ਡ੍ਰਿਲ ਤੇ ਬਲੈਕ ਆਊਟ ਦੌਰਾਨ ਜ਼ਿਲ੍ਹਾ ਨਿਵਾਸੀਆਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ 7 ਮਈ ਨੂੰ ਜ਼ਿਲ੍ਹੇ ਵਿੱਚ ਬਲੈਕ ਆਊਟ ਤੇ ਨਾਗਰਿਕ ਸੁਰੱਖਿਆ ਦੀ ਕਰਵਾਈ ਗਈ ਮੌਕ ਡ੍ਰਿਲ ਦੌਰਾਨ ਜ਼ਿਲ੍ਹਾ ਨਿਵਾਸੀ ਨਾਗਰਿਕਾਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੰਜੀਦਾ ਹੈ, ਇਸ ਲਈ ਲੋਕ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਉਪਰ ਯਕੀਨ ਨਾ ਕਰਨ ਸਗੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਅਧਿਕਾਰਤ ਸਰੋਤਾਂ ਰਾਹੀਂ ਮੁਹੱਈਆ ਕਰਵਾਈ ਜਾਣ ਵਾਲੀ ਜਾਣਕਾਰੀ ਉਪਰ ਹੀ ਯਕੀਨ ਕਰਨ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਬਲੈਕ ਆਊਟ ਦੌਰਾਨ ਉਨ੍ਹਾਂ ਨੇ ਦੇਖਿਆ ਕਿ ਫ਼ਲਾਂ ਤੇ ਸਬਜੀਆਂ ਦੀਆਂ ਰੇਹੜੀਆਂ, ਫੜੀਆਂ ਸਮੇਤ ਬਹੁਤ ਸਾਰੀਆਂ ਦੁਕਾਨਾਂ ਤੇ ਹੋਰ ਵਪਾਰਕ ਅਦਾਰਿਆਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਲਾਇਟਾਂ ਜਲਦੀਆਂ ਰਹੀਆਂ ਅਤੇ ਕਈ ਥਾਵਾਂ ’ਤੇ ਸੀ.ਸੀ.ਟੀ.ਵੀ. ਕੈਮਰਿਆਂ ਤੇ ਸੋਲਰ ਲਾਇਟਾਂ ਵੀ ਜਲਦੀਆਂ ਪਾਈਆਂ ਗਈਆਂ, ਜਿਸ ਲਈ ਲੋਕ ਭਵਿੱਖ ਵਿੱਚ ਆਪਣੀ ਤੇ ਹੋਰਨਾਂ ਦੀ ਨਾਗਰਿਕ ਸੁਰੱਖਿਆ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੀਆਂ ਹਦਾਇਤਾਂ ਦੀ ਗੰਭੀਰਤਾ ਨਾਲ ਪਾਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਬਲੈਕ ਆਊਟ ਤੇ ਹੋਰ ਨਾਗਰਿਕ ਸੁਰੱਖਿਆ ਦੀਆਂ ਗਤੀਵਿਧੀਆਂ ਲੋਕਾਂ ਦੀ ਸੁਰੱਖਿਆ ਲਈ ਹੀ ਕਰਵਾਈਆਂ ਜਾਂਦੀਆਂ ਹਨ, ਇਸ ਲਈ ਹਰੇਕ ਨਾਗਰਿਕ ਪ੍ਰਸ਼ਾਸਨ ਨੂੰ ਸਹਿਯੋਗ ਕਰਨਾ ਵੀ ਯਕੀਨੀ ਬਣਾਵੇ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਬਲੈਕ ਆਊਟ ਦੀ ਅਗਲੀ ਕਿਸੇ ਸਥਿਤੀ ਵਿੱਚ ਤੁਰੰਤ ਹਰਕਤ ਵਿੱਚ ਆਉਣਾ ਯਕੀਨੀ ਬਣਾਉਣ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲੈਕ ਆਊਟ ਤੇ ਸਿਵਲ ਡਿਫੈਂਸ ਮੌਕ ਡ੍ਰਿਲ, ਹਵਾਈ ਹਮਲਿਆਂ ਦੀ ਚੇਤਾਵਨੀ ਵਾਲੇ ਸਾਇਰਨ ਵੱਜਣ ਦੀ ਸੂਰਤ ’ਚ ਸੁਰੱਖਿਆ ਬਲਾਂ ਤੇ ਆਮ ਲੋਕਾਂ ਦੀ ਭੂਮਿਕਾ ਤੇ ਜਿੰਮੇਵਾਰੀਆਂ ਨੂੰ ਸਮਝਣ ਦੀ ਵਿੱਚ ਮਦਦ ਕਰਦੀ ਹੈ। ਇਸ ਲਈ ਭਵਿੱਖ ਵਿੱਚ ਅਜਿਹਾ ਹੋਣ ਦੀ ਸੂਰਤ ’ਚ ਲੋਕ ਸਾਵਧਾਨੀਆਂ ਵਰਤਣ ਤੇ ਸੋਸ਼ਲ ਮੀਡੀਆ ਉਪਰ ਅਫ਼ਵਾਹਾਂ ਫੈਲਾਉਣ ਤੋਂ ਵੀ ਗੁਰੇਜ਼ ਕਰਨ ਤੇ ਨਾ ਹੀ ਅਜਿਹੀਆਂ ਅਫ਼ਵਾਹਾਂ ਉਪਰ ਯਕੀਨ ਕਰਨ।

ਉਨ੍ਹਾਂ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਤੇ ਡਾਇਰੈਕਟਰ ਜਨਰਲ ਆਫ਼ ਫਾਇਰ ਸਰਵਿਸ, ਸਿਵਲ ਡਿਫੈਂਸ ਤੇ ਹੋਮ ਗਾਰਡਜ਼ ਦੀਆਂ ਹਦਾਇਤਾਂ ਮੁਤਾਬਕ ਹਵਾਈ ਹਮਲੇ ਹੋਣ ਦੀ ਸੂਰਤ ’ਚ ਨਜ਼ਦੀਕੀ ਆਸਰਾ ਸਥਾਨਾਂ ਦੀ ਪਛਾਣ ਕਰੋ, ਜਿਵੇਂ ਕਿ ਬੇਸਮੈਂਟ, ਭੂਮੀਗਤ ਕਾਰ ਪਾਰਕ, ਜਾਂ ਨਿਰਧਾਰਤ ਸੁਰੱਖਿਅਤ ਜ਼ੋਨ। ਇੱਕ ਮੁੱਢਲੀ ਐਮਰਜੈਂਸੀ ਕਿੱਟ ਤਿਆਰ ਰੱਖੋ, ਜਿਸ ਵਿੱਚ ਵਾਧੂ ਬੈਟਰੀਆਂ ਨਾਲ ਟਾਰਚ, ਪਾਣੀ ਦੀਆਂ ਬੋਤਲਾਂ, ਭੋਜਨ ਵਸਤੂਆਂ, ਮੁੱਢਲੀ ਸਹਾਇਤਾ ਕਿੱਟ ਆਦਿ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ ‘ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ ‘ਤੇ ਪੂਰਨ ਪਾਬੰਦੀ ਲਗਾਈ ਹੈ ਅਤੇ ਇਹ ਪਾਬੰਦੀ ਸੋਸ਼ਲ ਮੀਡੀਆ ‘ਤੇ ਵੀ ਲਾਗੂ ਰਹੇਗੀ। ਇਸ ਤੋਂ ਇਲਾਵਾ ਵਿਆਹ ਸ਼ਾਦੀਆਂ/ ਸਮਾਗਮਾਂ ਹੋਰ ਸਮਾਰੋਹਾਂ ਵਿੱਚ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ ‘ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਵੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ‘ਤੇ ਪੂਰਨ ਪਾਬੰਦੀ ਰਹੇਗੀ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾਗੂ ਹੋਵੇਗੀ। ਹੁਕਮ 8 ਜੁਲਾਈ 2025 ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

# ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ ਅਤੇ ਆਲੇ ਦੁਆਲੇ ਦੇ 200 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਵਿਖੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਅਤੇ ਇਸਦੇ ਆਲੇ ਦੁਆਲੇ ਲੱਗਦੇ 200 ਮੀਟਰ ਖੇਤਰ ਨੂੰ ‘ਨੋ ਡਰੋਨ ਜ਼ੋਨ’ ਘੋਸ਼ਿਤ ਕੀਤਾ ਹੈ। ਇਹ ਹੁਕਮ 8 ਜੁਲਾਈ 2025 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜਦੋਂ ਤੱਕ ਪੰਜਾਬ ਭ੍ਰਿਸ਼ਟਾਚਾਰ ਮੁਕਤ ਨਹੀਂ ਹੁੰਦਾ ਉਦੋ ਤੱਕ ਸੰਘਰਸ਼ ਨਹੀਂ ਰੁਕੇਗਾ : ਕਾਕਾ




ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਹਰੇਕ ਖੇਤਰ ਵਿਚੋਂ ਜੜ੍ਹੋਂ ਖਤਮ ਕਰਵਾਉਣ ਸਬੰਧੀ ਅਤੇ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦਿਵਾਉਣ ਲਈ ਨਿਊ ਪਟਿਆਲਾ ਵੈਲਫੇਅਰ ਕਲੱਬ ਪਿਛਲੇ ਲੰਮੇ ਸਮੇਂ ਤੋਂ ਅਵਾਜ ਬੁਲੰਦ ਕਰ ਸੰਘਰਸ਼ ਕਰਦਾ ਆ ਰਿਹਾ ਹੈ। ਇਸ ਨੂੰ ਲੈ ਕੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਭ੍ਰਿਸ਼ਟਾਚਾਰ ਦੇ ਵਿਰੁੱਧ ਕੋਈ ਕਦਮ ਨਾ ਚੁੱਕੇ ਜਾਣ ਤੇ ਮਾਨ ਸਰਕਾਰ ਖਿਲਾਫ ਨਾਅਰੇਬਾਜੀ ਕਰ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਭ੍ਰਿਸ਼ਟ ਸਿਸਟਮ ਤੋਂ ਬਹੁਤ ਦੁੱਖੀ ਹਨ ਐਸੇ ਸਿਸਟਮ ਤੋਂ ਮੁਕਤੀ ਚਾਹੁੰਦੇ ਹਨ, ਭ੍ਰਿਸ਼ਟਾਚਾਰ ਰੂਪੀ ਦੈਂਤ ਇੱਕ ਕਲੰਕ ਹੈ। ਜਿਸ ਨੂੰ ਮਿਟਾਉਣਾ ਬਹੁਤ ਜਰੂਰੀ ਹੈ, ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਭ੍ਰਿਸ਼ਟਾਚਾਰ ਤੇ ਹੁਣ ਤੱਕ ਬਹਿਸ ਤੇ ਰਾਜਨੀਤੀ ਹੀ ਹੁੰਦਾ ਆਈ ਹੈ ਪਰ ਭ੍ਰਿਸ਼ਟਾਚਾਰ ਤੋਂ ਮੁਕਤੀ ਦਿਵਾਉਣ ਲਈ ਹਲ ਕਿਸੀ ਸਰਕਾਰ ਨੇ ਨਹੀ ਕੱਢਿਆ, ਉਲਟਾ ਭ੍ਰਿਸ਼ਟਾਚਾਰੀਆਂ ਦਾ ਮਾਫੀਆ ਰਾਜ ਹੀ ਚਲ ਰਿਹਾ ਹੈ, ਅੱਜ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਇਸ ਤਰ੍ਹਾਂ ਮਜਬੂਤ ਬਣ ਚੁੱਕੀਆਂ ਹਨ ਜਿਸ ਨੂੰ ਪੁੱਟਣ ਲਈ ਸਾਨੂੰ ਇੱਕ ਹੋਰ ਜੰਗ ਲੜਨ ਦੀ ਲੋੜ ਹੈ, ਭ੍ਰਿਸ਼ਟਾਚਾਰੀ ਪੰਜਾਬ ਨੂੰ ਘੁਣ ਵਾਂਗ ਅੰਦਰੋ ਅਦਰੀ ਖਾ ਰਹੇ ਹਨ ਜਿਨ੍ਹਾਂ ਕਰਕੇ ਪੰਜਾਬ ਕਰਜੇ ਦੇ ਬੋਝ ਹੇਠਾਂ ਦੱਬ ਗਿਆ ਹੈ। ਜੇਕਰ ਕੋਈ ਵੀ ਅਧਿਕਾਰ ਜਾਂ ਕਰਮਚਾਰੀ ਭ੍ਰਿਸ਼ਟਾਚਾਰ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਨੌਕਰੀ ਤੋਂ ਡਿਸਮਿਸ ਕਰਕੇ ਉਸਦੀ ਸਰਵਿਸ ਦੌਰਾਨ ਬਣਾਇਆ ਗੈਰ ਕਾਨੂੰਨੀ ਜਾਇਦਾਦਾਂ ਨੂੰ ਤੁਰੰਤ ਜਬਤ ਕਰਕੇ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜ਼ੋ ਭ੍ਰਿਸ਼ਟਾਚਾਰੀਆਂ ਨੂੰ ਇੱਕ ਸੰਦੇਸ਼ ਹੋਵੇਗਾ ਹੁਣ ਅਸੀਂ ਬਚ ਨਹੀਂ ਸਕਦੇ। ਭ੍ਰਿਸ਼ਟਾਚਾਰੀਆਂ ਤੇ ਨਕੇਲ ਕਸਣਾ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਖਾਲੀ ਮੁਕੱਦਮੇ ਦਰਜ ਕਰਨ ਨਾਲ ਨਹੀਂ ਸਖਤ ਕਾਨੂੰਨ ਬਣਾਕੇ ਪੰਜਾਬ ਵਿੱਚੋਂ ਲਾਗੂ ਕੀਤਾ ਜਾਵੇ ਤਾਂ ਜ਼ੋ ਤਿੰਨ ਮਹੀਨਿਆਂ ਵਿੱਚ ਇਸ ਦਾ ਫੈਸਲਾ ਕਰਕੇ ਭ੍ਰਿਸ਼ਟਾਚਾਰੀਆਂ ਨੂੰ ਉਸ ਦੀ ਸਜ਼ਾ ਸਖਤ ਤੋਂ ਸਖਤ ਮਿਲ ਸਕੇ। ਕੋਈ ਖੇਤਰ ਇਹੋ ਜਿਹਾ ਨਹੀਂ ਜਿੱਥੇ ਭ੍ਰਿਸ਼ਟਾਚਾਰ ਨਹੀਂ ਹੈ। ਅੱਜ ਭ੍ਰਿਸ਼ਟਾਚਾਰ ਹੇਠ ਤੋਂ ਲੈ ਕੇ ਉਪਰ ਤੱਕ ਫੈਲ ਚੁੱਕਾ ਹੈ ਭ੍ਰਿਸ਼ਟਾਚਾਰੀ ਆਪਣੇ ਆਹੁਦਿਆਂ ਦਾ ਇਸਤੇਮਾਲ ਕਰਕੇ ਹਰ ਗਰੀਬ ਅਮੀਰ ਵਿਅਕਤੀ ਦਾ ਸ਼ੋਸ਼ਣ ਕਰ ਰਹੇ ਹਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਜਦੋਂ ਤੱਕ ਪੰਜਾਬ ਭ੍ਰਿਸ਼ਟਾਚਾਰ ਮੁਕਤ ਨਹੀਂ ਹੁੰਦਾ ਉਦੋ ਤੱਕ ਸੰਘਰਸ਼ ਨਹੀਂ ਰੁਕੇਗਾ। ਇਸ ਮੌਕੇ ਕ੍ਰਿਸ਼ਨ ਕੁਮਾਰ, ਜਰਨੈਲ ਸਿੰਘ, ਧਰਮਪਾਲ, ਵਿਜੇ ਕੁਮਾਰ, ਜ਼ਸਵੀਰ ਸਿੰਘ, ਰਾਜੇਸ਼ ਕਪੂਰ, ਕੁਲਜੀਤ ਸਿੰਘ, ਜਗਤਾਰ ਸਿੰਘ, ਮਾਨ ਸਿੰਘ, ਚਰਨਜੀਤ ਚੌਹਾਨ, ਲਖਵਿਦੰਰ ਸਿੰਘ, ਸੰਤ ਸਿੰਘ, ਨੰਦ ਲਾਲ, ਸਰਵਨ ਕੁਮਾਰ, ਅਰੁਣ ਕੁਮਾਰ, ਪ੍ਰਕਾਸ਼ ਸਿੰਘ, ਸੁਖਵਿੰਦਰ ਸਿੰਘ, ਸੂਰਜ ਕੁਮਾਰ, ਬਾਲ ਮੁਕਦ ਗੌਤਮ ਆਦਿ ਹਾਜਰ ਸਨ।

# ਐਨ ਸੀ ਸੀ ਕੈਡਿਟਸ ਵਲੋਂ ਨਸ਼ਿਆਂ ਵਿਰੁੱਧ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਤਿਆਰ ਰਹਿਣ ਦਾ ਪ੍ਰਣ ਕਰਨਾ ਸ਼ਲਾਘਾਯੋਗ : ਵਰਿੰਦਰ ਟਿਵਾਣਾ

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-




ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਅਤੇ ਰਿਮਟ ਯੂਨੀਵਰਸਿਟੀ ਦੇ ਐਨ ਸੀ ਸੀ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਫ਼ਤਹਿਗੜ੍ਹ ਸਾਹਿਬ ਡਾਕਟਰ ਸੋਨਾ ਥਿੰਦ ਅਤੇ ਐਸ ਐਸ ਪੀ ਸ਼ੁਭਮ ਅਗਰਵਾਲ ਦੀ ਸਰਪ੍ਰਸਤੀ ਅਤੇ ਰਿਮਟ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਬੀ ਐੱਸ ਭਾਟੀਆ ਦੀ ਅਗਵਾਈ ਹੇਠ ਕੀਤਾ ਗਿਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਵਰਿੰਦਰ ਸਿੰਘ ਟਿਵਾਣਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ, ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਐਨ ਸੀ ਸੀ ਕੈਡਿਟਸ ਵਲੋਂ ਅੱਗੇ ਆ ਕੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਹਿਯੋਗ ਕਰਨ ਲਈ ਪ੍ਰਣ ਕਰਨਾ ਸ਼ਲਾਘਾਯੋਗ ਉਪਰਾਲਾ, ਉਹਨਾਂ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ, ਉਹਨਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਉਹਨਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਉਹਨਾਂ ਕਿਹਾ ਕਿ ਨਸ਼ਿਆਂ ਦੀ ਮੇਨ ਸਪਲਾਈ ਤੋੜੀਂ ਜਾ ਰਹੀ ਹੈ, ਉਹਨਾਂ ਕਿਹਾ ਕਿ ਜੇਕਰ ਨਸ਼ਿਆਂ ਦੀ ਡਿਮਾਂਡ ਖਤਮ ਹੋਵੇਗੀ ਤਾ ਨਸ਼ਿਆਂ ਦੀ ਤਸ਼ਕਰੀ ਆਪਣੇ ਆਪ ਘੱਟ ਜਾਵੇਗੀ, ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਅੱਗੇ ਆਉਣ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਦੀ ਟੀਮ ਹਮੇਸ਼ਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਤਹਿਤ ਹਰ ਸਮੇਂ ਵਲੰਟੀਅਰਜ਼ ਸੇਵਾਵਾਂ ਦੇਣ ਨੂੰ ਤਿਆਰ ਹੈ ਅਤੇ ਪਬਲਿਕ ਨੂੰ ਉਹਨਾਂ ਵਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਮੁਫ਼ਤ ਕਿਤਾਬਾਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਵੀ ਹਾਜ਼ਰ ਸਨ।

ਸਪੈਸ਼ਲ ਰਿਪੋਰਟ

**ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ, ਪੰਛੀਆਂ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ।**

# ਲੱਗੀ ਨਜ਼ਰ ਪੰਜਾਬ ਨੂੰ

ਜੁਝਾਰ ਸਿੰਘ (ਬਿੱਟੂ)





ਬਜ਼ੁਰਗ ਦੱਸਦੇ ਹਨ ਕਿ ਅੱਜ ਤੋਂ 50 ਕੁ ਸਾਲ ਪਹਿਲਾਂ ਪੰਜਾਬੀ ਸੱਭਿਆਚਾਰ ਭਰ ਜੋਬਨ 'ਤੇ ਸੀ ਅਤੇ ਸਾਦਗੀ, ਭੋਲਾਪਨ, ਮਿਹਨਤ, ਈਮਾਨਦਾਰੀ ਅਤੇ ਹਮਦਰਦੀ ਨਾਲ ਭਰਪੂਰ ਸੀ। ਵੱਡੇ ਤੜਕੇ ਕੁੱਕੜਾਂ ਦੀਆਂ ਬਾਗਾਂ ਸੁਣਨ ਨਾਲ ਲੋਕ ਉੱਠ ਜਾਂਦੇ ਸਨ। ਔਰਤਾਂ ਚੱਕੀ ਝੋਅ ਲੈਂਦੀਆਂ, ਰਿੜਕਣਿਆਂ ਵਿੱਚ ਮਧਾਣੀਆਂ ਘੁੰਮਣ ਲੱਗ ਜਾਂਦੀਆਂ ਅਤੇ ਹਾਲੀ ਬਲਦਾਂ ਦੇ ਗਲ ਹਲ ਪੰਜਾਲੀ ਪਾ ਕੇ ਖੇਤਾਂ ਵੱਲ ਤੁਰ ਜਾਂਦੇ ਸਨ। ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ। ਪਹੁ ਫੁਟਦਿਆਂ ਸਾਰ ਲੋਕ ਚਾਹ ਪੀ ਕੇ ਬਾਹਰ ਖੇਤਾਂ ਵੱਲ ਜੰਗਲ ਪਾਣੀ ਜਾਂਦੇ ਸਨ। ਇਸੇ ਬਹਾਨੇ ਸਵੇਰ ਦੀ ਸੈਰ ਅਤੇ ਦਾਤਣ ਕੁਰਲਾ ਹੋ ਜਾਂਦਾ ਸੀ। ਉਦੋਂ ਪਿੰਡ ਵਿੱਚ ਕੋਈ ਹੀ ਅਜਿਹਾ ਘਰ ਹੁੰਦਾ ਜਿਸ ਦੇ ਦੁੱਧ ਲੱਸੀ ਨਾ ਹੋਵੇ। ਜੇ ਕਿਸੇ ਗਰੀਬ ਘਰ ਦੁੱਧ ਨਹੀਂ ਸੀ ਹੁੰਦਾ, ਉਹ ਕਿਸੇ ਵੀ ਘਰੋਂ ਦੁੱਧ ਦੀ ਗੜਵੀ ਲੈ ਕੇ ਆਪਣਾ ਚਾਹ-ਪਾਣੀ ਬਣਾ ਲੈਂਦੇ ਸਨ। ਉਦੋਂ ਦੁੱਧ ਵੇਚਣਾ ਪੁੱਤ ਵੇਚਣ ਦੇ ਬਰਾਬਰ ਸਮਝਿਆ ਜਾਂਦਾ ਸੀ। ਅੱਜ ਕੋਈ ਵਿਰਲਾ ਘਰ ਹੀ ਹੋਵੇਗਾ, ਜੋ ਦੁੱਧ ਨਾ ਵੇਚਦਾ ਹੋਵੇ। ਹੁਣ ਤਾਂ ਨਕਲੀ ਦੁੱਧ ਬਣਾ ਕੇ ਵੀ ਵੇਚਿਆ ਜਾ ਰਿਹਾ ਹੈ।

ਸਵੇਰੇ ਮਿੱਸੇ ਆਟੇ ਦੀ ਹਾਜਰੀ ਰੋਟੀ, ਮੱਖਣ, ਦਹੀਂ, ਦੇਸੀ ਘਿਉ, ਚਿੱਬੜਾਂ ਦੀ ਚੱਟਨੀ ਅਤੇ ਖੱਟੀ ਲੱਸੀ ਨਾਲ ਬਹੁਤ ਸਵਾਦ ਲੱਗਦੀ ਸੀ। ਹਾਜਰੀ ਰੋਟੀ ਖਾ ਕੇ ਲੋਕ ਆਪਣੇ-ਆਪਣੇ ਧੰਦਿਆਂ ਵਿੱਚ ਲੱਗ ਜਾਂਦੇ ਸਨ। ਸਾਡੇ ਬਜ਼ੁਰਗ ਦੱਸਦੇ ਹਨ ਕਿ ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਚਲੇ ਜਾਂਦੇ। ਬਹੁਤੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਸਨ। ਅੱਗੇ ਪੜ੍ਹਨ ਲਈ ਨਾਲ ਦੇ ਸ਼ਹਿਰ ਜਾਣਾ ਪੈਂਦਾ ਸੀ। ਬੱਚਿਆਂ ਨੂੰ ਸਕੂਲ ਵਿੱਚ ਅਧਿਆਪਕ ਇੰਨਾ ਪੜ੍ਹਾ ਦਿੰਦੇ ਸਨ ਕਿ ਟਿਊਸ਼ਨ ਰੱਖਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮੁੰਡੇ ਕੁੜੀਆਂ ਪੰਜਵੀਂ-ਛੇਵੀਂ ਕਲਾਸ ਤਕ ਇਕੱਠੇ ਹੀ ਖੇਡਦੇ ਸਨ। ਕਿਸੇ ਦੇ ਮਨ ਵਿੱਚ ਕਪਟ ਜਾਂ ਚਲਾਕੀ ਵਾਲੀ ਕੋਈ ਗੱਲ ਹੀ ਨਹੀਂ ਸੀ ਹੁੰਦੀ। ਹਰੇਕ ਪਿੰਡ ਖੂਹ ਅਤੇ ਹਲਟੀਆਂ ਹੁੰਦੀਆਂ ਸਨ। ਦਿਨ ਚੜ੍ਹੇ ਕੁੜੀਆਂ ਦੀਆਂ ਟੋਲੀਆਂ ਖੂਹਾਂ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਂਦੀਆਂ। ਕਈ ਘਰਾਂ ਦੇ ਘੜੇ ਮਸ਼ਕ ਨਾਲ ਵੀ ਭਰੇ ਜਾਂਦੇ ਸਨ। ਕੁੜੀਆਂ/ਬੁੜੀਆਂ ਹਲਟੀ 'ਤੇ ਆਪੋ-ਆਪਣੇ ਪਰਿਵਾਰਾਂ ਦੇ ਕੱਪੜੇ ਧੋਣ ਆਉਂਦੀਆਂ। ਕੱਪੜੇ ਧੋਂਦਿਆਂ ਪਿੰਡ ਵਿੱਚ ਵਾਪਰੀ ਹਰੇਕ ਗੱਲ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਸੀ। ਆਉਣ ਜਾਣ ਦਾ ਸਾਧਨ ਪੈਦਲ ਜਾਂ ਊਠ ਘੋੜੀਆਂ ਹੋਣ ਕਾਰਨ ਆਉਂਦੇ ਜਾਂਦੇ ਰਾਹ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਪੀਂਦੇ ਸਨ। ਖੇਤਾਂ ਨੂੰ ਪਾਣੀ ਦੇਣ ਦਾ ਸਾਧਨ ਨਹਿਰਾਂ ਅਤੇ ਹਲਟ ਸਨ। ਬੱਚੇ ਹਲਟ ਦੀ ਗਰਧਲ (ਲੱਠ) 'ਤੇ ਬੈਠ ਕੇ ਝੂਟੇ ਲੈਂਦੇ ਅਤੇ ਟੱਕ-ਟੱਕ ਕਰਦੇ ਕੁੱਤੇ ਦੀ ਆਵਾਜ਼ ਸੁਣ ਕੇ ਬੜੇ ਖ਼ੁਸ਼ ਹੁੰਦੇ ਸਨ। ਖੂਹ ਦੀਆਂ ਟਿੰਡਾਂ ਦਾ ਪਾਣੀ ਪਾੜਸ਼ੇ ਵਿੱਚ ਡਿੱਗਦਾ ਕੋਈ ਰਾਗ ਅਲਾਪਦਾ ਜਾਪਦਾ ਸੀ।

ਹਾਲੀਆਂ ਅਤੇ ਖੇਤਾਂ ਵਿੱਚ ਸਵੱਖਤੇ ਆਏ ਹੋਰ ਕਾਮਿਆਂ ਨੂੰ ਭੱਤੇ ਦੀ ਉਡੀਕ ਹੁੰਦੀ ਸੀ। ਸੁਆਣੀਆਂ ਖੱਦਰ ਦੇ ਪੋਣਿਆਂ ਵਿੱਚ ਰੋਟੀਆਂ ਬੰਨ੍ਹ ਕੇ, ਲੱਸੀ ਦਾ ਕੁੱਜਾ ਭਰ ਕੇ, ਦਹੀਂ, ਮੱਖਣ, ਸਰ੍ਹੋਂ ਦਾ ਸਾਗ ਅਤੇ ਦੁਪਹਿਰ ਦੀ ਚਾਹ ਲਈ ਗੁੜ, ਮੋਟੀ ਫਲੀ ਦੀ ਚਾਹ ਪੱਤੀ ਅਤੇ ਬੋਤਲ ਵਿੱਚ ਦੁੱਧ ਆਦਿ ਸਾਰਾ ਸਮਾਨ ਟੋਕਰੇ ਵਿੱਚ ਧਰ ਕੇ ਖੇਤਾਂ ਵੱਲ ਚੱਲ ਪੈਂਦੀਆਂ ਸਨ। ਖੇਤ ਵਿੱਚ ਭੁੰਜੇ ਬੈਠ ਕੇ ਰੋਟੀ ਖਾਣ ਦਾ ਵੱਖਰਾ ਹੀ ਨਜ਼ਾਰਾ ਹੁੰਦਾ। ਰੋਟੀ ਖਵਾ ਕੇ ਔਰਤਾਂ ਘਰ ਨੂੰ ਮੁੜਨ ਲੱਗੀਆਂ [illegible] ਅਨੁਸਾਰ ਗੁਆਰੇ ਦੀਆਂ ਫਲੀਆਂ, ਸਰ੍ਹੋਂ ਦਾ ਸਾਗ ਅਤੇ ਛੱਲੀਆਂ ਤੋੜ ਕੇ ਟੋਕਰੇ ਵਿੱਚ ਧ[illegible]ਰ ਲਿਆਉਂਦੀਆਂ ਸਨ। ਸਾਰਾ ਸਿਆਲ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਧੀ ਜਾਂਦੀ ਸੀ। ਕਦੇ ਕੋਈ ਪ੍ਰਾਹੁਣਾ ਆਏ ਤੋਂ ਹੀ ਕਣਕ ਦੀ ਰੋਟੀ ਲਾਹੀ ਜਾਂਦੀ ਸੀ ਪਰ ਹੁਣ ਇਸ ਦੇ ਉਲਟ ਮੱਕੀ ਦੀ ਰੋਟੀ ਹੀ ਨਿਆਮਤ ਬਣ ਗਈ ਹੈ। ਲੋਕ ਘੁਲਾੜੀਆਂ ਤੋਂ ਗੰਨੇ ਦਾ ਰਸ ਅਤੇ ਤੱਤਾ ਗੁੜ ਖਾ ਕੇ ਮੌਜ ਕਰਦੇ ਸਨ। ਹਾੜ੍ਹੀ ਦੀ ਫ਼ਸਲ ਵੇਲੇ ਸਬਜ਼ੀ ਲਈ ਹਰਾ ਛੋਲੂਆ ਅਤੇ ਹੋਲਾਂ ਭੁੰਨਣ ਲਈ ਪੱਕਿਆ ਛੋਲੂਆ ਪੁੱਟ ਲਿਆਉਂਦੇ ਸਨ। ਹੋਲਾਂ ਬੜੀਆਂ ਸਵਾਦ ਲੱਗਦੀਆਂ ਸਨ। ਉਸ ਸਮੇਂ ਖੇਤਾਂ ਦੀ ਵਹਾਈ ਤੇ ਬਿਜਾਈ ਦਾ ਕੰਮ ਬਲਦਾਂ ਅਤੇ ਊਠਾਂ ਰਾਹੀਂ ਲੱਕੜ ਦੇ ਹਲਾਂ ਨਾਲ ਕੀਤਾ ਜਾਂਦਾ ਸੀ। ਫ਼ਸਲਾਂ ਦੀ ਢੋਅ-ਢੁਆਈ ਗੱਡਿਆਂ ਰਾਹੀਂ ਕੀਤੀ ਜਾਂਦੀ ਸੀ। ਕਣਕ ਦੀ ਗਹਾਈ ਲਈ ਬਲਦਾਂ ਪਿੱਛੇ ਫਲ ਪਾ ਕੇ ਇੱਕ ਮਹੀਨੇ ਤੋਂ ਵੱਧ ਸਮਾਂ ਨਿਆਈਆਂ ਵਿੱਚ ਪਿੜ ਲੱਗੇ ਰਹਿੰਦੇ ਸਨ। ਸਾਰਾ ਕੰਮ ਬਲਦਾਂ ਰਾਹੀਂ ਹੋਣ ਕਰਕੇ ਬਲਦਾਂ ਦੀ ਬਹੁਤ ਸੇਵਾ ਕੀਤੀ ਜਾਂਦੀ ਸੀ। ਗੱਭਰੂ ਹਰੇ ਚਾਰੇ (ਚਰ੍ਹੀ, ਬਾਜਰਾ, ਗਵਾਰਾ ਆਦਿ) ਦੇ ਕਈ-ਕਈ ਭਰੇ ਹੱਥਾਂ ਨਾਲ ਫੇਰਨ ਵਾਲੀ ਮਸ਼ੀਨ ਨਾਲ ਟੋਕਾ ਕਰਦੇ ਅਤੇ ਤੰਦਰੁਸਤ ਰਹਿੰਦੇ ਸਨ। ਸ਼ਾਮ ਨੂੰ ਰੋਟੀ ਵੇਲੇ ਹਾਰੇ ਦਾ ਕੜ੍ਹਿਆ ਦੁੱਧ ਛੰਨੇ ਭਰ-ਭਰ ਪੀਂਦੇ ਸਨ। ਸੀਰੀ ਸਾਂਝੀ ਨੂੰ ਵੀ ਪੀਣ ਲਈ ਦੁੱਧ ਦਿੱਤਾ ਜਾਂਦਾ ਸੀ। ਸਾਰਾ ਕੰਮ ਲੋਕ ਖ਼ੁਦ ਕਰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਪਿੰਡਾਂ ਵਿੱਚ ਹਰੇਕ ਪੱਤੀ (ਅਗਵਾੜ) ਵਿੱਚ ਥਾਈ ਅਤੇ ਦਰਵਾਜ਼ਾ ਹੁੰਦਾ ਜਿੱਥੇ ਬੈਠ ਕੇ ਲੋਕ ਆਪਣਾ ਵਿਹਲਾ ਸਮਾਂ ਗੱਲੀਂ- ਬਾਤੀਂ ਹੱਸ ਕੇ ਜਾਂ ਤਾਸ਼ ਅਤੇ ਬਾਰਾਂ-ਵੀਟੀ ਖੇਡ ਕੇ ਗੁਜ਼ਾਰਦੇ ਸਨ। ਇਨ੍ਹਾਂ ਥਾਈਆਂ ਵਿੱਚ ਹੀ ਬਰਾਤਾਂ ਠਹਿਰਾਈਆਂ ਜਾਂਦੀਆਂ ਸਨ।

ਸਾਡੀ ਬੇਬੇ ਦੱਸਿਆ ਕਰਦੀ ਸੀ ਕਿ ਉਨ੍ਹੀਂ ਦਿਨੀਂ ਕੁੜੀਆਂ ਦੇ ਕੱਤਣ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ। ਸਰਦੀਆਂ ਵਿੱਚ ਆਂਢ-ਗੁਆਂਢ ਦੀਆਂ ਕੁੜੀਆਂ-ਕੱਤਰੀਆਂ ਰਾਤ ਨੂੰ ਰੋਟੀ ਟੁੱਕ ਖਾ ਮੁਕਾ ਕੇ ਕਿਸੇ ਇੱਕ ਘਰ ਛੋਪ (ਤ੍ਰਿੰਝਣ) ਪਾਉਂਦੀਆਂ ਜਿੱਥੇ ਅੱਧੀ ਰਾਤ ਤਕ ਚਰਖੇ ਕੱਤੀ ਜਾਂਦੀਆਂ, ਜਿਸ ਘਰ ਛੋਪ ਪਾਉਂਦੀਆਂ, ਉੱਥੇ ਰਾਤ ਨੂੰ ਸੌਂ ਜਾਂਦੀਆਂ ਸਨ।

ਕਿੰਨਾ ਹੀ ਪਿਆਰ ਅਤੇ ਸੁਹਿਦਰਤਾ ਵਾਲਾ ਮਾਹੌਲ ਹੁੰਦਾ ਸੀ, ਉਨ੍ਹਾਂ ਕੁੜੀਆਂ-ਚਿੜੀਆਂ ਦਾ। ਘਰ ਦਾ ਸੂਤ ਕੱਤ ਕੇ ਕਈ ਕੁੜੀਆਂ ਰਲ ਕੇ ਤਾਣਾ ਤਣਦੀਆਂ, ਪਾਣ ਲਾਉਂਦੀਆਂ ਅਤੇ ਕੁੰਭਲਾਂ ਰਾਹੀਂ ਖੱਦਰ ਬੁਣ ਕੇ ਖੇਸ ਅਤੇ ਦੋੜੇ ਬਣਾ ਲੈਂਦੀਆਂ ਸਨ। ਸੂਈ ਧਾਗੇ ਨਾਲ ਚਾਦਰਾਂ, ਸਿਰਹਾਣੇ ਤੇ ਫੁਲਕਾਰੀਆਂ ਕੱਢਦੀਆਂ ਅਤੇ ਦਰੀਆਂ-ਪੱਖੀਆਂ ਨਾਲੇ ਬੁਣਦੀਆਂ ਸਨ। ਧੀ ਦੇ ਵਿਆਹ ਤੋਂ ਪਹਿਲਾਂ ਇਨ੍ਹਾਂ ਵਸਤਾਂ ਨਾਲ ਦਾਜ ਵਾਲੀ ਪੇਟੀ ਭਰ ਦਿੱਤੀ ਜਾਂਦੀ ਸੀ। ਕੁੜੀ ਦੇ ਵਿਆਹ ਮੌਕੇ ਉਸ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚੋਂ ਸੱਗੀ-ਫੁੱਲ ਅਤੇ ਪਿੱਪਲ-ਪੱਤੀਆਂ ਪ੍ਰਮੁੱਖ ਸਨ, ਜਿਹੜੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਕੁੜੀ ਸਹੁਰੇ ਘਰ ਜਾ ਕੇ ਘੱਗਰਾ ਪਹਿਨਦੀ ਅਤੇ ਵੱਡੇ ਥਾਂ ਲੱਗਦੇ ਸਹੁਰੇ ਜਾਂ ਜੇਠ ਤੋਂ ਘੁੰਢ ਕੱਢਦੀ ਸੀ। ਸਹੁਰਾ ਅਤੇ ਜੇਠ ਵੀ ਬਾਹਰੋਂ ਘਰ ਅੰਦਰ ਆਉਣ ਵੇਲੇ ਖੰਘੂਰਾ ਮਾਰ ਕੇ ਅੰਦਰ ਵੜਦੇ ਤਾਂ ਕਿ ਅੰਦਰ ਬੈਠੀਆਂ ਔਰਤਾਂ ਸੁਚੇਤ ਹੋ ਜਾਣ। ਅੱਖ ਦੀ ਸ਼ਰਮ ਮੰਨੀ ਜਾਂਦੀ ਅਤੇ ਵੱਡਿਆਂ ਦੀ ਇੱਜ਼ਤ ਕੀਤੀ ਜਾਂਦੀ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਕ ਉਦੋਂ ਲੋਕਾਂ ਦਾ ਮਨੋਰੰਜਨ ਧਾਰਮਿਕ ਰੀਤੀ-ਰਿਵਾਜਾਂ ਜਾਂ ਰੁੱਤਾਂ ਅਨੁਸਾਰ ਲੱਗਦੇ ਮੇਲਿਆਂ ਰਾਹੀਂ ਹੁੰਦਾ ਸੀ, ਜਿੱਥੇ ਲੋਕ ਸੁੱਖਾਂ ਸੁੱਖਦੇ, ਮਿੱਟੀ ਕੱਢਦੇ ਅਤੇ ਪਰਿਵਾਰਾਂ ਸਮੇਤ ਨਵੇਂ ਕੱਪੜੇ ਪਾ ਕੇ ਅਤੇ ਪੱਗਾਂ ਨੂੰ ਲਲਾਰੀ ਤੋਂ ਮਾਵਾ-ਵਰਕ ਲਗਵਾ ਕੇ ਮੇਲਾ ਵੇਖਣ ਜਾਂਦੇ ਸਨ। ਮੱਲਾਂ ਦੇ ਘੋਲ, ਗੱਭਰੂਆਂ ਦੀ ਕਬੱਡੀ ਅਤੇ ਭੰਗੜਾ ਦੇਖ ਕੇ ਆਨੰਦ ਮਾਣਦੇ। ਕਿਸੇ ਪਾਸੇ ਕਵੀਸ਼ਰਾਂ ਅਤੇ ਢਾਡੀਆਂ ਪਾਸੋਂ ਪ੍ਰਸੰਗ ਸੁਣੇ ਜਾਂਦੇ ਤੇ ਕਿਸੇ ਪਾਸੇ ਜਲੇਬੀਆਂ ਅਤੇ ਕਰਾਰੇ ਪਕੌੜੇ ਖਾਣ ਦਾ ਲੁਤਫ਼ ਲੈਂਦੇ। ਬੱਚੇ ਚੱਕਰ-ਭੂੰਝਿਆਂ 'ਤੇ ਝੂਟੇ ਲੈ ਕੇ ਖ਼ੁਸ਼ ਹੁੰਦੇ ਸਨ। ਜਦ ਕਦੇ ਅੱਠ-ਦਸ ਮੀਲ ਦੇ ਫਾਸਲੇ ਅੰਦਰ ਕਿਸੇ ਗਾਉਣ ਵਾਲੇ ਨੇ ਲੱਗਣਾ ਹੁੰਦਾ ਤਾਂ ਸਾਜਰੇ ਹੀ ਪਸ਼ੂਆਂ ਲਈ ਕੱਖ-ਕੰਡਾ ਲਿਆਉਂਦੇ ਅਤੇ ਇਕੱਠੇ ਹੋ ਕੇ ਪੈਦਲ ਹੀ ਅਖਾੜਾ ਸੁਣਨ ਜਾਂਦੇ। ਫਲਾਣੇ ਪਿੰਡ ਜਲਿੰਦਰਾ ਲੱਗਣੀ ਐ। ਦੱਸਦੇ ਹਨ ਉਦੋਂ ਬਰਾਤਾਂ ਰੱਥ-ਗੱਡੀਆਂ ਅਤੇ ਊਠ ਘੋੜਿਆਂ 'ਤੇ ਆਉਂਦੀਆਂ ਅਤੇ ਕਈ-ਕਈ ਦਿਨ ਠਹਿਰਦੀਆਂ ਸਨ। ਬਰਾਤ ਆਉਣ ਤੋਂ ਅਗਲੀ ਸਵੇਰ ਚੜ੍ਹਦੇ ਨੂੰ ਆਨੰਦ ਕਾਰਜ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਸੀ। ਰਾਤ ਨੂੰ ਜਦ ਬਰਾਤ ਰੋਟੀ ਖਾਣ ਆਉਂਦੀ, ਘਰ ਦੇ ਕੋਠਿਆਂ ਦੇ ਬਨੇਰਿਆਂ 'ਤੇ ਬੈਠੀਆਂ ਔਰਤਾਂ ਵੱਲੋਂ ਗੀਤ ਗਾ ਕੇ ਜੰਞ ਬੰਨ੍ਹ ਦਿੱਤੀ ਜਾਂਦੀ ਸੀ। ਜਦ ਤਕ ਕੋਈ ਜਨੇਤੀ ਬੰਨ੍ਹੀ ਹੋਈ ਨਹੀਂ ਸੀ ਛੁਡਾਉਂਦਾ, ਰੋਟੀ ਨਹੀਂ ਸੀ ਖਾਧੀ ਜਾਂਦੀ। ਜਨੇਤੀਆਂ ਨੂੰ ਔਰਤਾਂ ਗੀਤਾਂ, ਦੋਹੇ ਅਤੇ ਸਿੱਠਣੀਆਂ ਰਾਹੀਂ ਗਾਲ੍ਹਾਂ ਕੱਢ ਕੇ ਚਿੱਤ ਖ਼ੁਸ਼ ਕਰਦੀਆਂ ਸਨ। ਕਈ ਜਨੇਤੀਆਂ ਦੀ ਪਿੱਠ 'ਤੇ ਥਾਪੇ ਵੀ ਲਾਏ ਜਾਂਦੇ ਸਨ। ਬਰਾਤਾਂ ਵਿੱਚ ਨਕਲੀਏ ਅਤੇ ਨਚਾਰ ਲਿਆਉਣ ਦਾ ਰਿਵਾਜ ਸੀ। ਬਰਾਤੀਆਂ ਦੇ ਗਲਾਂ ਵਿੱਚ ਸੋਨੇ ਦੇ ਕੈਂਠੇ ਆਮ ਦੇਖੇ ਜਾਂਦੇ ਸਨ। ਜਿਸ ਥਾਈ ਵਿੱਚ ਜੰਨ ਦਾ ਉਤਾਰਾ ਹੁੰਦਾ, ਰਾਤ ਨੂੰ ਲੋਕ ਟੋਲੀਆਂ ਬਣਾ ਕੇ ਉਸ ਅੱਗੇ ਆ ਬੈਠਦੇ ਅਤੇ ਸਪੀਕਰ ਵਾਲੇ ਤੋਂ ਆਪਣੀ ਪਸੰਦ ਦੀਆਂ ਕਲੀਆਂ ਦੇ ਤਵੇ (ਰਿਕਾਰਡ) ਲਗਵਾ ਕੇ ਅੱਧੀ ਰਾਤ ਤਕ ਸੁਣਦੇ ਰਹਿੰਦੇ ਸਨ। ਉਦੋਂ ਪੱਥਰ ਦੇ ਤਵੇ ਹੁੰਦੇ ਸਨ। ਥਾਈ ਦੇ ਛੱਤ ਉੱਪਰ ਦੋ ਮੰਜੇ ਖੜੇ ਕਰਕੇ ਸਪੀਕਰ ਟੰਗਿਆ ਹੁੰਦਾ ਸੀ। ਰਾਤ ਨੂੰ ਮਾਮੀਆਂ (ਨਾਨਕੀਆਂ) ਦੀ ਟੋਲੀ ਵੱਲੋਂ ਜਾਗੋ ਕੱਢੀ ਜਾਂਦੀ ਅਤੇ ਛੱਜ ਕੁੱਟਿਆ ਜਾਂਦਾ ਸੀ। ਮਖੌਲਾਂ-ਮਖੌਲਾਂ ਵਿੱਚ ਕਈ ਘਰਾਂ ਅਤੇ ਦੁਕਾਨਾਂ ਦੇ ਪਰਨਾਲੇ ਉਖਾੜ ਦਿੱਤੇ ਜਾਂਦੇ ਸਨ।

ਸਾਉਣ ਮਹੀਨੇ ਤੀਆਂ ਦੇ ਦਿਨਾਂ ਵਿੱਚ ਕੁਆਰੀਆਂ ਅਤੇ ਵਿਆਹੀਆਂ ਮੁਟਿਆਰਾਂ ਪੀਂਘਾਂ ਝੂਟ ਕੇ ਨਜ਼ਾਰੇ ਲੈਂਦੀਆਂ ਸਨ। ਨਵ-ਵਿਆਹੀਆਂ ਮੁਟਿਆਰਾਂ ਤੀਆਂ ਦੇ ਦਿਨਾਂ ਵਿੱਚ ਆਪਣੇ ਪੇਕੇ ਪਿੰਡ ਆ ਜਾਂਦੀਆਂ ਸਨ। ਪਿੰਡ ਦੇ ਬਾਹਰਵਾਰ ਜਿੱਥੇ ਪਿੱਪਲ ਅਤੇ ਬੋਹੜ ਆਦਿ ਦਰੱਖਤ ਆਦਿ ਹੁੰਦੇ ਅਤੇ ਨੱਚਣ-ਟੱਪਣ ਲਈ ਖੁੱਲ੍ਹੀ ਥਾਂ ਹੁੰਦੀ, ਉਥੇ ਤੀਆਂ ਲੱਗਦੀਆਂ ਅਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਕਿਸੇ-ਕਿਸੇ ਪੀਂਘ 'ਤੇ ਦੋ ਮੁਟਿਆਰਾਂ ਅੰਦਰ ਨੂੰ ਮੂੰਹ ਕਰਕੇ ਇਕੱਠੀਆਂ ਪੀਂਘ ਚੜ੍ਹਾਉਂਦੀਆਂ ਅਤੇ ਪੀਂਘ ਦੇ ਉੱਚੇ ਹੁਲਾਰੇ ਨਾਲ ਦਰੱਖਤ ਦੇ ਪੱਤੇ ਤੋੜ ਲਿਆਉਂਦੀਆਂ ਸਨ। ਇਹ ਨਜ਼ਾਰਾ ਦੇਖਣਯੋਗ ਹੁੰਦਾ ਸੀ। ਕੁੜੀਆਂ ਗਿੱਧੇ ਵਿੱਚ ਨੱਚਦੀਆਂ ਅਤੇ ਬੋਲੀਆਂ ਪਾ ਕੇ ਮਨੋ-ਵਲਵਲੇ ਪੂਰੇ ਕਰਦੀਆਂ ਸਨ।



ਅੱਜ ਕੱਲ੍ਹ ਜਦ ਕਿਸੇ ਪਿੰਡ ਖੇਡ ਮੇਲਾ ਹੋਵੇ ਜਾਂ ਕਿਸੇ ਹੋਰ ਸਮਾਗਮ ਵਿੱਚ ਕਿਸੇ ਗਾਇਕ ਨੇ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਉਸ ਦੀ ਮਸ਼ਹੂਰੀ ਨਿਰੋਲ ਸੱਭਿਆਚਾਰਕ ਪ੍ਰੋਗਰਾਮ ਦੇ ਤੌਰ 'ਤੇ ਕੀਤੀ ਜਾਂਦੀ ਹੈ ਜਦਕਿ ਸੱਭਿਆਚਾਰ ਵਾਲੀ ਕੋਈ ਗੱਲ ਉਸ ਵਿੱਚ ਨਜ਼ਰ ਨਹੀਂ ਆਉਂਦੀ। ਸਟੇਜ 'ਤੇ ਇੰਨੇ ਜ਼ਿਆਦਾ ਸਾਜ਼ ਵੱਜਦੇ ਹਨ ਕਿ ਸਾਜ਼ਾਂ ਅਤੇ ਢੋਲ-ਢਮੱਕੇ ਦੇ ਸ਼ੋਰ ਵਿੱਚ ਗਾਉਣ ਵਾਲੇ ਦੀ ਆਵਾਜ਼ ਗੁਆਚੀ ਜਾਪਦੀ ਹੈ। ਸੱਭਿਆਚਾਰ ਦੇ ਨਾਂ 'ਤੇ ਇਸ ਤੋਂ ਵੀ ਬੁਰਾ ਹਾਲ ਕਈ ਟੀ. ਵੀ. ਚੈਨਲਾਂ ਦਾ ਹੈ ਜਿੱਥੇ ਗਾਉਣ ਵਾਲੇ ਨਾਲ 10-12 ਮੁੰਡੇ ਅਤੇ ਅੱਧਨੰਗੀਆਂ ਕੁੜੀਆਂ ਨੂੰ ਨਚਾ ਕੇ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦਕਿ ਸਟੇਜ ਦੇ ਮੂਹਰੇ ਚਰਖਾ, ਘੜਾ, ਪੱਖੀਆਂ ਅਤੇ ਫੁਲਕਾਰੀਆਂ ਸਜਾ ਕੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਦਰਸਾਈ ਜਾਂਦੀ ਹੈ ਅਤੇ ਇਸ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਨਾਂ ਦਿੱਤਾ ਜਾਂਦਾ ਹੈ। ਕਈ ਗਾਇਕ ਸਾਜ਼ਾਂ ਅਤੇ ਮਾਡਲਾਂ ਦੇ ਸਿਰ 'ਤੇ ਹੀ ਰੋਟੀ-ਰੋਜ਼ੀ ਚਲਾ ਰਹੇ ਹਨ। ਇੱਥੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਕੁਝ ਪੁਰਾਣੇ ਗਾਇਕਾਂ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ। ਲਾਲ ਚੰਦ ਯਮਲਾ ਜੱਟ ਦੀ ਤੂੰਬੀ ਅਤੇ ਆਵਾਜ਼ ਦਾ ਜਾਦੂ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ ਨੂੰ ਕੌਣ ਭੁੱਲ ਸਕਦਾ ਹੈ? ਅਮਰ ਸਿੰਘ ਸ਼ੌਕੀ ਦੀ ਆਵਾਜ਼ ਅਤੇ ਢੱਡ ਸਾਰੰਗੀ 'ਸਾਹਿਬਾਂ ਵਾਜਾਂ ਮਾਰਦੀ' ਨੂੰ ਅੱਜ ਵੀ ਪਸੰਦ ਕਰਨ ਵਾਲੇ ਮੌਜੂਦ ਹਨ।

ਕਰਨੈਲ ਸਿੰਘ ਪਾਰਸ ਦੇ ਜੱਥੇ ਦੀ ਗਾਈ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ, ਭੈਣੋ ਇਹ ਹੰਸਾਂ ਦੀ ਜੋੜੀ' ਹੁਣ ਵੀ ਬਹੁਤ ਮਕਬੂਲ ਹੈ। ਇਸੇ ਤਰ੍ਹਾਂ ਸੁਰਿੰਦਰ ਕੌਰ ਦੀ ਕੋਇਲ ਵਰਗੀ ਆਵਾਜ਼, ਨਰਿੰਦਰ ਬੀਬਾ ਅਤੇ ਗੁਰਮੀਤ ਬਾਵਾ ਦੀਆਂ ਉੱਚੀਆਂ ਅਤੇ ਲੰਮੀਆਂ ਹੇਕਾਂ ਨੇ ਆਪਣਾ ਲੋਹਾ ਮੰਨਵਾਇਆ ਹੈ। ਇਨ੍ਹਾਂ ਗਾਇਕਾਂ/ਗਾਇਕਾਵਾਂ ਪਾਸ ਬਹੁਤੇ ਸਾਜ਼ ਜਾਂ ਢੋਲ ਢਮੱਕੇ ਦਾ ਸ਼ੋਰ ਨਹੀਂ ਸੀ। ਆਪਣੀ ਆਵਾਜ਼ ਦਾ ਜਾਦੂ ਸੀ। ਅਖੀਰ ਵਿੱਚ ਇਹ ਕਹਿਣਾ ਵਾਜਬ ਹੋਵੇਗਾ ਕਿ ਅੱਜ ਪੰਜਾਬੀ ਵਿਰਸੇ ਜਾਂ ਸੱਭਿਆਚਾਰ ਦੇ ਸਰੋਤ ਕੁੱਕੜਾਂ ਦੀਆਂ ਬਾਂਗਾਂ, ਰਿੜਕਣੇ, ਮਧਾਣੀਆਂ, ਬਲਦ ਤੇ ਹਲ ਪੰਜਾਲੀ, ਖੂਹ ਦੀਆਂ ਟਿੰਡਾਂ, ਊਠ, ਘੋੜੀਆਂ ਅਤੇ ਰੱਥ ਗੱਡੀਆਂ, ਚੱਕੀਆਂ, ਚਰਖੇ, ਘੱਗਰੇ, ਫੁਲਕਾਰੀਆਂ, ਸੱਗੀ-ਫੁੱਲ, ਪਿੱਪਲ-ਪੱਤੀਆਂ ਅਤੇ ਕੈਂਠੇ, ਜੰਞ ਬੰਨ੍ਹਣੀ ਅਤੇ ਛੁਡਾਉਣੀ, ਤੱਤਾ ਗੁੜ, ਛੋਲੂਆ ਅਤੇ ਹੋਲਾਂ, ਭੱਠੀਆਂ ਅਤੇ ਪੱਖੀਆਂ ਸਾਰੇ ਹੀ ਸਮੇਂ ਦੇ ਗੇੜ ਨਾਲ ਲੋਪ ਹੋ ਗਏ ਹਨ।

ਇਨ੍ਹਾਂ ਸਰੋਤਾਂ ਦੀ ਪੂਰਨ ਤੌਰ 'ਤੇ ਹੋਂਦ ਨਾ ਹੋਣ ਕਾਰਨ ਅਸੀਂ ਸਾਡੇ ਪੰਜਾਬੀ ਸੱਭਿਆਚਾਰ ਜਾਂ ਵਿਰਸੇ ਨੂੰ ਹੁਣ ਸਿਰਫ਼ ਯਾਦ ਹੀ ਕਰ ਸਕਦੇ ਹਾਂ ਪਰ ਸੱਭਿਆਚਾਰ ਦੇ ਨਾਂ ਦੀ ਆੜ ਹੇਠ ਝੂਠੇ ਵਿਖਾਵੇ ਕਰਨ ਨਾਲੋਂ ਚੰਗਾ ਹੋਵੇਗਾ ਕਿ ਸਾਦਗੀ, ਹਮਦਰਦੀ ਅਤੇ ਪਿਆਰ ਨੂੰ ਪਹਿਲਾਂ ਵਾਂਗ ਬਰਕਰਾਰ ਰੱਖੀਏ।

---



**ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।' ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ। ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ।**

# ਭ੍ਰਿਸ਼ਟਾਚਾਰ ਦੇ ਬਹਾਨੇ

ਸ਼ਰਾਬੀ ਭੂਤਾਨੰਦ ਪੈਗ ਹੱਥ 'ਚ ਫੜੀ, ਗੁਲਾਮ ਅਲੀ ਵਾਂਗ ਸਿਰ ਮਾਰ-ਮਾਰ ਗਾ ਰਿਹਾ ਸੀ, 'ਪੀਨੇ ਵਾਲੋਂ ਕੋ, ਪੀਅਨੇ ਕਾ, ਬਹਾਨਾ ਚਾਹੀਏ...।'

ਦੁਨੀਆ ਦਾ ਸਭ ਤੋਂ ਵੱਡਾ ਭਾਰਤੀ ਲੋਕਤੰਤਰ ਸਾਡੇ ਨੇਤਾਵਾਂ ਤੇ ਸਾਧਾਂ ਦੇ ਸਿਰ 'ਤੇ ਹੀ ਟਿਕਿਆ ਹੋਇਆ ਹੈ। ਇਹ ਇਸ ਨੂੰ ਤੇ ਇਸ ਦੀ ਖਟੜਾ ਹੋ ਚੁੱਕੀ ਗੱਡੀ ਨੂੰ ਧੂਣ ਲਈ ਕੋਈ ਨਾ ਕੋਈ ਬਹਾਨਾ ਭਾਲਦੇ ਰਹਿੰਦੇ ਹਨ। ਭੂਤਾਨੰਦ, ਬਹਾਨੇ ਨਾਲ ਪੀਣ ਵਾਲੇ ਸੱਜਣ ਦਾ ਅਸਲੀ ਨਾਂਅ ਨਹੀਂ ਹੈ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਉਸ ਦੇ ਅੰਦਰ ਚਾਰ-ਪੰਜ ਲਾਰਜ ਪੈਗ ਚਲੇ ਜਾਂਦੇ ਹਨ ਤਾਂ ਉਸ ਅੰਦਰ ਭੂਤ ਆ ਵੜਦਾ ਹੈ ਤੇ ਉਹ ਖੌਰੂ ਪਾਉਣ ਲੱਗ ਪੈਂਦਾ ਹੈ। ਸਾਡੇ ਸਾਧਾਂ ਤੇ ਨੇਤਾ ਜੀ ਨੂੰ ਜਦੋਂ ਕੋਈ ਬਹਾਨਾ ਲੱਭ ਪੈਂਦਾ ਹੈ ਤਾਂ ਸਮਝੋ ਉਨ੍ਹਾਂ ਦੇ ਲੋਕਤੰਤਰ ਨੂੰ ਆਕਸੀਜਨ ਮਿਲ ਜਾਂਦੀ ਹੈ। ਵਿਅਰਥ ਜਾ ਰਹੀ ਜ਼ਿੰਦਗੀ ਨੂੰ ਗੁਲੂਕੋਜ਼ ਲੱਗ ਜਾਂਦਾ ਹੈ। ਬਹਾਨਾ ਤੇ ਮੁੱਦਾ ਸਕੇ ਕਜ਼ਨ ਹਨ। ਲੋਕਤੰਤਰ ਦੀ ਗੱਡੀ 'ਤੇ ਲੱਦਿਆ ਭਾਰੀ ਵਜ਼ਨ ਹਨ। ਚਾਣਕਿਆ ਦਾ ਕਹਿਣਾ ਹੈ ਕਿ ਮੁੱਦਾ ਹੋਵੇ ਤਦ ਹੀ ਰਾਜਨੀਤੀ ਦੇ ਖਾਣ ਲਈ ਗੁੱਦਾ ਮਿਲਦਾ ਹੈ। ਗੁੱਦਾ ਨੇਤਾ ਜੀ ਲਈ ਅਜਿਹਾ ਚਵਨਪ੍ਰਾਸ਼ ਹੈ ਜੋ ਉਨ੍ਹਾਂ ਦੀ ਬੁੱਢੀ ਹੋ ਰਹੀ ਰਾਜਨੀਤੀ ਵਿਚ ਜਵਾਨੀ ਦੀ ਰੂਹ ਫੂਕਦਾ ਹੈ। ਭ੍ਰਿਸ਼ਟਾਚਾਰ ਅੱਜਕਲ੍ਹ ਅਜਿਹਾ ਜ਼ੋਰਦਾਰ ਮੁੱਦਾ ਹੈ ਜਿਸ ਦਾ ਨਾਂਅ ਸੁਣਦਿਆਂ ਹੀ ਸਾਡੀ ਗਲੀ ਦਾ ਡੱਬੂ ਵੀ ਆਸਮਾਨ ਵੱਲ ਬੂਥਾ ਚੁੱਕ ਕੇ ਭੌਂਕਣ ਲੱਗ ਪੈਂਦਾ ਹੈ। ਭ੍ਰਿਸ਼ਟਾਚਾਰ ਦੀ ਨੇਕ ਕਮਾਈ ਖਾਂਦਾ ਦਫਤਰੀ ਬਾਬੂ ਵੀ ਹੇਂ-ਹੇਂ ਕਰਦਾ ਕਹਿਣ ਲਗਦਾ ਹੈ, 'ਕੀ ਕਰੀਏ ਬਾਊ ਜੀ, ਭ੍ਰਿਸ਼ਟਾਚਾਰ ਤਾਂ ਉੱਪਰ ਤੋਂ ਹੇਠਾਂ ਤੱਕ ਫੈਲਿਆ ਪਿਆ ਹੈ। ਇਸ ਦੀਆਂ ਜੜ੍ਹਾਂ ਤਾਂ ਪਤਾਲ ਲੋਕ ਤੱਕ ਚਲੀਆਂ ਗਈਆਂ ਹਨ। ਇਹ ਨੀ ਮੁੱਕ ਸਕਦਾ ਹੁਣ। ਅਸੀਂ ਭਾਵੇਂ ਮੁੱਕ ਜਾਈਏ।'

ਬਾਬੂ ਦੀ ਘਰਵਾਲੀ ਆਪਣੇ ਪੁੱਤਰ ਠੋਲੂ ਦੇ ਸਿਰ 'ਤੇ ਤਾਲ ਦਿੰਦੀ ਹੋਈ ਬੇਸੁਰੀ ਆਵਾਜ਼ ਨੂੰ ਸੁਰ ਕਰਦੀ ਗਾਉਂਦੀ ਹੈ:

'ਭ੍ਰਿਸ਼ਟਾਚਾਰ ਦੀ ਜੜ੍ਹ ਹਰੀ ਬਾਲਮਾ, ਭ੍ਰਿਸ਼ਟਾਚਾਰ ਦੀ ਜੜ੍ਹ ਹਰੀ, ਹੱਡੀਆਂ ਹੱਡੀਆਂ ਪਾ ਕੁੱਤਿਆਂ ਨੂੰ, ਪੀ ਲੈ ਗਾੜ੍ਹੀ ਤਰੀ ਬਾਲਮਾ।'

ਅੱਜਕਲ੍ਹ ਭ੍ਰਿਸ਼ਟਾਚਾਰੀ ਹੀ ਭ੍ਰਿਸ਼ਟਾਚਾਰ ਦੇ ਖਿਲਾਫ਼ ਸਭ ਤੋਂ ਵੱਧ ਬੋਲਦਾ ਹੈ, ਆਪਣੇ ਅੰਦਰਲੀ ਜ਼ਹਿਰ ਘੋਲਦਾ ਹੈ ਤੇ ਇਸੇ ਦੇ ਸਿਰ 'ਤੇ ਆਪਣੇ ਪਰ ਤੋਲਦਾ ਹੈ।

ਇਕ ਸਵਾਮੀ ਅੱਜਕਲ੍ਹ ਭ੍ਰਿਸ਼ਟਾਚਾਰ ਦੇ ਖਿਲਾਫ਼ ਤਿੜ-ਤਿੜ ਕੇ ਪ੍ਰਵਚਨ ਕਰਦੇ ਹਨ। ਉਨ੍ਹਾਂ ਦਾ ਤਾਂ ਸੌਣਾ ਜਾਗਣਾ, ਜਿਊਣ-ਮਰਨ ਆਦਿ ਤੱਕ ਵੀ ਭ੍ਰਿਸ਼ਟਾਚਾਰ ਦੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਸ਼ਰਧਾਲੂਆਂ ਨੂੰ ਆਖਦੇ ਹਨ:

'ਹਮਨੇ ਅਬ ਅਹਿਦ ਕਰ ਲੀਆ ਹੈ ਕਿ ਇਸ ਮੁਲਕ ਸੇ ਭ੍ਰਿਸ਼ਟਾਚਾਰ ਕੋ ਖਤਮ ਕਰਕੇ ਹੀ ਦਮ ਲੇਂਗੇ। ਵਿਦੇਸ਼ੋਂ ਮੇਂ ਪੜਾ ਹੁਆ ਕਾਲਾ ਧਨ ਅਪਨੇ ਮੁਲਕ ਮੇਂ ਵਾਪਸ ਲਾਨਾ ਹੈ। ਇਸ ਮੁਲਕ ਕੋ ਫਿਰ ਸੇ ਸੋਨੇ ਕੀ ਚਿੜੀਆ ਬਨਾਨਾ ਹੈ। ਸੋਚੋ, ਸੋਚੋ, ਯਦੀ ਸਾਰਾ ਧਨ ਵਾਪਸ ਆ ਜਾਏ ਤੋ ਸਾਰੇ ਗਾਓਂ ਸ਼ਹਿਰ ਬਨ ਜਾਏਂਗੇ, ਸਮਸਤ ਤਾਲਾਬ ਨਹਿਰ ਬਨ ਜਾਏਂਗੇ ਔਰ ਯਦੀ ਐਸਾ ਨਾ ਹੁਆ ਤੋ ਹਮ ਸਰਕਾਰ ਕੇ ਲੀਏ ਕਹਿਰ ਬਨ ਜਾਏਂਗੇ। ਭ੍ਰਿਸ਼ਟਾਚਾਰ ਖਤਮ ਕਰਨੇ ਕੀ ਹਮਨੇ ਠਾਨ ਲੀ ਹੈ, ਇਸੀ ਨੇ ਹਮ ਸਭ ਕੀ ਜਾਨ ਲੀ ਹੈ।' ਸਵਾਮੀ ਜੀ ਨੇ ਜੋਸ਼ 'ਚ ਆ ਕੇ ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।'

ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ।

ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ। ਲਛਮੀ ਸੁਆਮੀ ਜੀ ਦੇ ਗਿਰਦ ਗੇੜੇ ਕੱਢਣ ਲੱਗ ਪਈ।

'ਸੁਆਮੀ ਅਬ ਪੈਈਸਾ ਤੋ ਹੋ ਗਿਆ। ਸੱਤਾ ਭੀ ਪ੍ਰਾਪਤ ਕਰਨੀ ਹੋਗੀ। ਸੱਤਾ ਕੇ ਬਗੈਰ ਪੈਈਸਾ ਟਿਕਤਾ ਨਹੀਂ ਹੈ। ਪੈਸੇ ਕੇ ਸਾਥ ਸੱਤਾ ਹੋ ਤੋ ਨਸ਼ਾ ਦੋ ਗੁਨਾ ਹੋ ਜਾਤਾ ਹੈ।' ਸਵਾਮੀ ਜੀ ਮਨ ਹੀ ਮਨ ਸੋਚਣ ਲੱਗ ਪਏ ਸਨ। ...ਤੇ ਸਵਾਮੀ ਜੀ ਭ੍ਰਿਸ਼ਟਾਚਾਰ ਦੇ ਮੁੱਦੇ ਦਾ ਗੁੱਦਾ ਕੱਢਣ 'ਚ ਜੁੱਟ ਗਏ। ਵਿਰੋਧੀ ਧਿਰ ਦੀ ਹੱਲਾਸ਼ੇਰੀ ਵੀ ਮਿਲ ਗਈ। ਵਿਰੋਧੀ ਧਿਰ ਕੋਲ ਸਵਾਮੀ ਜੀ ਦਾ ਮੁੱਦਾ ਆ ਗਿਆ। ਦੋਵੇਂ ਇਕ-ਦੂਸਰੇ ਦੀ ਬਾਂਹ ਫੜ ਕੇ ਤੁਰਨ ਲੱਗ ਪਏ। ਸਰਕਾਰ ਨਰਮ ਰਵ੍ਹੇ ਤਾਂ ਉਸ ਦਾ ਭਰਮ ਬਣਿਆ ਰਹਿੰਦਾ ਹੈ। ਭਰਮ ਬਣਿਆ ਰਵ੍ਹੇ ਤਾਂ ਉਸ ਦਾ ਕਰਮ ਲੁਕਿਆ ਰਹਿੰਦਾ ਹੈ। ਸਰਕਾਰ ਦੀ ਭੋਰਾ ਕੁ ਸਖਤੀ ਨਾਲ ਹੀ ਸਵਾਮੀ ਭੱਜ ਤੁਰੇ। ਪਬਲਿਕ ਅਮੋਨੀਆ ਪੀਂਦੀ ਰਹੀ ਤੇ ਸਵਾਮੀ ਜੀ ਜੂਸ ਪੀਂਦੇ ਰਹੇ। ਅਚਾਰੀਆ ਜੀ ਪਤਾ ਨਹੀਂ ਕਿੱਥੇ ਅਲੋਪ ਹੋ ਗਏ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਆਪਣਾ ਧਨ ਸਮੇਟਣ ਗਏ ਹੋਏ ਹਨ। ਧਨ ਦੀ ਸਾਂਭ-ਸੰਭਾਲੀ ਪਿੱਛੋਂ ਅਚਾਰੀਆ ਜੀ ਆਣ ਪ੍ਰਗਟ ਹੋਏ।

'ਮੈਂ ਸਵਾਮੀ ਜੀ ਕੇ ਲੀਏ ਜਾਨ ਦੇ ਦੂੰਗਾ। ਹਮਾਰੀ ਧਨ ਸੰਪਤੀ ਕੀ ਰਕਸ਼ਾ ਯੇਹ ਸਰਕਾਰ ਨਹੀਂ ਕਰ ਸਕਤੀ। ਹਮਾਰੇ ਸਾਥ ਧੱਕਾ ਹੁਆ ਹੈ।' ਉਹ ਰੋ-ਰੋ ਕੇ ਕਹਿ ਰਹੇ ਸਨ। ਭ੍ਰਿਸ਼ਟਾਚਾਰ ਰੋਕੂ ਅੰਦੋਲਨ 'ਚ ਭੋਲੀ ਜਨਤਾ ਲਾਠੀਆਂ ਖਾਂਦੀ ਰਹੀ। ਰਹਿ-ਰਹਿ ਕੇ ਪਿਟਦੀ ਰਹੀ। ਵਿਰੋਧੀ ਧਿਰ ਵਾਲੇ ਮਹਾਤਮਾ ਜੀ ਦੀ ਸਮਾਧੀ 'ਤੇ ਬੈਠੇ ਚੀਖ ਰਹੀ ਜਨਤਾ ਦੇ ਦੂਰੋਂ ਦਰਸ਼ਨ ਕਰਦੇ ਰਹੇ। ਉਨ੍ਹਾਂ ਦੀਆਂ ਔਰਤਾਂ ਗੀਤਾ ਦੀ ਧੁਨ 'ਤੇ ਥਿਰਕਦੀਆਂ ਰਹੀਆਂ।

ਜਨਤਾ ਭੁੱਖ ਨਾਲ ਵਿਲ੍ਹਕ ਰਹੀ ਸੀ। ਵਿਰੋਧੀ ਧਿਰ ਵਾਲੇ ਅਨਸ਼ਨ ਤੋਂ ਬਾਅਦ ਮਟਰ ਪਨੀਰ ਦੀ ਸਬਜ਼ੀ ਤੇ ਟਮਾਟਰ ਖੀਰਿਆਂ ਦੀ ਸਲਾਦ ਛਕਦੇ ਰਹੇ। ਸੱਤਾ ਲੱਭਦੇ ਸਵਾਮੀ ਸੱਤਾ ਦੇ ਖਿਲਾਫ਼ ਭੜਾਸ ਕੱਢਦੇ ਰਹੇ। ਬੁੜ੍ਹਕ ਬੁੜ੍ਹਕ ਆਖਦੇ ਰਹੇ, 'ਹਮਨੇ ਅਨਸ਼ਨ ਬੇਸ਼ੱਕ ਤੋੜ ਦੀਆ ਹੈ ਪਰ ਸੱਤਾ ਕੇ ਖਿਲਾਫ਼ ਹਮਾਰੀ ਲੜਾਈ ਜਾਰੀ ਰਹੇਗੀ। ਹਮੇਂ ਔਰ ਹਮਾਰੀ ਜਾਨ ਕੋ ਬੇਸ਼ੱਕ ਬਹੁਤ ਖ਼ਤਰਾ ਹੈ ਪਰ ਹਮ ਮਰਨੇ ਸੇ ਨਹੀਂ ਡਰਤੇ।'

'ਜਾਨ ਨਾ ਰਹੀ ਤੋਂ ਸੰਘਰਸ਼ ਕੈਸੇ ਹੋਗਾ? ਸੱਤਾ ਕੇ ਵਿਰੁੱਧ ਲੜਾਈ ਕੈਸੇ ਹੋਗੀ। ਅਭੀ ਸਵਾਮੀ ਜੀ ਕਾ ਜੀਵਨ ਦੇਸ਼ ਔਰ ਦੇਸ਼ ਕੀ ਜਨਤਾ ਕੋ ਚਾਹੀਏ ਹੀ ਚਾਹੀਏ।' ਆਚਾਰੀਆ ਕਿੱਲ੍ਹ-ਕਿੱਲ੍ਹ ਕੇ ਆਖ ਰਹੇ ਸਨ। ਭ੍ਰਿਸ਼ਟਾਚਾਰ ਦੇ ਬਹਾਨੇ, ਸਵਾਮੀ ਜੀ ਨੂੰ ਸ਼ੋਹਰਤ ਮਿਲ ਗਈ ਹੈ।

ਉਨ੍ਹਾਂ ਦੀ ਗਾਹਕੀ ਹੋਰ ਵਧ ਗਈ ਹੈ। ਧਨ ਦੇ ਦਰੱਖਤ ਨੂੰ ਖ਼ੂਬ ਫਲ ਲੱਗਣ ਲੱਗਿਆ ਹੈ। ਵਿਰੋਧੀ ਧਿਰ ਨੂੰ ਟਾਈਮਪਾਸ ਮਿਲ ਗਿਆ ਹੈ। ਪਰ ਵਿਚਾਰੀ ਜਨਤਾ ਨੂੰ ਕੀ ਮਿਲਿਆ? ਜਨਤਾ ਭੁੱਖ ਹੜਤਾਲ ਨਾਲ ਪਿੱਚਕੇ ਪੇਟ 'ਤੇ ਹੱਥ ਫੇਰ ਫੇਰ ਆਖ ਰਹੀ ਹੈ:-

'ਸਾਡੀ ਕਿਸਮਤ ਵਿਚ ਇਹੋ ਲਿਖਿਆ ਹੈ, ਸਵਾਮੀ ਜੀ ਲਈ ਧਨ ਤੇ ਸਾਡੇ ਲਈ ਭਿੱਖਿਆ ਹੈ... ਔਰ ਇਸ ਜੀਵਨ ਵਿਚ ਕੀ ਰੱਖਿਆ ਹੈ?'

-ਕੇ. ਐਲ. ਗਰਗ

---

# ਸਿਆਪੇ ਦਾ ਸਿਆਪਾ



**ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ 'ਚ ਝੋਕਾ ਹੀ ਡਾਹੀ ਰੱਖਦੀ ਐ।**

ਇਸ ਦੁਨੀਆ ਵਿਚ ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਸਿੜੀ ਸਿਆਪੇ ਦੇ ਚੱਕਰ (ਯਾਨੀ ਕਰਨ/ਕਰਾਉਣ ਵਿਚ) ਨਾਲ ਦੋ-ਚਾਰ ਨਾ ਹੋਣਾ ਪਿਆ ਹੋਵੇ। ਅੰਦਰੋ-ਅੰਦਰੀ ਰਿੱਝ-ਭੁੱਝ/ਸੜ-ਬਲ ਕੇ ਜਾਂ ਫਿਰ ਦੋਹੱਥੜਾਂ ਮਾਰਦਿਆਂ ਇਨ੍ਹਾਂ ਸਿੜੀ ਸਿਆਪਿਆਂ ਦਾ ਜੂਲਾ ਉਠਾਉਣਾ ਹੀ ਪੈਂਦਾ ਹੈ। ਕੰਮਕਾਜੀ ਔਰਤਾਂ ਵਿਚੋਂ ਬਹੁਤੀਆਂ ਮੂੰਹ ਜ਼ੋਰ ਔਰਤਾਂ ਵੱਲੋਂ ਜਿਨ੍ਹਾਂ ਦੇ ਪਤੀ ਨਿਖੱਟੂ ਤੇ ਕੰਮਚੋਰ ਹੁੰਦੇ ਹਨ, ਦੀ ਸੇਵਾ ਪਾਣੀ ਇਨ੍ਹਾਂ ਬੋਲਾਂ ਨਾਲ ਹੁੰਦੀ ਐ, 'ਪਹਿਲਾਂ ਇਸ ਨਿੱਖਪਣੇ ਦੇ ਨਿਆਣੇ ਜੰਮੇ, ਮੂੰਹ 'ਚ ਚੋਗਾ ਪਾਇਆ, ਇਨ੍ਹਾਂ ਦੀਆਂ ਨਲੀਆਂ ਪੂੰਝੀਆਂ ਤੇ ਹਰ ਦੁੱਖ-ਸੁੱਖ ਜ਼ਰਦਿਆਂ ਇਸ ਪਰਿਵਾਰ ਲਈ ਸੌ ਸਿਆਪੇ ਕੀਤੇ ਪਰ ਇਸ ਚੰਦਰੇ ਨੇ ਸਾਡਾ ਕੀ ਮੁੱਲ ਪਾਇਆ।' ਅਜਿਹੇ ਸਿਆਪੇ ਕਰਾਉਣ ਵਾਲੇ ਪਤੀ ਘੋਗਲ-ਕੰਨੇ ਜਿਹੇ ਹੋ ਕੇ ਆਪਣਾ ਬੁੱਤਾ ਸਾਰੀ ਜਾਂਦੇ ਹਨ। ਇਸ ਮਾਹੌਲ ਦੀਆਂ ਪੀੜਤ ਸੁਸ਼ੀਲ ਬੀਬੀਆਂ ਮਨ ਦਾ ਬੂਹਾ ਢੋਅ ਕੇ ਅੰਦਰੋ-ਅੰਦਰੀ ਇਹ ਕਾਰਵਾਈ ਪਾਉਂਦਿਆਂ ਭਲੇ ਦਿਨਾਂ ਦੀ ਉਡੀਕ ਵਿਚ ਆਪਣੀ ਉਮਰ ਹੀ ਲੰਘਾ ਦਿੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ ਵਿਚ ਝੋਕਾ ਹੀ ਡਾਹੀ ਰੱਖਦੀ ਐ। ਘਰ ਦਾ ਕਮਾਊ ਖੱਪ ਤੱਪ ਕੇ ਘਰ ਆਉਂਦਾ ਹੈ ਤਾਂ ਗ੍ਰਹਿਣੀ ਦੀ ਮੰਗ ਲਿਸਟ ਨੂੰ ਵੇਖ ਕੇ ਦੱਬੀ ਜ਼ਬਾਨ ਵਿਚ ਇਸ ਤਰ੍ਹਾਂ ਸਿਆਪਾ ਕਰਦਾ ਹੈ 'ਮੁੰਡੇ ਮਰਗੇ ਕਮਾਈਆਂ ਕਰਦੇ ਲੱਛੀਏ ਅਜੇ ਤੇਰੇ ਬੰਦ ਨਾ ਬਣੇ।' ਕੰਮਚੋਰ ਮੁਲਾਜ਼ਮਾਂ/ਅਧਿਕਾਰੀਆਂ ਕਰਕੇ ਕੰਮ ਨੇਪਰੇ ਨਾ ਚੜ੍ਹਨ ਕਾਰਨ ਲੋਕ ਮੁਲਾਜ਼ਮਾਂ ਦਾ, ਮੰਗਾਂ/ਵਾਅਦੇ ਨਾ ਪੂਰੇ ਹੋਣ ਕਰਕੇ ਮੁਲਾਜ਼ਮ/ਲੋਕ ਸਰਕਾਰਾਂ ਦਾ ਅਤੇ ਹਾਰੀਆਂ ਪਾਰਟੀਆਂ, ਵੋਟਰਾਂ ਦਾ ਸਿਆਪਾ ਕਰਨਾ ਆਮ ਹੀ ਵਰਤਾਰਾ ਹੈ। ਬੇਸ਼ੱਕ ਸਿਆਪਾ ਕਰਨ ਦੇ ਢੰਗ ਵੱਖੋ-ਵੱਖ ਹਨ। ਕੋਈ ਪੁਤਲੇ ਸਾੜਦਾ ਹੈ, ਕੋਈ ਡਾਂਗਾਂ, ਬੰਦੂਕਾਂ ਚਲਾਉਂਦਾ ਹੈ ਤੇ ਕੋਈ ਪੱਥਰ, ਰੋੜੇ ਅਤੇ ਕੋਈ ਪਾਣੀ ਦੀਆਂ ਟੈਂਕੀਆਂ ਨੂੰ ਜਾ ਭਾਗ ਲਾਉਂਦੈ। ਸਿਆਸਤ ਗਜ਼-ਗਜ਼ ਲੰਮੇ ਲੱਛੇਦਾਰ ਪਰ ਫੋਕੇ ਬਿਆਨ 'ਤੇ ਬਿਆਨ ਛੱਡੀ ਜਾ ਰਹੀ ਹੈ ਤੇ ਅਣਹੋਣੀ ਨੂੰ ਹੋਣੀ ਵਿਚ ਤੇ ਹੋਣੀ ਨੂੰ ਅਣਹੋਣੀ ਵਿਚ ਬਦਲਣ ਦੇ ਦਾਅਵੇ ਇੰਜ ਕਰਦੀ ਹੈ ਜੀਕੂੰ ਅਲਾਦੀਨ ਦਾ ਚਿਰਾਗ ਦੀ ਥਾਂ ਕੋਈ ਵੱਡਾ ਲਾਟੂ ਈ ਹੱਥ ਲੱਗ ਗਿਆ ਹੋਵੇ। 'ਕੁਰਸੀ ਯੁੱਧ' ਦੇ ਇਸ ਸਿੜੀ ਸਿਆਪੇ ਵਿਚ ਆਮ ਈ ਇਕ ਦੂਜੇ ਨੂੰ ਇੰਜ ਵੰਗਾਰਿਆ ਜਾਂਦਾ ਐ...

'ਡੱਡੂ ਡੱਡੂ ਡੱਡੂ...'

ਓਏ! ਸਾਡੀ ਸਰਕਾਰ ਆਣ ਲੈਣ ਦੇ, ਪੁੱਤ ਬਣਾ ਕੇ ਛੱਡੂੰ।'

-ਲਖਵਿੰਦਰ ਰਈਆ

---

# ਟੌਫੀਆਂ ਬਨਾਮ ਹਾਜ਼ਮੋਲਾ

ਹੋਰ ਸੁਣੋ !!



ਬੱਸਾਂ ਵਿਚ ਸਫ਼ਰ ਕਰਨ ਵਾਲੀਆਂ ਬਹੁਤੀਆਂ ਸਵਾਰੀਆਂ ਦੇ ਮਨਾਂ ਵਿਚ ਕੰਡਕਟਰਾਂ ਪ੍ਰਤੀ ਇਹੀ ਗਿਲਾ ਰਹਿੰਦਾ ਹੈ ਕਿ ਜਾਂ ਤਾਂ ਇਹ ਟਿਕਟਾਂ ਨੀਂ ਦਿੰਦੇ ਤੇ ਜਾਂ ਫਿਰ ਬਕਾਇਆ ਨਈਂ ਮੋੜਦੇ। ਅਜਿਹੇ ਗਿਲੇ ਦੀ ਮਿਸਾਲ ਨੂੰ ਛੂਹਣ ਵਾਲਾ ਅੱਖੀਂ ਡਿੱਠਾ ਹਾਲ ਇਕ ਦਿਨ ਬੱਸ ਵਿਚ ਸਫਰ ਕਰਦਿਆਂ ਖੁਦ ਵੇਖਣ ਨੂੰ ਮਿਲਿਆ। ਬੱਸ ਪੰਜਾਬ ਰੋਡਵੇਜ਼ ਦੀ ਸੀ ਤੇ ਬੱਸ ਦਾ ਕੰਡਕਟਰ ਇਲੈਕਟ੍ਰਾਨਿਕਸ ਮਸ਼ੀਨ ਨਾਲ ਸਵਾਰੀਆਂ ਦੀ ਭਰੀ ਬੱਸ ਵਿਚ ਟਿਕਟਾਂ ਕੱਟਣ ਲਈ ਰੁੱਝਾ ਹੋਇਆ ਖੁੱਲ੍ਹੇ ਪੈਸੇ ਦੇਣ ਦੀ ਦੁਹਾਈ ਦੇ ਰਿਹਾ ਸੀ। ਜਦੋਂ ਇਕ ਬਜ਼ੁਰਗ ਔਰਤ ਨੇ ਟਿਕਟ ਲੈਣ ਲਈ ਕੰਡਕਟਰ ਨੂੰ ਵੀਹ ਰੁਪਏ ਦਾ ਨੋਟ ਦਿੱਤਾ ਤਾਂ ਕੰਡਕਟਰ ਨੇ ਦੋ ਰੁਪਏ ਦੇ ਬਕਾਏ ਵਜੋਂ ਟਿਕਟਾਂ ਨਾਲ ਦੋ ਟੌਫੀਆਂ ਮਾਈ ਦੇ ਹੱਥ 'ਤੇ ਧਰ ਦਿੱਤੀਆਂ। ਅੱਗੋਂ, ਹੈਰਾਨ ਹੋਈ ਬਜ਼ੁਰਗ ਔਰਤ ਨੇ ਟੌਫੀਆਂ ਵੇਖ ਹੈਰਾਨੀ ਨਾਲ ਕੰਡਕਟਰ ਤੋਂ ਪੁੱਛਿਆ 'ਵੇ ਭਲਾ ਤੁਸੀਂ ਟੌਫੀਆਂ ਵੇਚਣ ਦਾ ਕੰਮ ਵੀ ਕਰਦੇ ਓਂ'? ਬਜ਼ੁਰਗ ਦਾ ਪ੍ਰਸ਼ਨ ਸੁਣ ਕੇ ਲਾਲ ਪੀਲਾ ਹੋਇਆ ਕੰਡਕਟਰ ਟਿਕਟਾਂ ਕੱਟਣ ਲਈ ਅੱਗੇ ਵੱਧਦਾ ਹੋਇਆ ਉਚੀ-ਉਚੀ ਰੌਲਾ ਪਾਉਣ ਲੱਗਾ, 'ਘਰੋਂ ਤੁਰ ਪੈਂਦੀਆਂ ਨੇ ਮੂੰਹ ਚੁੱਕ ਕੇ, ਖੁੱਲ੍ਹੇ ਪੈਸੇ ਕਿਸੇ ਨੇ ਦੇਣੇ ਨਈਂ'! ਕੰਡਕਟਰ ਦੇ ਇਸ ਵਤੀਰੇ ਤੋਂ ਪੂਰੀ ਬੱਸ ਦੀਆਂ ਸਵਾਰੀਆਂ ਵਿਚ ਇਕ ਤਰ੍ਹਾਂ ਨਾਲ ਗੁੱਸਾ ਪਾਇਆ ਜਾ ਰਿਹਾ ਸੀ। ਕੁਝ ਹੋਰ ਸਵਾਰੀਆਂ ਨੂੰ ਟਿਕਟਾਂ ਦੇਣ ਤੋਂ ਬਾਅਦ ਜਦੋਂ ਇਕ ਦੂਰ ਦਾ ਸਫਰ ਕਰ ਰਹੇ ਦੇਖਣ ਨੂੰ ਪੜ੍ਹੇ-ਲਿਖੇ ਲੱਗਦੇ ਵਿਅਕਤੀ ਦੀ ਟਿਕਟ ਕਟਾਉਣ ਦੀ ਵਾਰੀ ਆਈ ਤਾਂ ਉਸ ਨੇ ਖੁੱਲ੍ਹੇ ਪੈਸੇ ਨਾ ਹੋਣ ਕਾਰਨ ਪੰਜਾਹ ਰੁਪਏ ਦੇ ਨੋਟ ਨਾਲ (ਦੋ ਰੁਪਏ ਦੇ ਇਵਜ਼ ਵਜੋਂ) ਕੁਝ ਹਾਜ਼ਮੋਲੇ ਦੀਆਂ ਗੋਲੀਆਂ ਦੇ ਕੇ ਜਦੋਂ ਕੰਡਕਟਰ ਤੋਂ ਟਿਕਟ ਮੰਗੀ ਤਾਂ ਕੰਡਕਟਰ ਇਕ ਤਰ੍ਹਾਂ ਨਾਲ ਜਿਵੇਂ ਪਾਣੀਓਂ ਪਤਲਾ ਜਿਹਾ ਹੋ ਗਿਆ। ਉਸ ਨੇ ਚੁੱਪ ਚੁਪੀਤੇ ਹਾਜ਼ਮੋਲੇ ਦੀਆਂ ਗੋਲੀਆਂ ਲਏ ਬਗੈਰ ਕੇਵਲ ਪੰਜਾਹ ਰੁਪਏ ਵਿਚ 52 ਰੁਪਏ ਦੀ ਟਿਕਟ ਦੇ ਦਿੱਤੀ ਤੇ ਅੱਗੇ ਵੱਧ ਗਿਆ। ਬੱਸ ਵਿਚ ਬੈਠੀਆਂ ਸਵਾਰੀਆਂ 'ਟੌਫੀਆਂ' ਦੀ ਗੱਲ ਤੋਂ ਸ਼ੁਰੂ ਹੋਏ ਗੱਲ ਨੂੰ ਲੈ ਕੇ ਕੰਡਕਟਰ ਦੇ ਚਿਹਰੇ 'ਤੇ ਛਾਈ ਚੁੱਪੀ ਨੂੰ ਵੇਖ ਹੈਰਾਨੀ ਦੇ ਆਲਮ ਵਿਚ ਸਨ।

-ਲਖਵਿੰਦਰ ਸਿੰਘ

ਕੌਮੀ ਪੱਤ੍ਰਿਕਾ

## ਸੰਪਾਦਕੀ

# ਪਾਕਿਸਤਾਨ ਦੇ ਅੱਤਵਾਦੀਆਂ ਨੂੰ 'ਅਪਰੇਸ਼ਨ ਸਿੰਧੂਰ' ਰਾਹੀਂ ਦਿੱਤਾ ਸੁਨੇਹਾ

ਪਾਕਿਸਤਾਨ ਵਿਚ ਅਤਿਵਾਦੀ ਲੁਕਣਗਾਹਾਂ 'ਤੇ ਭਾਰਤ ਵੱਲੋਂ ਕੀਤੇ ਸਟੀਕ ਹਮਲੇ ਨੂੰ 'ਅਪਰੇਸ਼ਨ ਸਿੰਧੂਰ' ਦਾ ਨਾਂ ਦੇ ਕੇ, ਮੋਦੀ ਸਰਕਾਰ ਨੇ ਪਹਿਲਗਾਮ ਕਤਲੇਆਮ 'ਚ ਗਈਆਂ ਜਾਨਾਂ ਦਾ ਬਦਲਾ ਲੈਣ ਤੋਂ ਕਿਤੇ ਵੱਡਾ ਕਾਰਜ ਨੇਪਰੇ ਚਾੜ੍ਹਿਆ ਹੈ। ਇਸ ਰਾਹੀਂ ਪ੍ਰਤੀਕ ਦੇ ਰੂਪ 'ਚ ਗਹਿਰਾ ਸੁਨੇਹਾ ਦੇ ਕੇ ਮਾਨਵੀ ਤੇ ਭਾਵਨਾਤਮਕ ਤੌਰ 'ਤੇ ਮੱਲ੍ਹਮ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਵਿਆਹੁਤਾ ਹਿੰਦੂ ਔਰਤਾਂ ਵੱਲੋਂ ਲਾਇਆ ਜਾਂਦਾ ਸਿੰਧੂਰ, ਸਿਰਫ਼ ਸਜਾਵਟੀ ਸੰਸਕਾਰ ਨਹੀਂ ਹੈ। ਇਹ ਪਛਾਣ, ਪ੍ਰੇਮ ਤੇ ਨਿਰੰਤਰਤਾ ਦਾ ਪਵਿੱਤਰ ਧਾਗਾ ਹੈ। ਜਦੋਂ 26 ਪੁਰਸ਼ਾਂ, ਜਿਨ੍ਹਾਂ ਵਿੱਚੋਂ ਬਹੁਤੇ ਹਿੰਦੂ ਤੇ ਵਿਆਹੇ ਹੋਏ ਸਨ, ਨੂੰ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਨੇ ਬੇਰਹਿਮੀ ਨਾਲ ਖ਼ਤਮ ਕਰ ਦਿੱਤਾ ਤਾਂ ਉਹ ਆਪਣੇ ਪਿੱਛੇ ਅਜਿਹੀ ਪੀੜ ਛੱਡ ਗਏ ਜਿਸ ਨੂੰ ਕਿਸੇ ਵੀ ਤਰ੍ਹਾਂ ਘਟਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀਆਂ ਵਿਧਵਾਵਾਂ ਦਾ ਸਿੰਧੂਰ, ਨਿਰਦਈ ਝਟਕੇ 'ਚ ਹਿੰਸਾ ਨਾਲ ਮਿਟਾ ਦਿੱਤਾ ਗਿਆ। ਜਵਾਬੀ ਹੱਲੇ ਨੂੰ ਇਸ ਤਾਕਤਵਰ ਪ੍ਰਤੀਕ ਨਾਲ ਜੋੜਨਾ ਸਿਰਫ਼ ਪੁਰਜੋਸ਼ ਹੀ ਨਹੀਂ, ਬਲਕਿ ਕਾਫੀ ਵਿਅਕਤੀਗਤ ਵੀ ਹੈ। ਇਹ ਸੁਰਖ਼ੀਆਂ ਵਿਚਲੀ ਗਿਣਤੀ ਪਿਛਲੀ ਗਹਿਰੀ ਮਨੁੱਖੀ ਹਾਨੀ ਨੂੰ ਮਾਨਤਾ ਦਿੰਦਾ ਹੈ। ਇਹ ਪਹਿਲਗਾਮ ਦੀਆਂ ਵਿਧਵਾਵਾਂ ਦੇ ਮਾਤਮ ਨੂੰ ਰਾਸ਼ਟਰੀ ਚੇਤਨਤਾ ਵਿੱਚ ਉੱਚਾ ਚੁੱਕਦਾ ਹੈ। ਇਹ ਯਾਦ ਕਰਾਉਂਦਾ ਹੈ ਕਿ ਅਤਿਵਾਦ ਦਾ ਟਾਕਰਾ ਸਿਰਫ਼ ਭੂ-ਰਾਜਨੀਤੀ ਦੀ ਗੱਲ ਨਹੀਂ ਹੈ, ਬਲਕਿ ਘਰਾਂ, ਰਿਸ਼ਤਿਆਂ ਤੇ ਅਮਨ-ਸ਼ਾਂਤੀ ਦੀ ਗੱਲ ਵੀ ਹੈ। ਇਸ ਤੋਂ ਇਲਾਵਾ ਜਦੋਂ ਇਸ ਅਪਰੇਸ਼ਨ ਦੀ ਰੱਖਿਆ ਪੱਖ ਤੋਂ ਜਾਣਕਾਰੀ ਦੋ ਮਹਿਲਾ ਅਧਿਕਾਰੀਆਂ- ਕਰਨਲ ਸੋਫੀਆ ਕੁਰੈਸ਼ੀ ਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ, ਨੇ ਅੱਗੇ ਹੋ ਕੇ ਦਿੱਤੀ ਤਾਂ ਅਰਥ ਹੋਰ ਵੀ ਗਹਿਰੇ ਹੋ ਗਏ। ਸਰਕਾਰ 'ਤੇ ਅਕਸਰ ਸੰਕੇਤਕ ਭਾਵਾਂ ਨੂੰ ਅਣਗੌਲਿਆਂ ਕਰਨ ਦੇ ਦੋਸ਼ ਲੱਗਦੇ ਹਨ ਪਰ ਇਸ ਵਾਰ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਮਹਿਲਾ ਅਧਿਕਾਰੀਆਂ ਨੂੰ ਸੌਂਪੀ ਗਈ ਕਿਉਂਕਿ ਹਿੰਦੂ ਰੀਤੀ-ਰਿਵਾਜਾਂ ਮੁਤਾਬਿਕ ਔਰਤਾਂ ਹੀ ਆਪਣੇ ਮੱਥੇ 'ਤੇ ਸਿੰਧੂਰ ਲਾਉਂਦੀਆਂ ਹਨ। ਇਸ ਤਰ੍ਹਾਂ ਨਾ ਸਿਰਫ਼ ਬਿਰਤਾਂਤ ਮਹਿਲਾਵਾਂ ਹਵਾਲੇ ਕੀਤਾ ਗਿਆ, ਬਲਕਿ ਰਣਨੀਤਕ ਕਮਾਨ ਵੀ ਉਨ੍ਹਾਂ ਨੂੰ ਫੜਾਈ ਗਈ।

'ਸਰਜੀਕਲ ਸਟ੍ਰਾਈਕ' ਤੇ ਤੇਜ਼ ਰਫ਼ਤਾਰ ਡਿਜੀਟਲ ਸੁਰਖ਼ੀਆਂ ਦੇ ਯੁੱਗ ਵਿੱਚ 'ਅਪਰੇਸ਼ਨ ਸਿੰਧੂਰ' ਵੱਖਰਾ ਖੜ੍ਹਾ ਦਿਸਦਾ ਹੈ- ਜਿੰਨਾ ਆਪਣੀ ਫ਼ੌਜੀ ਸ਼ਕਤੀ ਲਈ, ਓਨਾ ਹੀ ਇਸ ਦੇ ਨਾਂ ਵਿੱਚ ਪਰੋ ਦਿੱਤੇ ਗਏ ਵਿਚਾਰਾਂ ਦੀਆਂ ਪਰਤਾਂ ਲਈ। ਇਹ ਪਿੱਛੇ ਰਹਿ ਗਿਆਂ ਨੂੰ ਸਮਰਪਿਤ ਹੈ ਤੇ ਉਨ੍ਹਾਂ ਲਈ ਸੁਨੇਹਾ ਹੈ ਜਿਹੜੇ ਭੜਕਾਹਟ ਪੈਦਾ ਕਰਦੇ ਹਨ ਕਿ ਹਰੇਕ ਦਹਿਸ਼ਤੀ ਕਾਰਵਾਈ ਦਾ ਜਵਾਬ ਮਿਲੇਗਾ- ਨਾ ਸਿਰਫ਼ ਗੋਲੀਆਂ ਨਾਲ, ਬਲਕਿ ਗੌਰਵ ਨਾਲ ਵੀ।

## ਪਹਿਲਗਾਮ ਦਾ; ਬਦਲਾ ਬਨਾਮ ਪਾਕਿ ਦੀਆਂ ਦਹਿਸ਼ਤੀ ਫੈਕਟਰੀਆਂ

ਪਾਕਿਸਤਾਨ ਤੇ ਇਸ ਦੀਆਂ ਬਦਨਾਮ ਦਹਿਸ਼ਤੀ ਫੈਕਟਰੀਆਂ ਦਾ ਹਿਸਾਬ ਚਿਰਾਂ ਤੋਂ ਬਕਾਇਆ ਸੀ। ਪਰ ਪਹਿਲਗਾਮ ਵਿਚ 22 ਅਪਰੈਲ ਨੂੰ ਜਦ ਅਤਿਵਾਦੀਆਂ ਨੇ ਬੇਖ਼ਬਰ ਸੈਲਾਨੀਆਂ ਦੀ ਹੱਤਿਆ ਕੀਤੀ ਤਾਂ ਮੋਟੀ ਲਾਲ ਲਕੀਰ ਖਿੱਚੀ ਗਈ; ਮਿੱਥ ਕੇ ਕੀਤੀਆਂ ਹੱਤਿਆਵਾਂ ਨਾ ਕੇਵਲ ਕਸ਼ਮੀਰ 'ਚ ਮੁਸ਼ਕਿਲ ਨਾਲ ਹਾਸਲ ਕੀਤੇ ਅਮਨ ਨੂੰ ਭੰਗ ਕਰਨ ਵੱਲ ਸੇਧਿਤ ਸਨ, ਬਲਕਿ ਫ਼ਿਰਕੂ ਤਣਾਅ ਭੜਕਾਉਣਾ ਵੀ ਇਨ੍ਹਾਂ ਦੇ ਨਿਸ਼ਾਨੇ ਉਤੇ ਸੀ। ਕ੍ਰੋਧਿਤ ਭਾਰਤ ਨੇ ਅਪਰੇਸ਼ਨ ਸਿੰਧੂਰ ਨਾਲ ਧੌਣੋਂ ਫੜਨ ਤੋਂ ਪਹਿਲਾਂ ਕੂਟਨੀਤਕ ਤੇ ਆਰਥਿਕ ਰੋਕਾਂ ਨਾਲ ਜਵਾਬੀ ਕਾਰਵਾਈ ਕੀਤੀ। ਭਾਰਤੀ ਜਹਾਜ਼ਾਂ ਨੇ ਪਾਕਿਸਤਾਨ ਦੇ ਦਹਿਸ਼ਤੀ ਤੰਤਰ ਦੇ ਦਿਲ 'ਤੇ ਲੜੀਵਾਰ ਸਟੀਕ ਵਾਰ ਕੀਤੇ ਹਨ, ਜਿਨ੍ਹਾਂ ਵਿਚ ਸਿਖਲਾਈ ਕੈਂਪ, ਲਾਂਚ ਪੈਡ, ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਦੇ ਹੈੱਡਕੁਆਰਟਰ ਸ਼ਾਮਲ ਹਨ। ਦਹਾਕਿਆਂ ਤੋਂ ਇਹ ਦੋਵੇਂ ਅਤਿਵਾਦੀ ਜਥੇਬੰਦੀਆਂ ਭਾਰਤੀ ਸੁਰੱਖਿਆ ਏਜੰਸੀਆਂ ਦੇ ਨਿਸ਼ਾਨੇ ਉਤੇ ਸਨ, ਸੰਨ 2001 ਵਿਚ ਹੋਏ ਸੰਸਦੀ ਹਮਲੇ ਤੋਂ ਲੈ ਕੇ ਮੁੰਬਈ ਦਹਿਸ਼ਤੀ ਹਮਲਿਆਂ (2008) ਤੇ ਪੁਲਵਾਮਾ ਆਤਮਘਾਤੀ ਧਮਾਕੇ ਤੱਕ (2019)। ਇਨ੍ਹਾਂ ਹਮਲਿਆਂ 'ਚ ਵੀ ਸੈਂਕੜੇ ਨਿਰਦੋਸ਼ ਨਾਗਰਿਕਾਂ ਦੀਆਂ ਜਾਨਾਂ ਗਈਆਂ ਤੇ ਵੱਡੀ ਗਿਣਤੀ ਸੁਰੱਖਿਆ ਕਰਮੀ ਸ਼ਹੀਦ ਹੋਏ।

ਨਵੀਂ ਦਿੱਲੀ ਨੇ ਧੀਰਜ ਨਾਲ ਦੋ ਹਫ਼ਤਿਆਂ ਤੱਕ ਉਡੀਕ ਕੀਤੀ, ਇਸ ਉਮੀਦ ਨਾਲ ਕਿ ਇਸਲਾਮਾਬਾਦ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਕਰੇਗਾ ਤੇ ਉਨ੍ਹਾਂ ਦੇ ਟਿਕਾਣੇ ਢਾਹੇਗਾ। ਇਸ ਦੀ ਬਜਾਏ ਪਾਕਿਸਤਾਨ ਨੇ ਇਨਕਾਰੀ ਹੋਣਾ ਚੁਣਿਆ ਅਤੇ ਭਾਰਤ ਉਤੇ ਹੀ 'ਫਾਲਸ ਫਲੈਗ' ਅਪਰੇਸ਼ਨ ਦੇ ਦੋਸ਼ ਮੜ੍ਹ ਦਿੱਤੇ। ਇਸ ਦੇ ਮੰਤਰੀਆਂ ਵੱਲੋਂ ਅੰਨ੍ਹੇਵਾਹ ਫੌਜੀ ਕਾਰਵਾਈ ਦੀਆਂ ਧਮਕੀਆਂ ਦਿੱਤੀਆਂ ਗਈਆਂ ਜੋ ਹਤਾਸ਼ਾ ਦੀ ਇਕ ਹੋਰ ਉਦਾਹਰਨ ਸੀ। ਸਮਾਂ ਗੁਜ਼ਰ ਰਿਹਾ ਸੀ, ਫੇਰ ਵੀ ਪਾਕਿਸਤਾਨ ਆਪਣੇ ਲਈ ਟੋਆ ਪੁੱਟਣ 'ਚ ਰੁੱਝਿਆ ਸੀ। ਅੰਤ 'ਚ, ਭਾਰਤ ਨੂੰ ਆਪਣੇ ਇਸ ਵੈਰੀ ਤੇ ਵਿਗੜੇ ਗੁਆਂਢੀ ਨੂੰ ਇਹ ਦੱਸਣ ਵਿਚ ਸਿਰਫ਼ 25 ਕੁ ਮਿੰਟ ਲੱਗੇ ਕਿ ਬਹੁਤ ਹੋ ਗਿਆ। ਭਾਰਤੀ ਸੈਨਾ ਨੇ ਕੁਝ ਮਿੰਟਾਂ ਦੇ ਅੰਦਰ ਹੀ ਪਾਕਿਸਤਾਨ ਦੇ ਧੁਰ ਅੰਦਰ ਤੇ ਮਕਬੂਜ਼ਾ ਕਸ਼ਮੀਰ ਵਿਚ ਕਈ ਦਹਿਸ਼ਤੀ ਢਾਂਚੇ ਤਬਾਹ ਕਰ ਦਿੱਤੇ।

'ਨਾਪੇ-ਤੋਲੇ' ਅਤੇ 'ਜ਼ਬਤ ਰੱਖ' ਕੇ ਕੀਤੇ ਹਮਲਿਆਂ ਜਿਨ੍ਹਾਂ 'ਚ ਪਾਕਿਸਤਾਨੀ ਨਾਗਰਿਕਾਂ, ਆਰਥਿਕ ਤੇ ਫੌਜੀ ਟਿਕਾਣਿਆਂ ਨੂੰ ਬਚਾਇਆ ਗਿਆ, ਨਾਲ ਭਾਰਤ ਨੇ ਜ਼ਿੰਮੇਵਾਰ ਖੇਤਰੀ ਸ਼ਕਤੀ ਹੋਣ ਦਾ ਸਬੂਤ ਦਿੱਤਾ ਹੈ। ਭਾਰਤ ਨੇ ਬਿਨਾਂ ਸ਼ੱਕ, ਕੌਮਾਂਤਰੀ ਰਵੱਈਏ ਅਤੇ ਹੁੰਗਾਰੇ ਨੂੰ ਵੀ ਬਾਕਾਇਦਾ ਧਿਆਨ ਵਿੱਚ ਰੱਖਿਆ ਹੈ ਅਤੇ ਉਸ ਮੁਤਾਬਿਕ ਕਾਰਵਾਈ ਨੇਪਰੇ ਚਾੜ੍ਹੀ ਹੈ। ਪਾਕਿਸਤਾਨ ਮੁਕੰਮਲ ਤੌਰ 'ਤੇ ਅਜਿਹੇ ਮੁਲਕ ਵਜੋਂ ਬੇਨਕਾਬ ਹੁੰਦਾ ਰਿਹਾ ਹੈ ਜੋ ਅੰਦਰੂਨੀ ਤੌਰ 'ਤੇ ਕਈ ਮੁਸ਼ਕਿਲਾਂ ਹੋਣ ਦੇ ਬਾਵਜੂਦ ਵੀ ਸਰਹੱਦ ਪਾਰ ਅਤਿਵਾਦ ਤੋਂ ਬਾਜ਼ ਨਹੀਂ ਆਉਂਦਾ, ਤੇ ਨਾ ਹੀ ਇਸ ਨੂੰ ਤਿਆਗਣਾ ਚਾਹੁੰਦਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜ਼ਾ ਆਸਿਫ਼ ਨੇ ਸਥਿਤੀ ਨੂੰ ਹੋਰ ਨਾ ਵਿਗੜਨ ਦੇਣ ਦੀ ਦੁਹਾਈ ਪਾਉਂਦਿਆਂ, ਤਣਾਅ ਘਟਾਉਣ ਦਾ ਜ਼ਿੰਮਾ ਭਾਰਤ ਸਿਰ ਪਾ ਦਿੱਤਾ ਹੈ। ਫੈਸਲਾ ਹਾਲਾਂਕਿ ਸਪੱਸ਼ਟ ਤੌਰ 'ਤੇ ਇਸਲਾਮਾਬਾਦ-ਰਾਵਲਪਿੰਡੀ ਦੀ 'ਅਦਾਲਤ' ਨੇ ਕਰਨਾ ਹੈ। ਪਾਕਿਸਤਾਨ, ਜੋ ਖ਼ੁਦ ਹੁਣ ਅਤਿਵਾਦ ਦੇ ਖ਼ੂਨ 'ਚ ਬੁਰੀ ਤਰ੍ਹਾਂ ਭਿੱਜਿਆ ਪਿਆ ਹੈ, ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਭਾਰਤ 'ਤੇ ਇਕ-ਇਕ ਕਰ ਕੇ ਵਾਰ ਕਰਨ ਦੀ ਇਸ ਦੀ ਰਣਨੀਤੀ ਇਸ ਦੇ ਗਲ਼ੇ ਦਾ ਹੀ ਫ਼ੰਦਾ ਬਣ ਗਈ ਹੈ। ਸੱਤ ਮਈ ਦਾ ਸੁਨੇਹਾ ਬੁਲੰਦ ਤੇ ਸਾਫ ਹੈ- ਆਪਣੇ ਲਈ ਖ਼ਤਰਾ ਮੁੱਲ ਲੈ ਕੇ ਹੀ ਭਾਰਤ ਨੂੰ ਭੜਕਾਓ।

# ਕਰੈਸ਼ ਬਲੈਕਆਊਟ ਡ੍ਰਿਲ: ਪਟਿਆਲਾ ਜ਼ਿਲ੍ਹੇ 'ਚ ਬੰਦ ਰਹੀਆਂ ਲਾਈਟਾਂ; ਡਿਪਟੀ ਕਮਿਸ਼ਨਰ ਡ੍ਰਿਲ ਦੌਰਾਨ ਫੀਲਡ ਵਿੱਚ ਰਹੇ

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਨੇ ਬੁੱਧਵਾਰ ਨੂੰ ਸਿਵਲ ਡਿਫੈਂਸ ਉਪਾਅ ਦੇ ਹਿੱਸੇ ਵਜੋਂ ਰਾਤ 9 ਵਜੇ ਤੋਂ 9:10 ਵਜੇ ਤੱਕ ਕਰੈਸ਼ ਬਲੈਕਆਊਟ ਅਭਿਆਸ ਕੀਤਾ, ਜਿਸ ਦੌਰਾਨ ਲਾਈਟਾਂ ਬੰਦ ਰੱਖੀਆਂ ਗਈਆਂ।ਜਦਕਿ ਅਰਬਨ ਅਸਟੇਟ ਵਿਖੇ ਬਲੈਕ ਆਊਟ ਰਾਤ 9 ਵਜੇ ਤੋਂ 9:30 ਵਜੇ ਤੱਕ ਲਾਈਟ ਬੰਦ ਰਹੀ।

ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਨੇ ਦੱਸਿਆ ਕਿ ਉਨ੍ਹਾਂ ਨੇ ਸ਼ਹਿਰ ਦਾ ਦੌਰਾ ਕਰਕੇ ਦੇਖਿਆ ਕਿ ਕਈ ਥਾਂਵਾਂ ਵਿਖੇ ਲੋਕਾਂ ਦੀਆਂ ਇਨਵਰਟਰ ਅਤੇ ਜੈਨਰੇਟਰ ਵਾਲੀਆਂ ਲਾਈਟਾਂ ਲਗਾਈਆਂ ਹੋਈਆਂ ਸਨ, ਭਾਵੇਂ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਸਨ ਪਰ ਉਂਨਾ ਦੇ ਮਸ਼ਹੂਰੀ ਬੋਰਡ ਜੱਗ ਰਹੇ ਸਨ, ਜਿਸ ਕਾਰਨ ਖਤਰਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਵਾਹਨਾਂ ਦੀ ਆਵਾਜਾਈ ਵੀ ਜਾਰੀ ਰਹੀ ਪਰ ਦੇਖਣ ਵਿੱਚ ਆਇਆ ਕਿ ਗੱਡੀਆਂ ਦੀਆਂ ਲਾਈਟਾਂ ਵੀ ਲੋਕਾਂ ਨੇ ਬੰਦ ਨਹੀਂ ਕੀਤੀਆਂ ਜਦਕਿ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਇਸ ਬਾਰੇ ਸਲਾਹਕਾਰੀ ਜਾਰੀ ਕੀਤੀ ਗਈ ਸੀ।

ਪ੍ਰੀਤੀ ਯਾਦਵ ਨੇ ਕਿਹਾ ਕਿ ਬਲੈਕਆਊਟ ਡ੍ਰਿਲ ਪਹਿਲਾਂ ਰੇਲਵੇ ਸਟੇਸ਼ਨ ਵਿਖੇ ਕੀਤੀ ਗਈ ਇੱਕ ਮੌਕ ਡ੍ਰਿਲ ਤੋਂ ਬਾਅਦ ਦੂਸਰੇ ਪੜਾਅ ਤਹਿਤ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅਭਿਆਸ ਦਾ ਉਦੇਸ਼ ਸੰਭਾਵੀ ਹਵਾਈ ਹਮਲਿਆਂ ਜਾਂ ਯੁੱਧ ਵਰਗੀਆਂ ਸਥਿਤੀਆਂ ਦੌਰਾਨ ਐਮਰਜੈਂਸੀ ਪ੍ਰਤੀਕਿਰਿਆ ਲਈ ਵਸਨੀਕਾਂ ਨੂੰ ਤਿਆਰ ਕਰਨਾ ਸੀ।

ਪ੍ਰੋਟੋਕੋਲ ਬਾਰੇ ਦੱਸਦੇ ਹੋਏ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਹਾਲਾਤ ਵਿੱਚ, ਸਾਰੀਆਂ ਲਾਈਟਾਂ, ਇਨਵਰਟਰ ਅਤੇ ਜਨਰੇਟਰ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਜਾਣੇ ਚਾਹੀਦੇ ਹਨ। ਇਥੋਂ ਤੱਕ ਕਿ ਆਟੋ-ਆਨ ਸੋਲਰ/ਸੀ ਸੀ ਟੀ ਵੀ ਲਾਈਟਾਂ ਨੂੰ ਵੀ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਵਾਹਨਾਂ ਨੂੰ ਸੜਕ ਦੇ ਕਿਨਾਰੇ ਖੜ੍ਹਾ ਕਰਕੇ, ਲਾਈਟਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਹਵਾਈ ਹਮਲਿਆਂ ਦੌਰਾਨ ਸੰਭਾਵੀ ਟਾਰਗੇਟ ਬਣਨ ਤੋਂ ਬਚਣ ਲਈ ਕਰੈਸ਼ ਬਲੈਕਆਊਟ ਇੱਕ ਮਹੱਤਵਪੂਰਨ ਐਮਰਜੈਂਸੀ ਉਪਾਅ ਸਮਝਿਆ ਜਾਂਦਾ ਹੈ।

ਡਾ ਪ੍ਰੀਤੀ ਯਾਦਵ ਨੇ ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲੇ ਵਸਨੀਕਾਂ ਨੂੰ ਹਵਾਈ ਹਮਲੇ ਦੀ ਸਥਿਤੀ ਵਿੱਚ ਜ਼ਮੀਨੀ ਮੰਜ਼ਿਲਾਂ ਜਾਂ ਭੂਮੀਗਤ ਆਸਰਾ ਸਥਾਨਾਂ ਵਿੱਚ ਜਾਣ ਦੀ ਸਲਾਹ ਵੀ ਦਿੱਤੀ। ਜਿਨ੍ਹਾਂ ਲੋਕਾਂ ਨੂੰ ਤੁਰੰਤ ਕੋਈ ਆਸਰਾ ਨਹੀਂ ਮਿਲਦਾ, ਉਨ੍ਹਾਂ ਨੂੰ ਦਰੱਖਤਾਂ ਹੇਠ ਸਹਾਰਾ ਲੈਣ ਦੀ ਸਲਾਹ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਅਜਿਹੀਆਂ ਹੰਗਾਮੀ ਹਾਲਤਾਂ ਨਾਲ ਨਜਿੱਠਣ ਦਾ ਅਭਿਆਸ ਕੀਤਾ ਹੋਵੇਗਾ ਤਾਂ ਸਾਨੂੰ ਇਸ ਦਾ ਸਵੈ ਰੱਖਿਆ ਦੌਰਾਨ ਵੱਡਾ ਲਾਭ ਮਿਲੇਗਾ।

ਇਸ ਤੋਂ ਇਲਾਵਾ, ਡਿਪਟੀ ਕਮਿਸ਼ਨਰ ਨੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਅਤੇ ਭੜਕਾਊ ਸੰਦੇਸ਼ ਫੈਲਾਉਣ ਵਿਰੁੱਧ ਚਿਤਾਵਨੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਸਾਨੂੰ ਗੈਰ-ਪ੍ਰਮਾਣਿਤ ਸੰਦੇਸ਼ਾਂ ਨੂੰ ਅੱਗੇ ਭੇਜਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜੋ ਦਹਿਸ਼ਤ ਫੈਲਾ ਸਕਦੇ ਹਨ ਅਤੇ ਸਮਾਜਿਕ ਸਦਭਾਵਨਾ ਨੂੰ ਵਿਗਾੜ ਸਕਦੇ ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਦੇ ਸਾਈਬਰ ਸੈੱਲ ਨੂੰ ਅਫਵਾਹਾਂ ਦੇ ਫੈਲਾਅ ਦੀ ਨਿਗਰਾਨੀ ਅਤੇ ਰੋਕਥਾਮ ਲਈ ਅਲਰਟ 'ਤੇ ਰੱਖਿਆ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਅਜਿਹੀ ਐਡਵਾਈਜਰੀ ਜਾਰੀ ਕੀਤੀ ਜਾਂਦੀ ਹੈ ਤਾਂ ਉਹ ਲੋਕਾਂ ਦੀ ਸੁਰੱਖਿਆ ਲਈ ਹੀ ਹੁੰਦੀ ਹੈ ਇਸ ਲਈ ਲੋਕਾਂ ਨੂੰ ਇਸ ਦੀ ਪਾਲਣਾ ਗੰਭੀਰਤਾ ਨਾਲ ਕਰਨੀ ਚਾਹੀਦੀ ਹੈ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹੁਕਮ ਜਾਰੀ

**ਮੋਗਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਗਰ ਸੇਤੀਆ, ਆਈ.ਏ.ਐੱਸ, ਜ਼ਿਲ੍ਹਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ, ਮੋਗਾ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮੋਗਾ ਦੀ ਹਦੂਦ ਅੰਦਰ ਵਿਆਹ-ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰਜ਼ ਸ਼ਾਮਲ ਹਨ, ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾਈ ਹੈ। ਇਹ ਹੁਕਮ ਮਿਤੀ 07/05/2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੰਕਟਕਾਲ ਸਥਿਤੀ ਨਾਲ ਨਿਜੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿੱਲ ਕੀਤੀਆਂ ਜਾ ਰਹੀਆਂ ਹਨ।

ਜਦਕਿ ਇਹ ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਕਿ ਆਏ ਦਿਨ ਵਿਆਹ-ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰਜ਼ ਸ਼ਾਮਲ ਹੁੰਦੇ ਹਨ, ਦੀ ਭਰੂਪਰ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਪਟਾਖਿਆਂ ਨਾਲ ਸ਼ੋਰ ਸ਼ਰਾਬੇ ਨਾਲ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ।

# ਖਰੀਦੀ ਫਸਲ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ ਕੀਤੀ ਗਈ 1646 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ

**ਤਰਨ ਤਾਰਨ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹੁਣ ਤੱਕ ਜਿਲ੍ਹੇ ਦੇ ਮੰਡੀਆਂ ਚੋ ਖਰੀਦ ਕੀਤੀ ਗਈ ਕਣਕ ਵਿੱਚੋਂ 4,00,118 ਮੀਟ੍ਰਿਕ ਟਨ ਕਣਕ ਦੀ ਚੁਕਾਈ ਕੀਤੀ ਜਾ ਚੁੱਕੀ ਹੈ ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਦੱਸਿਆ ਕਿ ਸਮੂਹ ਖਰੀਦ ਏਜੰਸੀਆਂ ਨੂੰ ਆਦੇਸ਼ ਦਿੱਤੇ ਗਏ ਹਨ, ਕਿ ਖਰੀਦੀ ਫਸਲ ਦੀ ਮੰਡੀਆਂ ਚੋਂ ਚੁਕਾਈ ਜਲਦ ਤੋਂ ਜਲਦ ਕੀਤੀ ਜਾਵੇ।

ਉਨ੍ਹਾਂ ਦੱਸਿਆ ਕਿ ਜ਼ਿਲੇ ਦੀਆਂ ਮੰਡੀਆਂ 'ਚ 07 ਮਈ ਤੱਕ 7,41,527 ਮੀਟਿਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 7,41,525 ਮੀਟ੍ਰਿਕ ਟਨ ਕਣਕ ਦੀ ਵੱਖ-ਵੱਖ ਏਜੰਸੀਆਂ ਵਲੋ ਖਰੀਦ ਕੀਤੀ ਜਾ ਚੁੱਕੀ ਹੈ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖਰੀਦ ਕੀਤੀ ਗਈ ਕਣਕ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 1646 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਉਹਨਾਂ ਦੀ ਫਸਲ ਦੀ ਬਣਦੀ ਅਦਾਇਗੀ 48 ਘੰਟੇ ਦੇ ਅੰਦਰ-ਅੰਦਰ ਆਨਲਾਈਨ ਤਰੀਕੇ ਨਾਲ ਕਰਨੀ ਯਕੀਨੀ ਬਣਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਉਹਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਾ ਆਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 07 ਮਈ ਤੱਕ ਪਨਗਰੇਨ ਏਜੰਸੀ ਵੱਲੋਂ 2,35,620 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 1,81,270 ਮੀਟ੍ਰਿਕ ਟਨ, ਪਨਸਪ ਵੱਲੋਂ 1,70,797 ਮੀਟ੍ਰਿਕ ਟਨ, ਪੰਜਾਬਵੇਅਰਹਾਊਸ ਕਾਰਪੋਰੇਸ਼ਨ ਵੱਲੋਂ 95,437 ਮੀਟ੍ਰਿਕ ਟਨ ਅਤੇ ਐੱਫ਼. ਸੀ. ਆਈ. ਵੱਲੋਂ 39,437 ਕਣਕ ਦੀ ਖਰੀਦ ਕੀਤੀ ਗਈ ਹੈ।

# ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ੍ਰੀ ਅਸ਼ੋਕ ਸਿੰਗਲਾ ਪਹੁੰਚੇ ਕੈਟਲ ਪਾਊਂਡ ਦੁਬਲੀ

**ਤਰਨ ਤਾਰਨ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਸ਼ੋਕ ਕੁਮਾਰ ਸਿੰਗਲਾ ਵੱਲੋਂ ਕੈਟਲ ਪਾਊਂਡ ਦੁਬਲੀ ਦਾ ਦੌਰਾ ਕੀਤਾ ਗਿਆ, ਜਿਸ ਵਿੱਚ ਉਹਨਾਂ ਵੱਲੋਂ ਗਊ ਧੰਨ ਦੀ ਸਾਂਭ-ਸੰਭਾਲ ਦੇ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ। ਇਸ ਮੌਕੇ ਚੇਅਰਮੈਨ ਸ੍ਰੀ ਅਸ਼ੋਕ ਸਿੰਗਲਾ ਦੇ ਸਵਾਗਤ ਲਈ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਮਨੀਸ਼ ਕੁਮਾਰ ਗੁਪਤਾ ਅਤੇ ਹੋਰ ਅਧਿਕਾਰੀ, ਨਾਮੀਂ ਗਊ ਸੇਵਕ ਸ਼੍ਰੀ ਕੁਲਦੀਪ ਬੇਦੀ ਅਤੇ ਪਿੰਡ ਵਾਸੀ ਹਾਜ਼ਰ ਸਨ।

ਪਿੰਡ ਵਾਸੀਆਂ ਅਤੇ ਕੁਲਦੀਪ ਬੇਦੀ ਵੱਲੋਂ ਕੈਟਲ ਪੌਂਡ ਦੁਬਲੀ ਵਿੱਚ ਦਰਪੇਸ਼ ਮੁਸ਼ਕਲਾਂ ਦੀ ਜਾਣਕਾਰੀ ਚੇਅਰਮੈਨ ਗਊ ਸੇਵਾ ਕਮਿਸ਼ਨ ਨਾਲ ਸਾਂਝੀ ਕੀਤੀ ਗਈ । ਚੇਅਰਮੈਨ ਸਾਹਿਬ ਨੇ ਇਹਨਾਂ ਸਾਰੀਆਂ ਮੁਸ਼ਕਿਲਾਂ ਨੂੰ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੱਲ ਕਰਨ ਦਾ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਅਤੇ ਕਿਹਾ ਕਿ ਸਾਨੂੰ ਸਾਰੇ ਜਾਗਰੂਕ ਨਾਗਰਿਕਾਂ ਨੂੰ ਗਊ ਧੰਨ ਪ੍ਰਤੀ ਆਪਣਾ ਫਰਜ ਨਿਭਾਉਂਦਿਆਂ ਹੋਇਆਂ ਗਊ ਸੇਵਾ ਵਿੱਚ ਹੋਰ ਯੋਗਦਾਨ ਪਾਉਣਾ ਚਾਹੀਦਾ ਹੈ।

ਚੇਅਰਮੈਨ ਸ੍ਰੀ ਅਸ਼ੋਕ ਸਿੰਗਲਾ ਵੱਲੋਂ ਤਰਨ ਤਾਰਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ( ਵਿਕਾਸ) ਸ੍ਰੀ ਸੰਜੀਵ ਕੁਮਾਰ ਜੀ ਨੇ ਵੱਖ-ਵੱਖ ਅਧਿਕਾਰੀਆਂ ਤੋਂ ਰਿਪੋਰਟ ਲੈਂਦਿਆਂ ਕਿਹਾ ਕਿ ਕੈਟਲ ਪਾਊਂਡ ਦੁਬਲੀ ਵਿੱਚ ਚਾਰੇ ਦੀ ਕਮੀ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਉੱਥੇ ਟਰੈਕਟਰ ਵੀ ਛੇਤੀ ਉਪਲਬਧ ਕਰਵਾ ਦਿੱਤਾ ਜਾਵੇਗਾ।

ਉਹਨਾਂ ਦੱਸਿਆ ਕਿ ਗਊ ਧੰਨ ਦੀ ਸਾਂਭ ਸੰਭਾਲ ਲਈ ਪੰਚਾਇਤੀ ਰਾਜ ਵਿਭਾਗ ਵੱਲੋਂ ਕੈਟਲ ਪਾਊਂਡ ਵਿੱਚ ਇੱਕ ਨਵਾਂ ਸ਼ੈਡ ਛੇਤੀ ਤਿਆਰ ਕਰ ਦਿੱਤਾ ਜਾਵੇਗਾ।

ਕੈਟਲ ਪਾਊਂਡ ਦੇ ਪ੍ਰਬੰਧ ਨੂੰ ਹੋਰ ਵਧੀਆ ਕਰਨ ਲਈ ਪਬਲਿਕ ਦੇ ਪੰਜ ਨੁਮਾਇੰਦਿਆਂ ਦੀ ਕਮੇਟੀ ਬਣਾਉਣ ਦੀ ਤਜਵੀਜ ਵੀ ਮੀਟਿੰਗ ਵਿੱਚ ਮਨਜ਼ੂਰ ਕੀਤੀ ਗਈ।

ਮੀਟਿੰਗ ਵਿੱਚ ਹਾਜ਼ਰ ਨਗਰ ਕੌਸਲਾਂ ਦੇ ਕਾਰਜ ਸਾਧਕ ਅਫਸਰਾਂ ਨੇ ਗਊ ਸੈਸ ਸਬੰਧੀ ਰਿਪੋਰਟ ਪੇਸ਼ ਕੀਤੀ ਅਤੇ ਵਧੀਕ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਵਾਇਆ ਕਿ ਗਊ ਸੈਸ ਨੂੰ ਗਊ ਧੰਨ ਦੇ ਰੱਖ ਰਖਾਵ ਲਈ ਵਰਤਿਆ ਜਾਵੇਗਾ।

# ਮਹਿਲਾ ਸਟਾਫ਼ ਨਾਲ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਵਿਰੁੱਧ ਮਾਮਲਾ ਦਰਜ



**ਨਿਹਾਲ ਸਿੰਘ ਵਾਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਰਮਨਜੀਤ ਸਿੰਘ ਪੁੱਤਰ ਮਲਾਗਰ ਸਿੰਘ ਵਾਸੀ ਪੱਤੋ ਜਵਾਰ ਸਿੰਘ ਵਾਲਾ ਜਿਲ੍ਹਾ ਮੋਗਾ ਉੱਪਰ ਨਿਹਾਲ ਸਿੰਘ ਵਾਲਾ ਦੇ ਐਸ ਡੀ ਐਮ ਸਵਾਤੀ ਦੀ ਸਿਫਾਰਿਸ਼ ਉੱਪਰ ਸਰਕਾਰੀ ਮੁਲਾਜ਼ਮਾਂ ਨਾਲ ਦੁਰਵਿਵਹਾਰ ਕਰਨ, ਮਾੜੀ ਸ਼ਬਦਾਵਲੀ ਵਰਤਣ ਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਮਾਮਲਾ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮਾਮਲਾ ਕੁੱਝ ਇਸ ਤਰ੍ਹਾਂ ਹੈ ਕਿ ਇਕ ਮਹਿਲਾ ਪਟਵਾਰੀ ਨੂੰ ਉਕਤ ਕਥਿਤ ਦੋਸ਼ੀ ਵੱਲੋਂ ਇਕ ਰਿਟਾਇਰਡ ਅਫਸਰ ਦਾ ਮੁੰਡਾ ਹੋਣ ਦਾ ਹਵਾਲਾ ਦੇਕੇ ਰੋਹਬਦਾਰ ਅਤੇ ਮਾੜੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਕੰਮ ਕਰਵਾਉਣ ਦੀ ਗੱਲ ਕੀਤੀ ਗਈ। ਮਹਿਲਾ ਮਾਲ ਵਿਭਾਗ ਅਧਿਕਾਰੀ ਨਿਹਾਲ ਸਿੰਘ ਵਾਲਾ ਦੇ ਸਾਹਮਣੇ ਵੀ ਇਸਨੇ ਭੱਦੀ ਸ਼ਬਦਾਵਲੀ ਵਰਤੀ।

ਉਕਤ ਵਿਅਕਤੀ ਬਾਰ-ਬਾਰ ਆਪਣੇ ਪ੍ਰਭਾਵਸ਼ਾਲੀ ਹੋਣ ਦੀ ਧੌਂਸ ਦੇ ਕੇ ਆਪਣੇ ਮਨ ਮਤਾਬਿਕ, ਰੂਲਾਂ ਅਤੇ ਕਾਨੂੰਨ ਨੂੰ ਛਿੱਕੇ ਟੰਗ ਕੇ ਕੰਮ ਕਰਵਾਉਣ ਲਈ ਦਬਾਅ ਪਾ ਰਿਹਾ ਸੀ।

ਐਸ ਡੀ ਐਮ ਸਵਾਤੀ ਨੇ ਦੱਸਿਆ ਕਿ ਦੋਨੋਂ ਮਹਿਲਾ ਮੁਲਾਜ਼ਮਾਂ ਨੂੰ ਸੀਨਾਜੋਰੀ ਦੁਖਾਉਂਦਿਆਂ ਹੋਇਆਂ ਮਾੜੀ ਸ਼ਬਦਾਵਲੀ ਬੋਲਕੇ ਮਾਨਸਿਕ ਅਤੇ ਸਮਾਜਿਕ ਤੌਰ ਤੇ ਪ੍ਰੇਸ਼ਾਨ ਕਰਕੇ ਸਰਕਾਰੀ ਡਿਊਟੀ ਨਿਭਾਉਣ ਵਿਚ ਰੁਕਾਵਟ ਪਾਉਣ ਦੇ ਦੋਸ਼ ਹੇਠ ਇਸ ਵਿਅਕਤੀ ਦੇ ਖਿਲਾਫ ਬੀ.ਐਨ.ਐਸ. ਦੀਆਂ ਉਚਿਤ ਧਰਾਵਾਂ ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ।ਜਰਮਨਜੀਤ ਸਿੰਘ ਵਿਰੁੱਧ ਧਾਰਾ 79, 132 ਅਤੇ 221 ਬੀਐਨਐਸ ਤਹਿਤ ਐਫਆਈਆਰ ਨੰਬਰ 66 ਦਰਜ ਕੀਤੀ ਗਈ ਹੈ।

# ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਹੋਈ ਅਹਿਮ ਮੀਟਿੰਗ

**ਹੁਸ਼ਿਆਰਪੁਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਰਹੱਦ 'ਤੇ ਤਣਾਅ ਦੇ ਮੱਦੇਨਜ਼ਰ ਭਾਰਤ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਸਿਵਲ ਡਿਫੈਂਸ ਤਿਆਰੀ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਪੁਲਿਸ ਅਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਿਵਲ ਡਿਫੈਂਸ ਕਮੇਟੀ ਦੀ ਇਕ ਅਹਿਮ ਮੀਟਿੰਗ ਹੋਈ।ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਵਿਚ ਜਿਥੇ ਜ਼ਿਲ੍ਹੇ ਵਿਚ ਬਲੈਕ ਆਊਟ ਅਤੇ ਮੌਕ ਡਰਿੱਲ ਬਾਰੇ ਵਿਚਾਰ ਕੀਤਾ ਗਿਆ ਉਥੇ ਸੰਕਟਕਾਲੀਨ ਹਾਲਾਤ ਮੌਕੇ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੇ ਡਾਇਰੈਕੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਆਉਂਦੇ ਦਿਨਾਂ ਵਿਚ ਮੌਕ ਡਰਿੱਲਾਂ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਇਹ ਅਭਿਆਸ ਪਹਿਲਾਂ ਤੋਂ ਯੋਜਨਾਬੱਧ ਹਨ, ਇਸ ਲਈ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਇਸ ਦੌਰਾਨ ਸਾਰੀਆਂ ਜ਼ਰੂਰੀ ਸੇਵਾਵਾਂ ਕਾਰਜਸ਼ੀਲ ਰਹਿਣਗੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਮਸ਼ੀਨਰੀ ਅਭਿਆਸ ਦੌਰਾਨ ਨਾਗਰਿਕਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਰਹੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦਾ ਉਦੇਸ਼ ਐਮਰਜੈਂਸੀ ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਨਕਲ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋਣ। ਇਸ ਲਈ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਹੀ ਫੈਲਾਈ ਜਾਵੇ ਤੇ ਨਾ ਹੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰ੍ਹਾ ਦੀਆਂ ਅਫਵਾਹਾਂ 'ਤੇ ਯਕੀਨ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ 24 ਘੰਟੇ ਕਾਰਜਸ਼ੀਲ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰਬਰ 01882-220412 ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਇਸ ਕੰਟਰੋਲ ਰੂਮ 'ਤੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਹੋਰ ਜਾਣਕਾਰੀ ਹੋਈ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨਾਲ ਸਾਂਝੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮੌਕ ਡ੍ਰਿਲਾਂ ਦੌਰਾਨ ਜਨਤਾ ਨੂੰ ਸੁਚੇਤ ਕਰਨ ਵਿੱਚ ਲਈ ਹਵਾਈ ਹਮਲੇ ਦੇ ਸਾਇਰਨਾਂ ਦੀ ਜਾਂਚ ਤੇ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜੰਗ ਵਰਗੀਆਂ ਸਥਿਤੀਆਂ ਦੀ ਨਕਲ ਕਰਨ ਲਈ ਕਰੈਸ਼ ਬਲੈਕਆਊਟ ਅਭਿਆਸ ਕੀਤਾ ਜਾ ਰਿਹਾ ਹੈ। ਇਸ ਦੌਰਾਨ ਅੱਗ ਬੁਝਾਊ ਯੰਤਰਾਂ ਦੀ ਜਾਂਚ ਦੇ ਪਰਖ, ਬੰਕਰਾਂ, ਇਮਾਰਤਾਂ ਤੇ ਹੋਰ ਭੀੜੀਆਂ ਤੇ ਜੋਖਮ ਭਰੀਆਂ ਥਾਵਾਂ ਉਤੇ ਫਸੇ ਜ਼ਖਮੀਆਂ ਤੇ ਫੱਟੜਾਂ ਨੂੰ ਪ੍ਰਭਾਵਿਤ ਇਲਾਕੇ ਵਿੱਚੋਂ ਬਚਾਅ ਕੇ ਕੱਢਣਾ, ਆਰਜ਼ੀ ਹਸਪਤਾਲ ਦੀ ਸਥਾਪਨਾ ਅਤੇ ਹੋਰ ਜਰੂਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ।

ਸਿਵਲ ਤੇ ਪੁਲਿਸ ਅਧਿਕਾਰੀਆਂ ਅਤੇ ਭਾਰਤੀ ਹਵਾਈ ਸੈਨਾ ਵਿਚਕਾਰ ਹੌਟਲਾਈਨ ਅਤੇ ਰੇਡੀਓ ਸੰਚਾਰ ਲਿੰਕਾਂ ਦਾ ਮੁਲਾਂਕਣ,ਅੱਗ ਬੁਝਾਉਣ ਅਤੇ ਮੁੱਢਲੀ ਸਹਾਇਤਾ ਸਮੇਤ ਨਿਕਾਸੀ, ਤਾਲਾਬੰਦੀ ਅਤੇ ਐਮਰਜੈਂਸੀ ਪ੍ਰਤੀਕਿਰਿਆਵਾਂ ਦਾ ਸਿਮੂਲੇਸ਼ਨ, ਕੰਟਰੋਲ ਰੂਮਾਂ ਅਤੇ ਸ਼ੈਡੋ ਕੰਟਰੋਲ ਸੈਂਟਰਾਂ ਦੀ ਕਾਰਜਸ਼ੀਲਤਾ ਦੀ ਜਾਂਚ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਉਹ ਇਸ ਅਭਿਆਸ ਲਈ ਘੇਰਾਬੰਦੀ ਕੀਤੇ ਗਏ ਸੀਮਤ ਖੇਤਰਾਂ ਤੋਂ ਦੂਰ ਰਹਿਣ। ਸ਼ਾਂਤ ਰਹਿਣ ਅਤੇ ਜੇਕਰ ਸਾਇਰਨ ਵੱਜਦੇ ਹਨ ਜਾਂ ਲਾਈਟਾਂ ਬੰਦ ਹੋ ਜਾਂਦੀਆਂ ਹਨ ਤਾਂ ਘਬਰਾਓ ਨਾ। ਉਨ੍ਹਾਂ ਕਿਹਾ ਕਿ ਬਲੈਕਆਊਟ ਦੌਰਾਨ ਲਾਈਟਾਂ ਬੰਦ ਕਰੋ ਅਤੇ ਖਿੜਕੀਆਂ ਨੂੰ ਮੋਟੇ ਪਰਦਿਆਂ ਜਾਂ ਪੈਨਲਾਂ ਨਾਲ ਢੱਕੋ।

ਪੁਲਿਸ, ਸਿਵਲ ਡਿਫੈਂਸ ਵਲੰਟੀਅਰਾਂ, ਜਾਂ ਮਨੋਨੀਤ ਅਧਿਕਾਰੀਆਂ ਦੁਆਰਾ ਜਾਰੀ ਕੀਤੀਆਂ ਗਈਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰੋ।ਬਲੈਕਆਊਟ ਦੌਰਾਨ ਖਿੜਕੀਆਂ ਦੇ ਨੇੜੇ ਫ਼ੋਨ ਜਾਂ ਐਲ ਈ ਡੀ ਡਿਵਾਈਸਾਂ ਦੀ ਵਰਤੋਂ ਨਾ ਕਰੋ।

ਉਨ੍ਹਾਂ ਕਿਹਾ ਕਿ ਅਜਿਹੀਆਂ ਮੌਕ ਡਰਿੱਲਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਇਸ ਲਈ ਕਿਸੇ ਨਾਗਰਿਕ ਨੂੰ ਕਿਸੇ ਵੀ ਤਰ੍ਹਾਂ ਡਰਨ ਜਾ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਕੇਵਲ ਇੱਕ ਅਭਿਆਸ ਹੈ ਜੋ ਕਿ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਵਜੋਂ ਹੀ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ, ਐਸ.ਡੀ.ਐਮ ਪਰਮਪ੍ਰੀਤ ਸਿੰਘ, ਸਿਵਲ ਸਰਜਨ ਡਾ. ਪਵਨ ਕੁਮਾਰ , ਸਿਵਲ ਡਿਫੈਂਸ ਕਮੇਟੀ ਦੇ ਮੈਂਬਰ, ਐਨ.ਡੀ.ਆਰ.ਐਫ, ਫਾਇਰ ਬ੍ਰਿਗੇਡ, ਹੋਮਗਾਰਡ ਅਤੇ ਹੋਰ ਸਿਵਲ ਅਤੇ ਪੁਲਿਸ ਅਧਿਕਾਰੀ ਮੌਜੂਦ ਸਨ।

# ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਲੱਖਾਂ ਰੁਪਏ ਦੇ ਵਿਕਾਸ ਕਾਰਜ ਕੀਤੇ ਲੋਕ ਅਰਪਿਤ

**ਪਾਤੜਾਂ/ਪਟਿਆਲਾ , 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਸ੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸ਼ੁਤਰਾਣਾ ਤੋਂ ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸਰਕਾਰੀ ਹਾਈ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਲਵਾਣੂ ਵਿਖੇ ਲੱਖਾਂ ਰੁਪਏ ਦੀ ਗਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ । ਉਹਨਾਂ ਕਿਹਾ ਕਿ ਸਿੱਖਿਆ ਹੀ ਅਸਲ ਆਧਾਰ ਹੈ, ਜਿਸ ਰਾਹੀਂ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ । ਅੱਜ ਸਵੇਰ ਦੇ ਇਹਨਾਂ ਸਮਾਗਮਾਂ ਤੋਂ ਬਾਅਦ ਸਿੱਖਿਆ ਕ੍ਰਾਂਤੀ ਦੇ ਪ੍ਰੋਗਰਾਮ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ।

ਵਿਧਾਇਕ ਸ੍ਰ. ਕੁਲਵੰਤ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਕਲਵਾਣੂ ਵਿਖੇ 7 ਲੱਖ 51 ਹਜਾਰ ਰੁਪਏ ਦੀ ਲਾਗਤ ਨਾਲ ਅਧੁਨਿਕ ਕਲਾਸ ਰੂਮ ਅਤੇ 1 ਲੱਖ 25 ਰੁਪਏ ਦੀ ਲਾਗਤ ਨਾਲ ਨਵੀਂ ਚਾਰ ਦੀਵਾਰੀ ਦੀ ਉਸਾਰੀ ਦਾ ਕੰਮ , ਸਰਕਾਰੀ ਹਾਈ ਸਕੂਲ ਮਵੀ ਕਲਾਂ ਵਿਖੇ 16 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੁਜ਼ਰਕ ਵਿਖੇ 1 ਲੱਖ 50 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ , 7 ਲੱਖ 51 ਹਜ਼ਾਰ ਦੀ ਲਾਗਤ ਨਾਲ ਨਵੇਂ ਕਮਰੇ ਦਾ ਉਦਘਾਟਨ ਕੀਤਾ। ਇਸਦੇ ਨਾਲ ਹੀ ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਦੇ ਸਪੁੱਤਰ ਹਰਮੀਤ ਸਿੰਘ ਵਿੱਕੀ ਨੇ ਸਰਕਾਰੀ ਐਲੀਮੈਂਟਰੀ ਸਕੂਲ ਕਲਵਾਣੂ ਵਿਖੇ 8 ਲੱਖ 76 ਹਜ਼ਾਰ ਅਤੇ ਸਰਕਾਰੀ ਹਾਈ ਸਕੂਲ ਕਲਵਾਣੂ ਵਿਖੇ 13 ਲੱਖ 7 ਹਜ਼ਾਰ ਦੀ ਲਾਗਤ ਨਾਲ ਨਵੇਂ ਆਧੁਨਿਕ ਕਲਾਸ ਰੂਮ , ਚਾਰਦੀਵਾਰੀ ਦਾ ਉਦਘਾਟਨ ਕੀਤਾ।ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ ਤਾਂ ਜੋ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਿਆ ਵਾਲਾ ਮਾਹੌਲ ਮਿਲ ਸਕੇ । ਇਸ ਮੌਕੇ ਸਕੂਲ ਪ੍ਰਬੰਧਨ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਕੁਲਵੰਤ ਸਿੰਘ ਦੀ ਪ੍ਰਸੰਸਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ ।

ਸਮਾਗਮ ਦੌਰਾਨ ਸਕੂਲ ਇੰਚਾਰਜ਼ ਸ਼੍ਰੀਮਤੀ ਰੂਬੀ ਘਈ, ਕੁਲਦੀਪ ਸਿੰਘ ਸਰਪੰਚ ਮਵੀ ਕਲਾਂ, ਐਸ.ਐਮ.ਸੀ. ਚੇਅਰਮੈਨ ਗੁਰਪ੍ਰੀਤ ਸਿੰਘ, ਸਮਾਜ ਸੇਵੀ ਗੁਰਪ੍ਰੀਤ ਸਿੰਘ, ਬੀਪੀਓ ਗੁਰਪ੍ਰੀਤ ਸਿੰਘ, ਬੀਐਨਓ ਭੂਸ਼ਣ ਕੁਮਾਰ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸੋਨੀ ਠੇਕੇਦਾਰ, ਸਰਪੰਚ ਜਗਤਾਰ ਸਿੰਘ , ਕੁਲਦੀਪ ਸਿੰਘ ਥਿੰਦ ਪਾਤੜਾਂ, ਈਸ਼ਵਰ ਰਾਣਾ ਜ਼ਿਲ੍ਹਾ ਕੋਆਰਡੀਨੇਟਰ, ਰਣਜੀਤ ਸਿੰਘ ਵਿਰਕ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ, ਮਿੱਠੂ ਸਿੰਘ ਪ੍ਰਧਾਨ ਨਗਰ ਪੰਚਾਇਤ ਘੱਗਾ, ਸ਼ਕਤੀ ਗੋਇਲ ਮੀਤ ਪ੍ਰਧਾਨ ਘੱਗਾ, ਨੰਦ ਲਾਲ ਸ਼ਹਿਰੀ ਪ੍ਰਧਾਨ ਘੱਗਾ, ਗੁਰਪ੍ਰੀਤ ਸਿੰਘ ਵਰਮਾ ਬੀਪੀਓ ਸਮਾਣਾ, ਸੀ.ਐਚ.ਟੀ. ਗੁਰਮੀਤ ਸਿੰਘ, ਸੁਖਵਿੰਦਰ ਸਿੰਘ ਸਰਪੰਚ ਕਲਵਾਣੂ , ਮੁੱਖ ਅਧਿਆਪਕ ਸ੍ਰ. ਰਜਿੰਦਰ ਸਿੰਘ, ਬਲਜੀਤ ਸਿੰਘ ਤੋਂ ਇਲਾਵਾ ਪਿੰਡ ਦੇ ਪੰਚ, ਸਕੂਲ ਦੇ ਅਧਿਆਪਕ ਅਤੇ ਬੱਚਿਆਂ ਦੇ ਮਾਪੇ ਮੌਜੂਦ ਸਨ।

ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ ਤਾਂ ਜੋ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਿਆ ਵਾਲਾ ਮਾਹੌਲ ਮਿਲ ਸਕੇ । ਇਸ ਮੌਕੇ ਸਕੂਲ ਪ੍ਰਬੰਧਨ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਕੁਲਵੰਤ ਸਿੰਘ ਦੀ ਪ੍ਰਸੰਸਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ ।

# ਵਿਜੀਲੈਂਸ ਬਿਊਰੋ ਨੇ ਰਿਸ਼ਵਤਖੋਰੀ ਦੇ ਮੁਕੱਦਮੇ 'ਚ ਭਗੌੜੇ ਮੀਟਰ ਰੀਡਰ ਨੂੰ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਮੰਨੀਆਂ ਦੇ ਵਸਨੀਕ ਪਾਵਰਕੌਮ ਦੇ ਮੀਟਰ ਰੀਡਰ ਪ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕਿ ਰਿਸ਼ਵਤਖੋਰੀ ਦੇ ਇੱਕ ਕੇਸ ਵਿੱਚ ਭਗੌੜਾ ਸੀ। ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਵਿਰੁੱਧ 19.9.2024 ਨੂੰ ਬਿਊਰੋ ਦੇ ਪਟਿਆਲਾ ਰੇਂਜ ਦੇ ਥਾਣੇ ਵਿਖੇ ਐਫਆਈਆਰ ਨੰਬਰ 42 ਤਹਿਤ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਪਟਿਆਲਾ ਸ਼ਹਿਰ ਦੇ ਇੱਕ ਸ਼ਿਕਾਇਤਕਰਤਾ ਨੇ ਪੀਐਸਪੀਸੀਐਲ ਦਫ਼ਤਰ, ਪਟਿਆਲਾ ਵਿੱਚ ਤਾਇਨਾਤ ਉਕਤ ਮੁਲਜ਼ਮ ਪ੍ਰਿਤਪਾਲ ਸਿੰਘ ਵਿਰੁੱਧ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਔਨਲਾਈਨ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤ ਅਨੁਸਾਰ ਉਕਤ ਮੀਟਰ ਰੀਡਰ ਨੇ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਵਜੋਂ ਮੰਗੇ ਸਨ ਜਿਸਨੇ ਆਪਣੇ ਘਰ ਵਿੱਚ ਇੱਕ ਨਿੱਜੀ ਬਿਜਲੀ ਮੀਟਰ ਲਗਾਇਆ ਹੋਇਆ ਸੀ ਪਰ ਸੌਦਾ 25,000 ਰੁਪਏ ਵਿੱਚ ਹੋਇਆ ਸੀ। ਬੁਲਾਰੇ ਨੇ ਦੱਸਿਆ ਕਿ ਇਹ ਬਿਜਲੀ ਮੁਲਾਜ਼ਮ ਅੱਠ ਮਹੀਨਿਆਂ ਤੋਂ ਆਪਣੀ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ ਅਤੇ ਉਸਦੀ ਜ਼ਮਾਨਤ ਅਰਜ਼ੀ 4.12.2024 ਨੂੰ ਹਾਈ ਕੋਰਟ ਵੱਲੋਂ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬਿਊਰੋ ਦੀ ਟੀਮ ਨੇ ਲਗਾਤਾਰ ਉਸਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ ਜਿਸ ਕਾਰਨ ਉਸਦੀ ਗ੍ਰਿਫ਼ਤਾਰੀ ਹੋਈ ਹੈ।




# ਸਮੇਂ ਤੋਂ ਪਹਿਲਾਂ ਚੁਕਾਓ ਘਰ-ਕਰਜ਼



ਰਤਨ ਕੁਮਾਰ ਦੀ ਉਮਰ 32 ਸਾਲ ਹੈ। ਉਸ ਨੇ 20 ਸਾਲ ਲਈ 50 ਲੱਖ ਰੁਪਏ ਦਾ ਕਰਜ਼ ਲਿਆ ਹੈ। ਹੁਣ ਉਸ ਦੀਆਂ ਵਿਆਜ ਦਰਾਂ 10 ਫ਼ੀਸਦੀ ਹਨ ਅਤੇ ਉਹ ਹਰ ਮਹੀਨੇ 48 ਹਜ਼ਾਰ ਰੁਪਏ ਦੀ ਈਐੱਮਆਈ ਚੁਕਾ ਰਿਹਾ ਹੈ। ਉਸ ਦੀ ਤਨਖ਼ਾਹ ਇਕ ਲੱਖ ਰੁਪਏ ਹੈ। ਹੁਣੇ ਜਿਹੇ ਰਤਨ ਨੂੰ ਪੰਜ ਲੱਖ ਰੁਪਏ ਬੋਨਸ ਮਿਲਿਆ ਹੈ। ਉਸ ਦੇ ਹਰ ਮਹੀਨੇ ਦੀ ਤਨਖ਼ਾਹ 'ਚ ਈਐੱਮਆਈ ਦਾ ਬਹੁਤ ਵੱਡਾ ਹਿੱਸਾ ਹੈ। ਇਸ ਲਈ ਰਤਨ ਯੂਰਪ ਦੀ ਟ੍ਰਿਪ ਜਾਂ ਨਵੀਂ ਕਾਰ ਖ਼ਰੀਦਣ ਦੇ ਸੁਪਨੇ ਨੂੰ ਪੂਰਾ ਨਹੀਂ ਕਰ ਪਾ ਰਿਹਾ। ਉਸ ਨੂੰ ਇਹ ਵੀ ਪਤਾ ਹੈ ਕਿ ਉਹ ਆਪਣੀ ਰਿਟਾਇਰਮੈਂਟ ਲਈ ਪੈਸੇ ਨਹੀਂ ਬਚਾ ਪਾ ਰਿਹਾ ਹੈ।

## ਸੁਪਨਾ ਪੂਰਾ ਕਰੀਏ ਜਾਂ ਘਰ-ਕਰਜ਼ ਚੁਕਾਈਏ

ਕਈ ਲੋਕਾਂ ਲਈ ਕਰਜ਼-ਮੁਕਤ ਘਰਾਂ 'ਚ ਰਹਿਣਾ ਭਾਵਨਾਤਮਕ ਤੌਰ 'ਤੇ ਚੰਗਾ ਹੁੰਦਾ ਹੈ। ਸਿੰਘ ਨੇ ਹੁਣ ਪੰਜ ਸਾਲ ਦਾ ਕਰਜ਼ ਚੁਕਾ ਦਿੱਤਾ ਹੈ। ਘਰ ਖ਼ਰੀਦਣ 'ਚ ਉਸ ਨੇ ਆਪਣੀਆਂ ਸਾਰੀਆਂ ਸੇਵਿੰਗ ਖ਼ਤਮ ਕਰ ਦਿੱਤੀਆਂ ਹਨ। ਉਸ ਦੀ ਖ਼ਰੀਦ ਤੋਂ ਬਾਅਦ ਹਾਊਸਿੰਗ ਬਾਜ਼ਾਰ 'ਚ ਮੰਦੀ ਆ ਗਈ। ਉਸ ਦੇ ਘਰ ਦੀ ਕੀਮਤ ਹੁਣ 20 ਫ਼ੀਸਦੀ ਘੱਟ ਹੋ ਚੁੱਕੀ ਹੈ। ਤਿੰਨ ਸਾਲ ਪਹਿਲਾਂ ਉਸਦੀ ਕੰਪਨੀ 'ਚ ਕਾਫ਼ੀ ਕਰਮਚਾਰੀਆਂ ਨੂੰ ਕੱਢਿਆ ਵੀ ਗਿਆ ਸੀ। ਉਸ ਸਮੇਂ ਉਸ ਦੀ ਨੌਕਰੀ ਨਹੀਂ ਗਈ। ਜੇ ਅਜਿਹਾ ਹੁੰਦਾ ਤਾਂ ਨਾ ਸਿਰਫ਼ ਉਸ ਨੂੰ ਹਰ ਮਹੀਨੇ ਪੈਸਾ ਨਾ ਮਿਲਦਾ ਬਲਕਿ ਈਐੱਮਆਈ ਨਾ ਭਰਨ ਦੇ ਕਾਰਨ ਘਰ ਵੀ ਚਲਾ ਜਾਂਦਾ।

ਇਸ ਪਰੇਸ਼ਾਨੀ ਕਾਰਨ ਹੁਣ ਉਹ ਸੋਚ ਰਿਹਾ ਹੈ ਕਿ ਉਸ ਨੂੰ ਬੋਨਸ ਨਾਲ ਘਰ-ਕਰਜ਼ ਚੁਕਾਉਣਾ ਚਾਹੀਦਾ ਸੀ ਨਾ ਕਿ ਨਿਵੇਸ਼ ਕਰਨਾ ਚਾਹੀਦਾ ਸੀ। ਜ਼ਿਆਦਾ ਵਧੀਆ ਇਹ ਹੁੰਦਾ ਕਿ ਉਹ ਇਸ ਰਕਮ ਨੂੰ ਇਨ੍ਹਾਂ ਤਿੰਨ ਉਦੇਸ਼ਾਂ ਲਈ ਵੰਡ ਲੈਂਦਾ। ਹਰ ਆਦਮੀ ਦੀ ਜ਼ਰੂਰਤ ਲਈ ਇਹ ਰਕਮ ਵੱਖ ਹੋ ਸਕਦੀ ਹੈ। ਕੁਝ ਲੋਕਾਂ ਲਈ ਘਰ-ਕਰਜ਼ ਚੁਕਾਉਣਾ ਚੰਗਾ ਨਹੀਂ ਹੋ ਸਕਦਾ ਕਿਉਂਕਿ ਪੂਰਾ ਪੈਸਾ ਇਕ ਜਗ੍ਹਾ ਜਾ ਰਿਹਾ ਹੈ ਜੇ ਉਹ ਅਜਿਹਾ ਕਰਦੇ ਹਨ ਤਾਂ ਬੱਚਿਆਂ ਦੀ ਸਿੱਖਿਆ, ਕਾਰ ਖ਼ਰੀਦਣ ਜਾਂ ਉਨ੍ਹਾਂ ਦੇ ਦੂਜੇ ਸੁਪਨਿਆਂ 'ਤੇ ਸੰਕਟ ਆ ਸਕਦਾ ਹੈ।

*ਜੇ ਤੁਹਾਡੇ ਕੋਲ ਜ਼ਿਆਦਾ ਪੈਸਾ ਹੈ ਤਾਂ ਕੀ ਇਸ ਨਾਲ ਤੁਹਾਨੂੰ ਆਪਣਾ ਮੌਜੂਦਾ ਘਰ-ਕਰਜ਼ ਚੁਕਾਉਣਾ ਚਾਹੀਦਾ ਹੈ ਜਾਂ ਇਸ ਨੂੰ ਦੂਜੇ ਵਿੱਤੀ ਤੱਤਾਂ 'ਚ ਨਿਵੇਸ਼ ਕਰਨਾ ਚਾਹੀਦਾ ਹੈ...*

## ਘਰ-ਕਰਜ਼ 'ਤੇ ਟੈਕਸ ਦਾ ਫ਼ਾਇਦਾ

ਜੇ ਘਰ 'ਚ ਤੁਸੀਂ ਖ਼ੁਦ ਰਹਿ ਰਹੇ ਹੋ ਤਾਂ ਤੁਹਾਨੂੰ ਸਾਲਾਨਾ ਸੈਕਸ਼ਨ 24 ਦੇ ਤਹਿਤ ਦੋ ਲੱਖ ਦਾ ਫ਼ਾਇਦਾ ਮਿਲੇਗਾ। ਜੇ ਕੋਈ ਜ਼ਿਆਦਾ ਟੈਕਸ ਬ੍ਰੈਕੇਟ 'ਚ ਹੈ ਤਾਂ ਉਸ ਦਾ ਸਾਲਾਨਾ 60 ਹਜ਼ਾਰ ਰੁਪਏ ਟੈਕਸ ਬਚੇਗਾ। ਪਹਿਲੀ ਵਾਰ ਘਰ ਖ਼ਰੀਦਣ ਵਾਲੇ ਲੋਕਾਂ ਨੂੰ ਸੈਕਸ਼ਨ 80-ਈਈ ਦੇ ਤਹਿਤ 50 ਹਜ਼ਾਰ ਦਾ ਜ਼ਿਆਦਾ ਫ਼ਾਇਦਾ ਮਿਲਦਾ ਹੈ। ਇਹ ਛੂਟ ਦੋ ਲੱਖ ਰੁਪਏ ਤੋਂ ਉੱਪਰ ਮਿਲੇਗੀ। ਈਐੱਮਆਈ 'ਤੇ ਸੈਕਸ਼ਨ 80-ਸੀ ਦੇ ਤਹਿਤ ਮੂਲ ਰਕਮ 'ਤੇ 1.5 ਲੱਖ ਦੀ ਛੋਟ ਵੀ ਮਿਲਦੀ ਹੈ। ਹਾਲਾਂਕਿ ਇਸ ਸੈਕਸ਼ਨ ਤਹਿਤ ਪੀਪੀਐੱਫ, ਈਐੱਲਐੱਮਐੱਸ ਅਤੇ ਮਿਊਚਲ ਫੰਡ 'ਚ ਨਿਵੇਸ਼ ਕੀਤਾ ਜਾ ਸਕਦਾ ਹੈ। ਈਐੱਮਆਈ ਘਟਾਓ ਜਾਂ ਕਰਜ਼ ਦਾ ਸਮਾਂ ਮੰਨ ਲਓ ਰਤਨ ਆਪਣੇ ਘਰ-ਕਰਜ਼ 'ਚ ਦੋ ਲੱਖ ਰੁਪਏ ਜਮ੍ਹਾਂ ਕਰਨ ਦੀ ਯੋਜਨਾ ਬਣਾਉਂਦਾ ਹੈ। ਜੇ ਉਹ ਕਰਜ਼ ਦਾ ਸਮਾਂ ਨਹੀਂ ਘਟਾਉਂਦਾ ਤਾਂ ਉਸ ਦੀ ਈਐੱਮਆਈ 2 ਹਜ਼ਾਰ ਤੋਂ ਘੱਟ ਜਾਵੇਗੀ। ਹਾਲਾਂਕਿ ਈਐੱਮਆਈ ਉੱਥੇ ਰਹਿੰਦੀ ਹੈ ਅਤੇ ਉਹ ਸਮਾਂ ਘਟਾਉਂਦਾ ਹੈ ਤਾਂ ਉਸ ਦੇ ਕਰਜ਼ ਦਾ ਸਮਾਂ 20 ਸਾਲ ਤੋਂ ਘੱਟ ਕੇ 18 ਸਾਲ ਹੋ ਜਾਵੇਗਾ। ਹਮੇਸ਼ਾ ਈਐੱਮਆਈ ਦੇ ਘਟਣ ਨਾਲ ਬਦਲੇ ਦੇ ਸਮੇਂ 'ਚ ਕਮੀ ਕਰਵਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਤੁਹਾਡੇ ਕੋਲ ਹਰ ਮਹੀਨੇ ਖ਼ਰਚ ਕਰਨ ਲਈ ਘੱਟ ਰਕਮ ਹੋਵੇਗੀ ਤੁਹਾਡੇ ਲਈ ਇਹ ਫ਼ਾਇਦੇਮੰਦ ਹੋਵੇਗਾ।

# ਕਰਜ਼ ਦਰਾਂ ਘਟਣ ਨਾਲ ਹੋਵੇਗਾ ਵੱਡਾ ਅਸਰ



ਨੋਟਬੰਦੀ ਦੇ ਕਈ ਮਹੀਨਿਆਂ ਬਾਅਦ ਰੀਅਲ ਅਸਟੇਟ 'ਚ ਆਸ਼ਾ ਦੀਆਂ ਕਿਰਨਾਂ ਦਿਖਾਈ ਦੇ ਰਹੀਆਂ ਹਨ। ਪਿਛਲੇ ਦਿਨਾਂ 'ਚ ਦੇਸ਼ ਦੇ ਵੱਡੇ ਬੈਂਕਾਂ ਨੇ ਘਰ-ਕਰਜ਼ ਦੀਆਂ ਦਰਾਂ ਇਕ ਚੌਥਾਈ ਫ਼ੀਸਦੀ ਘਟਾ ਕੇ 8.35 ਫ਼ੀਸਦੀ ਕਰ ਦਿੱਤੀਆਂ ਹਨ। ਕੁਝ ਦਿਨਾਂ ਬਾਅਦ ਦੇਸ਼ ਦੀ ਸਭ ਤੋਂ ਵੱਡੀ ਹਾਊਸਿੰਗ ਫਾਈਨਾਂਸ ਕੰਪਨੀ ਨੇ ਵੀ ਦਰਾਂ ਘਟਾ ਦਿੱਤੀਆਂ ਹਨ। ਬੈਂਕ ਨੇ ਘਰ ਖ਼ਰੀਦਣ ਲਈ ਔਰਤਾਂ ਲਈ 8.35 ਫ਼ੀਸਦੀ ਅਤੇ ਦੂਜਿਆਂ ਲਈ 8.4 ਫ਼ੀਸਦੀ ਦੀ ਦਰ ਨਾਲ ਘਰ-ਕਰਜ਼ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਬਾਅਦ ਆਈਸੀਆਈਸੀਆਈ ਅਤੇ ਐਕਸਿਸ ਬੈਂਕ ਨੇ ਵੀ 30 ਲੱਖ ਰੁਪਏ ਤਕ ਦੇ ਘਰ-ਕਰਜ਼ ਦੀਆਂ ਦਰਾਂ ਘਟਾ ਕੇ 8.35 ਫ਼ੀਸਦੀ ਕਰ ਦਿੱਤੀਆਂ ਹਨ।

- **35 ਲੱਖ ਤੋਂ ਘੱਟ ਦੇ ਘਰਾਂ ਦੇ ਵਿਕਰੀ**

ਸਾਡੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਸੱਤ 'ਚੋਂ ਚਾਰ ਵੱਡੇ ਸ਼ਹਿਰਾਂ 'ਚ 35 ਲੱਖ ਤੋਂ ਘੱਟ ਦੇ ਘਰਾਂ ਦੀ ਜ਼ਿਆਦਾਤਰ ਵਿਕਰੀ ਹੋਈ ਹੈ। ਇਹ ਟ੍ਰੈਂਡ ਮੈਟ੍ਰੋ ਦੇ ਨਾਲ ਛੋਟੇ ਸ਼ਹਿਰਾਂ 'ਚ ਵੀ ਦਿਖਾਈ ਦਿੱਤਾ ਹੈ।

- **75 ਲੱਖ ਤੋਂ ਘੱਟ ਦੇ ਬਜਟ ਵਾਲੇ ਗਾਹਕਾਂ ਲਈ ਵੀ ਘਰ-ਕਰਜ਼ ਦੀਆਂ ਦਰਾਂ ਘੱਟ ਹਨ।**

## ਰੇਰਾ ਨਾਲ ਵਧੇਗਾ ਵਿਸ਼ਵਾਸ

ਇਸ ਨਾਲ ਦੇਸ਼ ਦੇ ਰੇਜ਼ੀਡੈਂਸ਼ੀਅਲ ਬਾਜ਼ਾਰ 'ਚ ਰਿਕਵਰੀ ਦੇ ਸੰਕੇਤ ਮਿਲਦੇ ਹਨ। ਰੀਅਲ ਅਸਟੇਟ 'ਚ ਕਈ ਸਾਲਾਂ ਤੋਂ ਵਿਸ਼ਵਾਸ ਦੀ ਕਮੀ ਹੈ। ਹੁਣ ਇਹ ਸੈਕਟਰ ਪਾਰਦਰਸ਼ੀ ਹੋਣੇ ਚਾਹੀਦੇ ਹਨ। ਰੇਰਾ ਦੇ ਬਣਨ ਨਾਲ ਘਰ ਖ਼ਰੀਦਣ ਵਾਲੇ ਗਾਹਕਾਂ 'ਚ ਵਿਸ਼ਵਾਸ ਪੈਦਾ ਹੋਇਆ ਹੈ। ਹੁਣ ਦੇਸ਼ 'ਚ ਕਈ ਰਾਜ ਸਰਕਾਰਾਂ ਇਸ ਕਾਨੂੰਨ ਨੂੰ ਲਾਗੂ ਕਰਨ 'ਚ ਲੱਗੀਆਂ ਹਨ। ਜੇ ਸਾਰੇ ਮਿਲ ਕੇ ਘੱਟ ਕੰਮ ਕਰਨਗੇ ਤਾਂ ਇਸ ਨਾਲ ਗਾਹਕਾਂ ਦਾ ਵਿਸ਼ਵਾਸ ਵਧੇਗਾ ਅਤੇ ਸੈਕਟਰ 'ਚ ਵੀ ਮਜ਼ਬੂਤੀ ਆਵੇਗੀ। ਸਸਤੇ ਘਰਾਂ ਦੇ ਪ੍ਰਾਜੈਕਟ ਦੀ ਲਾਂਚਿੰਗ ਨਾਲ ਸੈਂਟੀਮੈਂਟ 'ਚੇ ਹੋਰ ਸੁਧਾਰ ਹੋਇਆ ਹੈ।

*ਸਾਲ 2017, ਘਰ ਖ਼ਰੀਦਣ ਵਾਲਿਆਂ ਅਤੇ ਰੀਅਲ ਅਸਟੇਟ ਲਈ ਨਵੀਂ ਕਿਰਨ ਲੈ ਕੇ ਆਇਆ ਹੈ। ਨੋਟਬੰਦੀ ਤੋਂ ਬਾਅਦ ਜਦ ਸਰਕਾਰੀ ਬੈਂਕਾਂ ਨੇ ਘਰ-ਕਰਜ਼ ਦੀਆਂ ਦਰਾਂ ਘਟਾ ਦਿੱਤੀਆਂ ਸਨ ਤਾਂ ਲੱਗਾ ਕਿ ਇਹ ਲੋਕਾਂ ਦੇ ਗੁੱਸੇ ਨੂੰ ਘੱਟ ਕਰੇਗਾ...*

## ਘਰ ਦਾ ਸੁਪਨਾ

ਹੁਣੇ ਜਿਹੇ ਦੇਸ਼ ਦੀ ਆਰਥਿਕ ਸਥਿਤੀ 'ਚ ਵੀ ਸੁਧਾਰ ਹੋਇਆ ਹੈ। ਭਾਰਤ ਦੀ ਆਰਥਿਕ ਸਥਿਤੀ 7.1 ਫ਼ੀਸਦੀ ਦੀ ਦਰ ਤੋਂ ਅੱਗੇ ਵਧੇਗੀ। ਕੱਚੇ ਤੇਲ ਦੀਆਂ ਮੰਗਾਂ ਨਿਯੰਤਰਿਤ ਹਨ ਅਤੇ ਮਹਿੰਗਾਈ ਦਰ ਵੀ ਘਟ ਰਹੀ ਹੈ। 2015 ਦੇ ਮੱਧ 'ਚ ਸਰਕਾਰ ਨੇ 2022 ਤਕ ਸਾਰਿਆਂ ਲਈ ਘਰ ਪ੍ਰੋਗਰਾਮ ਦਾ ਐਲਾਨ ਕੀਤਾ ਸੀ। ਅੰਕੜਿਆਂ ਮੁਤਾਬਕ ਸ਼ਹਿਰਾਂ 'ਚ 1.87 ਕਰੋੜ ਘਰਾਂ ਦੀ ਕਮੀ ਹੈ। ਦੋ ਸਾਲ ਬਾਅਦ ਹੁਣ ਬਾਜ਼ਾਰ 'ਚ ਸਥਿਤੀ ਸੁਧਾਰਨ ਦੇ ਸੰਕੇਤ ਮਿਲ ਰਹੇ ਹਨ। 2002 ਅਤੇ 2009 'ਚ ਵੀ ਦਰਾਂ ਘੱਟ ਹੋਣ ਨਾਲ ਘਰਾਂ ਦੀ ਖ਼ਰੀਦ 'ਚ ਵਾਧਾ ਆਇਆ ਸੀ, ਉਸ ਸਮੇਂ ਵਿਆਜ ਦਰਾਂ ਅੱਠ ਫ਼ੀਸਦੀ ਦੀ ਸਤ੍ਹਾ 'ਤੇ ਪਹੁੰਚ ਗਈਆਂ ਸੀ।

## ਨਵੇਂ ਦੌਰ ਦੀ ਸ਼ੁਰੂਆਤ

ਬੈਂਕਾਂ ਦੀਆਂ ਦਰਾਂ ਘਟਣ ਨਾਲ ਰੀਅਲ ਅਸਟੇਟ ਸੈਕਟਰ 'ਚ ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ। ਇਹ ਸਰਕਾਰ ਦੇ ਸੁਧਾਰਾਂ ਨਾਲ ਖ਼ਰੀਦਦਾਰਾਂ ਦੇ ਵੱਧਦੇ ਵਿਸ਼ਵਾਸ ਦਾ ਪ੍ਰਤੀਕ ਹੈ। ਇਹ ਛੋਟ ਸਰਕਾਰ ਦੇ ਸਸਤੇ ਘਰਾਂ ਦੀ ਯੋਜਨਾ ਨੂੰ ਵਧਾਉਣ ਦੀ ਇਕ ਪਹਿਲ ਹੈ। ਦਰਾਂ 'ਚ ਕਟੌਤੀ ਨਾਲ ਘੱਟ ਆਮਦਨ ਵਾਲੇ ਲੋਕਾਂ ਨੂੰ ਫ਼ਾਇਦਾ ਹੋਵੇਗਾ।

# ਫ਼ਾਇਦੇਮੰਦ ਹੈ ਈਪੀਐੱਫਓ ਸੰਗਠਨ

ਨਵਦੀਪ ਸਿੰਘ (ਐਡਵੋਕੇਟ)

ਕਰਮਚਾਰੀ ਭਵਿੱਖ ਨਿਧੀ ਐਕਟ 1952 ਭਾਰਤ ਵਿਚ ਜੰਮੂ-ਕਸ਼ਮੀਰ ਰਾਜ ਨੂੰ ਛੱਡ ਕੇ ਭਾਰਤ ਦੇ ਹਰ ਰਾਜ ਵਿਚ ਲਾਗੂ ਹੈ। ਇਹ ਐਕਟ 187 ਤਰ੍ਹਾਂ ਦੀਆਂ ਫੈਕਟਰੀਆਂ, ਪ੍ਰਾਈਵੇਟ ਕੰਪਨੀਆਂ ਅਤੇ ਸੰਸਥਾਵਾਂ 'ਤੇ ਲਾਗੂ ਹੈ, ਜਿਸਦੀ ਲਿਸਟ (ਸ਼ਡਿਊਲ ਇਕ) ਵਿਭਾਗ ਦੀ ਵੈੱਬਸਾਈਟ 'ਤੇ ਵੇਖੀ ਜਾ ਸਕਦੀ ਹੈ। ਇਹ ਸੰਗਠਨ ਦੁਆਰਾ ਪ੍ਰਬੰਧਤ ਤਿੰਨ ਸਮਾਜਿਕ ਸੁਰੱਖਿਆ ਯੋਜਨਾਵਾਂ, ਵੱਡੇ ਉਦਯੋਗ, ਲਘੂ ਅਤੇ ਮਾਧਿਅਮ ਉਦਯੋਗਾਂ ਨਾਲ ਸਬੰਧਤ ਕਰਮਚਾਰੀਆਂ ਲਈ ਹੈ। ਔਰਤ ਕਰਮਚਾਰੀਆਂ ਨੂੰ ਪੁਰਸ਼ਾਂ ਕਰਮਚਾਰੀਆਂ ਬਰਾਬਰ ਸੁਵਿਧਾਵਾਂ ਹਨ। ਸੰਖੇਪ 'ਚ ਇਹ ਐਕਟ ਹਰ ਨਿੱਜੀ ਖੇਤਰ ਦੀ ਕੰਪਨੀ ਜਾਂ ਸੰਸਥਾ 'ਤੇ ਲਾਗੂ ਹੈ ਜਿੱਥੇ 20 ਜਾਂ ਇਸ ਤੋਂ ਵੱਧ ਵਰਕਰ, ਕਰਮਚਾਰੀ ਕੰਮ ਕਰਦੇ ਹਨ।

## ਐਕਟ ਦੀ ਪ੍ਰਸੰਗਿਕਤਾ

ਕਰਮਚਾਰੀ ਭਵਿੱਖ ਨਿਧੀ ਅਤੇ ਫੁਟਕਲ ਪ੍ਰਬੰਧ ਐਕਟ 1952 ਹਰ ਉਹ ਫੈਕਟਰੀ 'ਤੇ ਲਾਗੂ ਹੈ ਜੋ ਕੇਂਦਰ ਸਰਕਾਰ ਦੀ ਉਦਯੋਗ ਸ਼ਡਿਊਲ ਇਕ ਸੂਚੀ ਵਿਚ ਆਉਂਦੀ ਹੈ। ਇਸ ਲਈ ਹਰ ਇਕ ਪ੍ਰਾਈਵੇਟ ਕੰਪਨੀ, ਸਕੂਲ, ਟ੍ਰਾਂਸਪੋਰਟ, ਸਕਿਓਰਿਟੀ ਏਜੰਸੀਆਂ, ਠੇਕੇਦਾਰ ਜਿਸ ਕੋਲ 20 ਤੋਂ ਵੱਧ ਵਰਕਰ ਕੰਮ ਕਰਦੇ ਹੋਣ ਜਾਂ ਕਿਸੇ ਵੀ ਸਮੇਂ ਕਰਦੇ ਰਹੇ ਹੋਣ ਉਸ ਨੂੰ ਵਰਕਰਾਂ ਦਾ ਪ੍ਰਾਵੀਡੈਂਟ ਫੰਡ ਕਟਾਉਣਾ ਜ਼ਰੂਰੀ ਹੈ। ਕੇਂਦਰ ਸਰਕਾਰ ਆਪਣੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਕੇ 20 ਤੋਂ ਘੱਟ ਵਰਕਰ ਦੀ ਸੂਰਤ 'ਚ ਇਹ ਐਕਟ ਕਿਸੇ ਵੀ ਫੈਕਟਰੀ ਜਾਂ ਸੰਸਥਾ 'ਤੇ ਲਾਗੂ ਕਰ ਸਕਦੀ ਹੈ।

ਕਰਮਚਾਰੀ ਭਵਿੱਖ ਨਿਧੀ ਅਤੇ ਫੁਟਕਲ ਐਕਟ 1952 ਦੇ ਸੈਕਸ਼ਨ 16 ਅਤੇ 17 ਅਨੁਸਾਰਪ੍ਰਾਵੀਡੈਂਟ ਫੰਡ ਐਕਟ 1952 ਤੋਂ ਛੋਟ

ਕਰਮਚਾਰੀ ਭਵਿੱਖ ਨਿਧੀ ਫੰਡ ਦੀ ਕਟੌਤੀ ਤੋਂ ਫੈਕਟਰੀ ਜਾਂ ਸੰਸਥਾ ਨੂੰ ਛੋਟ ਮਿਲ ਸਕਦੀ ਹੈ। ਜੇ ਸਰਕਾਰ ਨੂੰ ਤਸੱਲੀ ਹੋਵੇ ਕਿ-

- **ਕੰਪਨੀ ਦੀ ਮਾਲੀ ਹਾਲਤ ਚੰਗੀ ਹੈ।**
- **ਕੰਪਨੀ ਆਪਣੇ ਵਰਕਰਾਂ ਨੂੰ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਦੀ ਸਹੂਲਤ ਸਰਕਾਰ ਨਾਲੋਂ ਵਧੀਆ ਦੇ ਸਕਦੀ ਹੈ।**

ਉਪਰੋਕਤ ਧਾਰਾਵਾਂ ਦੇ ਤਹਿਤ ਛੋਟ ਦਾ ਮਕਸਦ ਵਰਕਰਾਂ, ਕਰਮਚਾਰੀਆਂ ਨੂੰ ਬਿਹਤਰ ਸਮਾਜਿਕ ਸੁਰੱਖਿਆ ਦੇਣਾ ਹੈ। ਉਦਾਹਰਨ ਦੇ ਤੌਰ 'ਤੇ ਐੱਚਡੀਐੱਫਸੀ, ਟਾਟਾ ਜਾਂ ਵੱਡੀਆਂ ਕੰਪਨੀਆਂ ਦਾ ਆਪਣਾ ਖ਼ੁਦ ਦਾ ਪੀਐੱਫ ਟਰੱਸਟ ਹੁੰਦਾ ਹੈ। ਉਨ੍ਹਾਂ ਕੰਪਨੀਆਂ ਨੂੰ ਖ਼ੁਦ ਦਾ ਟਰੱਸਟ ਬਣਾਉਣ ਦੀ ਆਗਿਆ ਪਿੱਛੇ ਤਰਕ ਫੰਡ ਦਾ ਕੁਸ਼ਲ ਪ੍ਰਬੰਧਨ ਅਤੇ ਕਲੇਮ ਜਲਦੀ ਸੈਟਲ ਹੋਣਾ ਹੈ। ਜੇ ਐਕਟ ਤੋਂ ਛੋਟ ਪ੍ਰਾਪਤ ਕੰਪਨੀ ਵਰਕਰਾਂ ਨੂੰ ਸੰਤੁਸ਼ਟੀਜਨਕ ਸਮਾਜਿਕ ਸੁਰੱਖਿਆ ਨਹੀਂ ਦੇ ਰਹੀ ਹੈ ਤਾਂ ਕੇਂਦਰ ਸਰਕਾਰ ਗਜ਼ਟ ਨੋਟੀਫਿਕੇਸ਼ਨ ਦੁਆਰਾ ਇਹ ਛੋਟ ਕਤਮ ਕਰ ਸਕਦਾ ਹੈ।

**ਈਪੀਐੱਫ ਐਕਟ ਹੇਠ ਲਿਖੀਆਂ ਸੰਸਥਾਵਾਂ 'ਤੇ ਲਾਗੂ ਨਹੀਂ ਹੁੰਦਾ-**

*ਕਰਮਚਾਰੀ ਭਵਿੱਖ ਨਿਧੀ ਸੰਗਠਨ ਵਿਸ਼ਵ ਦੇ ਵੱਡੇ ਨਾਗਰਿਕ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਸੰਗਠਨਾਂ 'ਚੋਂ ਇਕ ਹੈ। ਇਸ ਸੰਗਠਨ ਦੀ ਸਥਾਪਨਾ 1952 'ਚ ਪਾਰਲੀਮੈਂਟ 'ਚ ਪਾਸ ਕੀਤੇ 'ਕਰਮਚਾਰੀ ਭਵਿੱਖ ਨਿਧੀ ਤੇ ਫੁਟਕਲ ਪ੍ਰਬੰਧ ਐਕਟ 1952' ਦੁਆਰਾ ਹੋਈ। ਇਸ ਐਕਟ ਨੂੰ ਪਾਸ ਕਰਨ ਦਾ ਮੁੱਖ ਮੰਤਵ ਭਾਰਤੀ ਸੰਵਿਧਾਨ ਤਹਿਤ ਨਿਰਦੇਸ਼ਾਂ ਦੀ ਪਾਲਣਾ ਕਰਨਾ ਅਤੇ ਲਾਗੂ ਕਰਨਾ ਹੈ...*



### ਸਰਕਾਰੀ ਸੰਗਠਨ-ਕੰਪਨੀਆਂ

**ਜੋ ਕੰਪਨੀ ਜਾਂ ਸੰਸਥਾਵਾਂ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਨਾਲ ਸਬੰਧਤ ਹਨ ਅਤੇ ਉਸ ਦੇ ਕਰਮਚਾਰੀ ਆਪਣੀ ਪੀਪੀਐੱਫ ਫੰਡ ਅਤੇ ਪੈਨਸ਼ਨ ਫੰਡ ਦਾ ਲਾਭ ਸਰਕਾਰ ਕੋਲ ਲੈ ਰਹੇ ਹਨ ਉਹ ਸਰਕਾਰੀ ਅਦਾਰਿਆਂ 'ਤੇ ਈਪੀਐੱਫ ਐਕਟ ਲਾਗੂ ਨਹੀਂ ਹੁੰਦਾ। ਉਦਾਹਰਨ- ਪੰਜਾਬ ਪੁਲਿਸ, ਸਰਕਾਰੀ ਵਿਭਾਗ ਆਦਿ।**

### ਕਿਸੇ ਖ਼ਾਸ ਐਕਟ ਤਹਿਤ ਕੰਪਨੀ ਕਾਰਪੋਰੇਸ਼ਨ ਦਾ ਗਠਨ

ਜੇ ਸਰਕਾਰ ਨੇ ਕਿਸੇ ਖ਼ਾਸ ਐਕਟ ਤਹਿਤ ਕੰਪਨੀ ਜਾਂ ਕਾਰਪੋਰੇਸ਼ਨ ਦਾ ਗਠਨ ਕੀਤਾ ਹੈ ਅਤੇ ਉਸੇ ਐਕਟ ਤਹਿਤ ਕੰਪਨੀ ਦੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਦੀ ਵਿਵਸਥਾ ਕੀਤੀ ਗਈ ਹੈ, ਤਾਂ ਇਹ ਈਪੀਐੱਫ ਐਕਟ ਉਸ ਕੰਪਨੀ-ਕਾਰਪੋਰੇਸ਼ਨ 'ਤੇ ਲਾਗੂ ਨਹੀਂ ਹੁੰਦਾ ਹੈ। ਉਦਾਹਰਨ- ਐੱਲਆਈਸੀ ਐਕਟ ਤਹਿਤ ਲਾਇਫ ਇੰਸ਼ੋਰੈਂਸ ਕਾਰਪੋਰੇਸ਼ਨ ਦਾ ਗਠਨ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਐਕਟ ਤਹਿਤ ਰਿਜ਼ਰਵ ਬੈਂਕ ਦਾ ਗਠਨ ਆਦਿ। ਇਨ੍ਹਾਂ ਅਦਾਰਿਆਂ ਕੋਲ ਖ਼ੁਦ ਦੇ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਫਾਡ ਸਬੰਧੀ ਪ੍ਰਬੰਧ ਅਤੇ ਰੂਲ ਹਨ।

### ਕੋਆਪ੍ਰੇਟਿਵ ਸੁਸਾਇਟੀ

***ਕੋਈ ਵੀ ਕੋਆਪ੍ਰੇਟਿਵ ਸੁਸਾਇਟੀ ਜੋ ਕੋਆਪ੍ਰੇਟਿਵ ਸੁਸਾਇਟੀ ਐਕਟ 1912 ਤਹਿਤ ਰਜਿਸਟਰੇਸ਼ਨ ਹੈ ਜਿਸ ਵਿਚ 50 ਤੋਂ ਘੱਟ ਕਰਮਚਾਰੀ ਕੰਮ ਕਰਦੇ ਹਨ ਅਤੇ ਜਿਸ ਵਿਚ ਬਿਜਲੀ ਤੋਂ ਬਿਨਾ ਕੰਮ ਹੁੰਦਾ ਹੈ। ਉਸ 'ਤੇ ਪੀਐੱਫ ਐਕਟ ਲਾਗੂ ਨਹੀਂ ਹੁੰਦਾ ਹੈ, ਜਿਵੇਂ ਖੇਤੀਬਾੜੀ ਕੋਆਪ੍ਰੇਟਿਵ ਸੁਸਾਇਟੀ ਆਦਿ।***

ਵਾਸਤੂ-ਸ਼ਾਸਤਰ

# ਵਾਸੂਤ ਮੁਤਾਬਕ ਰੱਖੋ ਮਕਾਨ ਦੀ ਉਚਾਈ

*ਵਾਸਤੂ ਅਨੁਸਾਰ ਉਸਾਰੀ ਅਧੀਨ ਕਿਸੇ ਵੀ ਬਹੁਮੰਜ਼ਿਲੇ ਮਕਾਨ ਦੀ ਉਚਾਈ ਕਿੰਨੀ ਹੋਣੀ ਚਾਹੀਦੀ ਹੈ ਇਸ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ...*

ਵਾਸਤੂ ਅਨੁਸਾਰ ਜੇ ਮਕਾਨ ਦੀ ਉਸਾਰੀ ਕਰੋ ਤਾਂ ਭਵਿੱਖ 'ਚ ਆਉਣ ਵਾਲੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

ਮਕਾਨ 'ਚ ਚਾਰ-ਦੀਵਾਰੀ ਦੀ ਉਸਾਰੀ ਕਰਦੇ ਸਮੇਂ ਸਦਾ ਧਿਆਨ ਰੱਖੋ ਕਿ ਦੱਖਣ ਪੱਛਮ ਦਿਸ਼ਾ ਦੀ ਚਾਰ-ਦੀਵਾਰੀ ਉੱਤਰ ਅਤੇ ਪੂਰਬ ਦਿਸ਼ਾ ਦੇ ਮੁਕਾਬਲਤਨ ਮੋਟੀ ਅਤੇ ਉੱਚੀ ਰੱਖੋ। ਜੇ ਮਕਾਨ 'ਚ ਉਸਾਰੀ ਕਾਰਜ ਪੜਾਵਾਂ 'ਚ ਮੁਕੰਮਲ ਕਰਨ ਦੀ ਯੋਜਨਾ ਹੈ ਤਾਂ ਵਾਸਤੂ ਸ਼ਾਸਤਰ ਦੇ ਨਿਯਮਾਂ ਅਨੁਸਾਰ ਕਰਾਓ। ਵਾਸਤੂ ਅਨੁਸਾਰ ਸਭ ਤੋਂ ਪਹਿਲਾਂ ਪੱਛਮ ਜਾਂ ਦੱਖਣ ਦਿਸ਼ਾ 'ਚ ਉਸਾਰੀ ਦਾ ਕੰਮ ਸ਼ੁਰੂ ਕਰਾਓ।

## ਮਕਾਨ ਦੀ ਉਚਾਈ

ਵਾਸਤੂ ਅਨੁਸਾਰ ਕਿਸੇ ਮਕਾਨ ਦੀ ਉਚਾਈ ਕਿੰਨੀ ਹੋਣੀ ਚਾਹੀਦੀ ਹੈ ਇਸ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ। ਉਚਾਈ ਦਾ ਹਿਸਾਬ ਕੱਢਣ ਲਈ ਮਕਾਨ ਦੀ ਚੌੜਾਈ ਦੇ 16 ਵੇਂ ਹਿੱਸੇ 'ਚ ਚਾਰ ਹੱਥ, 96 ਉਂਗਲ ਜੋੜ ਕੇ ਜਿੰਨਾ ਯੋਗ ਹੋਵੇ ਉਸ ਦੇ ਬਰਾਬਰ ਹੋਣੀ ਚਾਹੀਦੀ। ਜੇ ਬਹੁਮੰਜ਼ਿਲੀ ਮਕਾਨ ਦੀ ਯੋਜਨਾ ਹੋਵੇ ਤਾਂ ਪਹਿਲੀ ਉਚਾਈ 'ਚੋਂ12ਵਾਂ ਹਿੱਸਾ ਘੱਟ ਕਰਕੇ ਦੂਜੀ ਮੰਜ਼ਿਲ ਦੀ ਉਚਾਈ ਰੱਖੋ। ਇਹ ਤਰਤੀਬ ਤੀਜੀ ਅਤੇ ਕ੍ਰਮਵਾਰ ਚੌਥੀ ਮੰਜ਼ਿਲ ਲਈ ਵੀ ਰੱਖੋ। ਤੀਜੀ ਮੰਜ਼ਿਲ ਲਈ ਦੂਜੀ ਮੰਜ਼ਿਲ ਨਾਲੋਂ 12 ਵਾਂ ਮਾਨ ਘੱਟ ਕਰੋ। ਹਰੇਕ ਮੰਜ਼ਿਲ ਲਈ ਇਹ ਬਰਾਬਰ ਕ੍ਰਮ ਉਚਾਈ ਲਈ ਹੈ। ਜੇ ਇਸ ਕ੍ਰਮ ਤੋਂ 4, 312, 3 ਹੱਥ ਜੋੜ ਦਿਓ ਤਾਂ ਇਹ ਉਚਾਈ ਉੱਤਮ, ਦਰਮਿਆਨੀ, ਛੋਟੀ ਤਿੰਨ ਤਰ੍ਹਾਂ ਦੀ ਹੋਵੇਗੀ। ਜੇ ਇਹ ਕ੍ਰਮ ਵੀ ਲੜੀਵਾਰ- 4 ਹੱਥ 'ਚ 20, 18,16 ਉਂਗਲ ਅਤੇ 312 ਅਤੇ 3 ਹੱਥ 'ਚ 27,21,15 ਉਂਗਲ ਹੋਰ ਜੋੜੋ ਤਾਂ ਉੱਤਮ, ਦਰਿਆਨੀ ਅਤੇ ਛੋਟੀ ਉਚਾਈ ਦੇ ਤਿੰਨ ਤਿੰਨ ਹੋਰ ਹੋ ਜਾਣਗੇ। ਇਸ ਤਰ੍ਹਾਂ ਕੁਲ 12 ਰਦੇ ਹੋਣਗੇ। ਇਨ੍ਹਾਂ 'ਚ 8ਵਾਂ ਅਤੇ 10ਵਾਂ ਰਦਾ ਬਰਾਬਰ ਹੋਣ ਨਾਲ 11 ਰਦੇ ਹੀ ਮੰਨੇ ਜਾਣਗੇ। ਭਵਨ 'ਚ ਉਚਾਈ ਦਾ ਹਿਸਾਬ ਇਸ ਤਰੀਕੇ ਤੋਂ ਹੀ ਰੱਖਣਾ ਸ਼ੁੱਭ ਹੁੰਦਾ ਹੈ।



# ਜਦੋਂ ਈਐੱਮਆਈ ਨਾ ਭਰ ਸਕੋ

*ਜੇ ਕਿਸੇ ਕਾਰਨ ਤੁਸੀਂ ਈਐੱਮਆਈ ਨਾ ਚੁਕਾ ਸਕੋ ਤਾਂ ਬੈਂਕ ਵਾਲੇ ਤੁਹਾਨੂੰ ਪਰੇਸ਼ਾਨ ਕਰਨ ਲਗਦੇ ਹਨ। ਇਸ ਲਈ ਸਮੇਂ 'ਤੇ ਈਐੱਮਆਈ ਭਰਨਾ ਜ਼ਰੂਰੀ ਹੈ। ਜੇ ਤੁਸੀਂ ਇਹ ਅਦਾ ਨਹੀਂ ਕਰਦੇ ਤਾਂ ਤੁਹਾਡੇ ਕੋਲ ਕੁਝ ਸਾਧਨ ਹੁੰਦੇ ਹਨ ਜਿਨ੍ਹਾਂ ਦੀ ਭਰਪਾਈ ਕਰ ਸਕਦੇ ਹੋ...*

ਸ਼ਿਖਾ ਨੇ ਸਾਲ 2011 'ਚ ਇਕ ਕਰਜ਼ ਲਿਆ ਸੀ। ਇਸ ਤੋਂ ਬਾਅਦ ਉਸ ਦਾ ਵਿਆਹ ਹੋ ਗਿਆ ਅਤੇ ਉਸ ਨੇ ਨੌਕਰੀ ਛੱਡ ਦਿੱਤੀ। ਬੈਂਕ ਉਸ ਤਕ ਕਿਸੇ ਕਾਰਨ ਸੰਪਰਕ ਨਹੀਂ ਕਰ ਸਕਿਆ ਅਤੇ ਉਸ ਨੇ ਕਰਜ਼ਾ ਡਿਫਾਲਟ ਕਰ ਦਿੱਤਾ। ਹੁਣ ਉਸ ਕੋਲ ਕੀ ਸਾਧਨ ਹੈ? ਬੈਂਕ ਨੇ ਉਸ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ਼ਿਖਾ ਦੀ ਜਗ੍ਹਾ ਤੁਸੀਂ ਵੀ ਹੋ ਸਕਦੇ ਹੋ। ਤੁਸੀਂ ਕਰਜ਼ ਲੈ ਰੱਖਿਆ ਹੈ ਅਤੇ ਤੁਹਾਡੀ ਨੌਕਰੀ ਚਲੀ ਗਈ ਹੈ। ਤੁਹਾਨੂੰ ਦੂਜੀ ਨੌਕਰੀ ਉਨੀ ਹੀ ਤਨਖ਼ਾਹ 'ਤੇ ਮਿਲਣ 'ਚ ਪਰੇਸ਼ਾਨੀ ਆ ਰਹੀ ਹੈ। ਅਜਿਹਾ ਵੀ ਹੋ ਸਕਦਾ ਹੈ ਕਿ ਤੁਹਾਡੇ ਕੋਲ ਕਰਜ਼ 'ਤੇ ਕੋਈ ਇੰਸ਼ੋਰੈਂਸ ਵੀ ਨਾ ਹੋਵੇ। ਜੇ ਤੁਹਾਡੇ ਨਾਲ ਅਜਿਹਾ ਕੁਝ ਹੁੰਦਾ ਹੈ ਤਾਂ ਕੁਝ ਸਾਧਨ ਹਨ।

## ਘਬਰਾਓ ਨਾ

ਅਜਿਹੀ ਸਥਿਤੀ 'ਚ ਬਿਲਕੁਲ ਨਾ ਘਬਰਾਓ। ਬੈਂਕ ਕੋਲ ਅਜਿਹੇ ਕਈ ਗਾਹਕ ਹੁੰਦੇ ਹਨ, ਜਿਨ੍ਹਾਂ ਨੇ ਡਿਫਾਲਟ ਕੀਤਾ ਹੈ। ਅਜਿਹਾ ਨਹੀਂ ਹੈ ਕਿ ਤੁਸੀਂ ਇਕੱਲੇ ਹੋ। ਦੂਜੇ ਪਾਸੇ ਬੈਂਕ ਅਜਿਹੀ ਸਥਿਤੀ 'ਚ ਤੁਹਾਡੀ ਮਦਦ ਲਈ ਤਿਆਰ ਰਹਿੰਦਾ ਹੈ।

## ਪੇਪਰ ਤਿਆਰ ਕਰਨ ਤੋਂ ਬਾਅਦ ਬੈਂਕ ਨਾਲ ਗੱਲ ਕਰੋ

ਆਪਣੀਆਂ ਸਾਰੀਆਂ ਈਐੱਮਆਈ ਪੇਮੈਂਟ ਦੀ ਜਾਣਕਾਰੀ ਦੇ ਨਾਲ ਇਕ ਫਾਈਲ ਬਣਾਓ। ਇਸ 'ਚ ਬੈਂਕ ਦਾ ਨੋਟਿਸ, ਕਰਜ਼ ਦੀ ਜਾਣਕਾਰੀ, ਸਮਾਂ, ਵਿਆਜ ਅਤੇ ਈਐੱਮਆਈ ਦੀ ਜਾਣਕਾਰੀ ਵੀ ਦਿਓ। ਬੈਂਕ ਨੂੰ ਇਕਦਮ ਸਹੀ ਜਾਣਕਾਰੀ ਦਿਓ ਕਿ ਤੁਸੀਂ ਕਰਜ਼ ਕਿਉਂ ਨਹੀਂ ਚੁਕਾ ਪਾਏ। ਉਨ੍ਹਾਂ ਨੂੰ ਕਹੋ ਕਿ ਤੁਸੀਂ ਉਨ੍ਹਾਂ ਦਾ ਕਰਜ਼ਾ ਚੁਕਾਉਣਾ ਚਾਹੁੰਦੇ ਹੋ। ਇਸ ਲਈ ਬੈਂਕ ਤੋਂ ਤਰੀਕੇ ਪੁੱਛੋ। ਇਸ ਤੋਂ ਬਾਅਦ ਬੈਂਕ ਵੱਲੋਂ ਤੁਹਾਨੂੰ ਇਕ ਈ-ਮੇਲ ਮਿਲੇਗਾ, ਜਿਸ 'ਚ ਤੁਹਾਡੇ ਤੋਂ ਪੂਰੀ ਜਾਣਕਾਰੀ ਮੰਗੀ ਜਾਵੇਗੀ। ਇਹ ਸਭ ਦੇਣ ਤੋਂ ਬਾਅਦ ਬੈਂਕ ਦੇ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰਨਗੇ।



## ਸਾਧਨ ਚੁਣੋ

ਕੀ ਬੈਂਕ ਤੁਹਾਡੀ ਕਾਰ ਜਾਂ ਘਰ ਨੂੰ ਜ਼ਬਤ ਕਰ ਸਕਦਾ ਹੈ? ਕਾਨੂੰਨੀ ਤੌਰ 'ਤੇ ਅਜਿਹਾ ਹੋ ਸਕਦਾ ਹੈ। ਪਰ ਤੁਹਾਨੂੰ ਇਸ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਜ਼ਬਤੀ ਦੀ ਪ੍ਰਕਿਰਿਆ ਬਹੁਤ ਲੰਬੀ ਹੁੰਦੀ ਹੈ। ਇੰਨੀ ਲੰਬੀ ਪ੍ਰਕਿਰਿਆ ਵਿਚਕਾਰ ਤੁਸੀਂ ਬੈਂਕ ਨਾਲ ਡੀਲ ਕਰ ਸਕਦੇ ਹੋ। ਜੇ ਤੁਸੀਂ ਸਮੇਂ 'ਤੇ ਸਾਰੇ ਈਐੱਮਆਈ ਚੁਕਾਈ ਹੈ ਤਾਂ ਬੈਂਕ ਤੁਹਾਨੂੰ ਸਹੀ ਗਾਹਕ ਮੰਨੇਗਾ ਅਤੇ ਪਰੇਸ਼ਾਨੀ ਤੋਂ ਬਾਹਰ ਨਿਕਲਣ ਦੇ ਤਰੀਕੇ ਵੀ ਦੱਸੇਗਾ।

## ਵਧੀਆ ਸਾਧਨ

- ਕਰਜ਼ ਸੀਮਾ ਵਧਾ ਲਓ

ਜੇ ਈਐੱਮਆਈ 10 ਹਜ਼ਾਰ ਦੀ ਹੈ ਅਤੇ ਜ਼ਿਆਦਾ ਲਗ ਰਿਹਾ ਹੈ ਤਾਂ ਬੈਂਕ ਇਹ ਰਕਮ ਘਟਾ ਕੇ ਤੁਹਾਨੂੰ ਕਰਜ਼ ਦੀ ਸਮਾਂ ਸੀਮਾ ਵਧਾ ਦਵੇਗੀ। ਅਜਿਹੇ 'ਚ ਈਐੱਮਆਈ ਘੱਟ ਜਾਵੇਗੀ ਅਤੇ ਭਾਰ ਘੱਟ ਹੋ ਜਾਵੇਗਾ ਪਰ ਕੁਲ ਪੇਮੈਂਟ ਵੱਧ ਜਾਵੇਗੀ।

- ਪੇਮੈਂਟ ਅੱਗੇ ਵਧਾ ਦਿਓ

ਪਰੇਸ਼ਾਨੀ ਇਹ ਵੀ ਹੋ ਸਕਦੀ ਹੈ ਕਿ ਤੁਸੀਂ ਪੇਮੈਂਟ ਹੀ ਨਾ ਕਰ ਸਕੋ। ਜੇ ਤੁਹਾਨੂੰ ਉਮੀਦ ਹੈ ਕਿ ਕੁਝ ਸਮੇਂ 'ਚ ਨੌਕਰੀ ਮਿਲ ਜਾਵੇਗੀ ਅਤੇ ਦੁਬਾਰਾ ਘਰ ਦੀ ਈਐੱਮਆਈ ਭਰ ਸਕੋਗੇ ਤਾਂ ਤੁਸੀਂ ਬੈਂਕ ਤੋਂ ਥੋੜ੍ਹੇ ਦਿਨ ਲਈ ਪੇਮੈਂਟ ਨੂੰ ਰੋਕਣ ਲਈ ਕਹਿ ਸਕਦੇ ਹੋ। ਬੈਂਕ ਤੁਹਾਨੂੰ ਰਾਹਤ ਦਿੰਦੇ ਹੋਏ ਥੋੜ੍ਹੀ ਮੋਹਲਤ ਦੇ ਸਕਦਾ ਹੈ। ਅਜਿਹੇ 'ਚ ਤੁਹਾਡੀ ਈਐੱਮਆਈ ਸ਼ੁਰੂ ਤਾਂ ਹੋ ਜਾਵੇਗੀ, ਪਰ ਲੇਟ ਪੇਮੈਂਟ ਦੀ ਸਜ਼ਾ ਲੱਗੇਗੀ। ਜੇ ਤੁਹਾਡੇ ਚੈੱਕ ਬਾਊਂਸ ਹੁੰਦੇ ਹਨ ਤਾਂ ਇਸ ਲਈ ਵੀ ਸਜ਼ਾ ਭਾਵ ਪੈਨਲਟੀ ਲਗਾਈ ਜਾ ਸਕਦੀ ਹੈ।

- ਜੇ ਤੁਸੀਂ ਕਰਜ਼ ਚੁਕਾ ਹੀ ਨਾ ਸਕੋ

- ਅਜਿਹੀ ਸਥਿਤੀ 'ਚ ਬੈਂਕ ਤੁਹਾਡੀ ਪ੍ਰਾਪਰਟੀ ਜ਼ਬਤ ਕਰ ਲਵੇਗਾ ਅਤੇ 15-30 ਦਿਨ 'ਚ ਇਸ ਦੀ ਨਿਲਾਮੀ ਹੋ ਜਾਵੇਗੀ। ਜੇ ਇਸ ਵਿਚਕਾਰ ਤੁਸੀਂ ਪੈਸਿਆਂ ਦਾ ਇੰਤਜ਼ਾਮ ਕਰ ਸਕੋ ਤਾਂ ਤੁਸੀਂ ਆਪਣੀ ਪ੍ਰਾਪਰਟੀ ਫਿਰ ਤੋਂ ਖ਼ਰੀਦ ਸਕੋਗੇ।
- ਕੋਸ਼ਿਸ਼ ਕਰੋ ਕਿ ਤੁਹਾਡੇ ਸਾਹਮਣੇ ਅਜਿਹੀ ਸਥਿਤੀ ਹੀ ਨਾ ਆਵੇ। ਇਸ ਦਾ ਇਕ ਤਰੀਕਾ ਇਹ ਹੈ ਕਿ ਇਸ ਲਈ ਹਮੇਸ਼ਾ ਤਿਆਰ ਰਹੋ। ਆਮ ਤੌਰ 'ਤੇ ਤੁਹਾਨੂੰ ਇਕ ਐਮਰਜੈਂਸੀ ਫੰਡ ਬਣਾਉਣਾ ਚਾਹੀਦਾ ਹੈ। ਇਸ ਫੰਡ 'ਚ ਛੇ ਮਹੀਨੇ ਤੋਂ ਲੈ ਕੇ ਦੋ ਸਾਲ ਤਕ ਦਾ ਖ਼ਰਚ ਹੋਣਾ ਚਾਹੀਦਾ ਹੈ। ਇਸ ਦਾ ਇਸਤੇਮਾਲ ਸਿਰਫ਼ ਐਮਰਜੈਂਸੀ ਵਰਗੇ ਸਮੇਂ 'ਚ ਹੀ ਕਰੋ।



# ਵਿਦੇਸ਼ੀ ਪੜ੍ਹਾਈ ਲਈ ਹੈਲਥ ਕਵਰ

ਜੇ ਤੁਸੀਂ ਵਿਦੇਸ਼ ਪੜ੍ਹਨ ਜਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਭੇਜ ਰਹੇ ਹੋ ਤਾਂ ਸਿਹਤ ਨਾਲ ਸਬੰਧਤ ਕੁਝ ਗੱਲਾਂ 'ਤੇ ਜ਼ਰੂਰ ਧਿਆਨ ਦਿਓ ਤਾਂ ਕਿ ਬੱਚੇ ਨੂੰ ਵਿਦੇਸ਼ 'ਚ ਗੰਭੀਰ ਸਮੱਸਿਆ ਨਾ ਆਵੇ।

ਜੇ ਯੂਨੀਵਰਸਿਟੀ ਤੋਂ ਹੈਲਥ ਕਵਰ ਖ਼ਰੀਦਣਾ ਲਾਜ਼ਮੀ ਨਹੀਂ ਹੈ ਤਾਂ ਇਸ ਤੋਂ ਛੋਟ ਦੀ ਮੰਗ ਕਰ ਸਕਦੇ ਹੋ। ਖ਼ਾਸ ਤੌਰ 'ਤੇ ਜੇ ਤੁਸੀਂ ਡਿਪੈਂਡੈਂਟ ਤੌਰ 'ਤੇ ਪਹਿਲਾਂ ਤੋਂ ਹੀ ਕਵਰਡ ਹੋ ਜਾਂ ਤੁਸੀਂ ਆਪਣੇ ਲਈ ਖ਼ੁਦ ਹੈਲਥ ਇੰਸ਼ੋਰੈਂਸ ਖ਼ਰੀਦਣਾ ਚਾਹੁੰਦੇ ਹੋ।

ਤੁਸੀਂ ਜਿਸ ਦੇਸ਼ 'ਚ ਪੜ੍ਹਨ ਜਾ ਰਹੇ ਹੋ ਉੱਥੋਂ ਦੀ ਕਿਸੇ ਕੰਪਨੀ 'ਚ ਮੈਡੀਕਲੇਮ ਖ਼ਰੀਦ ਸਕਦੇ ਹੋ ਜਾਂ ਉੱਥੇ ਜਾਣ ਤੋਂ ਪਹਿਲਾਂ ਕਿਸੇ ਭਾਰਤੀ ਇੰਸ਼ੋਰੈਂਸ ਕੰਪਨੀ ਦੀ ਪਾਲਿਸੀ ਲੈ ਸਕਦੇ ਹੋ। ਕਈ ਵਿਦਿਆਰਥੀ ਹੈਲਥ ਇੰਸ਼ੋਰੈਂਸ ਦੇ ਪ੍ਰੀਮੀਅਮ ਨੂੰ ਟਿਊਸ਼ਨ ਫੀਸ ਨਾਲ ਕਲੱਬ ਕਰਦੇ ਹਨ ਪਰ ਇਹ ਮੁਮਕਿਨ ਹੈ ਕਿ ਯੂਨੀਵਰਸਿਟੀ ਤੁਹਾਨੂੰ ਬੈਸਟ ਡੀਲ ਨਾ ਦੇ ਰਹੀ ਹੋਵੇ। ਇਸ ਲਈ ਮਾਰਕੀਟ 'ਚ ਪ੍ਰੀਮੀਅਮ ਅਤੇ ਦੂਜੇ ਫੀਚਰਾਂ ਦੀ ਤੁਲਨਾ ਕਰਨਾ ਠੀਕ ਰਹੇਗਾ। ਆਨਲਾਈਨ ਚੈਨਲ ਦੇ ਬਾਵਜੂਦ ਕਿਸੇ ਵਿਦੇਸ਼ੀ ਕੰਪਨੀ ਨਾਲ ਹੈਲਥ ਇੰਸ਼ੋਰੈਂਸ ਖ਼ਰੀਦਣਾ ਸੌਖਾ ਨਹੀਂ ਹੁੰਦਾ।

ਇਸ ਲਈ ਪਹਿਲਾਂ ਡੋਮੈਸਟਿਕ ਪਲਾਨ 'ਤੇ ਨਜ਼ਰ ਮਾਰਨ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ। ਐੱਮਆਈਟੀ ਅਤੇ ਸਟੈਨਫੋਰਡ ਵਰਗੀ ਯੂਨੀਵਰਸਿਟੀ ਲਈ ਹੈਲਥ ਇੰਸ਼ੋਰੈਂਸ ਪਲਾਨ ਉਨ੍ਹਾਂ ਦੀ ਗਾਈਡਲਾਈਨਜ਼ ਮੁਤਾਬਕ ਹੋਣਾ ਚਾਹੀਦਾ। ਜੇ ਪ੍ਰੀ-ਪੈਕਜਡ ਪਲਾਨ ਉਨ੍ਹਾਂ ਦੀਆਂ ਜ਼ਰੂਰਤਾਂ ਨਾਲ ਮੇਲ ਨਹੀਂ ਖਾਂਦਾ ਤਾਂ ਇੰਸ਼ੋਰੈਂਸ ਕੰਪਨੀਆਂ ਉਸ 'ਚ ਤਬਦੀਲੀ ਲਈ ਤਿਆਰ ਰਹਿੰਦੀਆਂ ਹਨ।

## ਕੀਮਤ ਦੀ ਤੁਲਨਾ ਕਰੋ

ਜੇ ਤੁਸੀਂ ਕਿਸੇ ਪੱਛਮੀ ਦੇਸ਼ 'ਚ ਪੜ੍ਹਾਈ ਕਰ ਰਹੇ ਹੋ ਤਾਂ ਤੁਹਾਡੇ ਲਈ ਯੂਨੀਵਰਸਿਟੀ ਦੀ ਪਾਲਸੀ ਡੋਮੈਸਟਿਕ ਕੰਪਨੀ ਦੇ ਮੁਕਾਬਲੇ ਕਾਫ਼ੀ ਮਹਿੰਗੀ ਪੈ ਸਕਦੀ ਹੈ। ਹਾਲਾਂਕਿ ਜੇ ਤੁਸੀਂ ਵਿਦੇਸ਼ ਲਈ ਪਾਲਿਸੀ ਲੈ ਰਹੇ ਹੋ ਤਾਂ ਨਿਯਮ ਬਦਲ ਜਾਂਦੇ ਹਨ। ਮਿਸਾਲ ਲਈ ਜੇ ਚਾਈਨਾ ਮੈਡੀਕਲ ਯੂਨੀਵਰਸਿਟੀ ਹੈਲਥ ਇੰਸ਼ੋਰੈਂਸ਼ ਪਲਾਨ ਲਈ 6,000 ਰੁਪਏ ਦਾ ਸਾਲਾਨਾ ਪ੍ਰੀਮੀਅਮ ਲੈਂਦੀ ਹੈ। ਇਸ ਲਈ ਕਿਸੇ ਭਾਰਤੀ ਬੀਮਾ ਕੰਪਨੀ ਦੀ ਸਕੀਮ 7,500 ਰੁਪਏ ਦੀ ਪਵੇਗੀ।

*ਤੁਸੀਂ ਵਿਦੇਸ਼ 'ਚ ਪੜ੍ਹਨ ਜਾ ਰਹੇ ਹੋ, ਇਸ ਲਈ ਕੈਸ਼ਲੈੱਸ ਸੁਵਿਧਾਵਾਂ, ਕੈਂਪਸ ਕੋਲ ਨੈੱਟਵਰਕ, ਹਸਪਤਾਲ, ਕਲੇਮ ਸੈਟਲਮੈਂਟ ਦੇ ਤਰੀਕੇ ਅਤੇ ਬੀਮਾ ਕੰਪਨੀ ਦੇ ਪਿਛਲੇ ਰਿਕਾਰਡ 'ਤੇ ਜ਼ਰੂਰ ਨਜ਼ਰ ਮਾਰੋ। ਭਾਰਤੀ ਇੰਸ਼ੋਰੈਂਸ ਕੰਪਨੀ ਦਾ ਪਲਾਨ ਵੀ ਵਿਚਾਰਿਆ ਜਾ ਸਕਦਾ ਹੈ...*

'ਚ ਉਸ ਨਾਲੋਂ ਬਿਹਤਰ ਹੋ ਸਕਦੀ ਹੈ। ਯੂਨੀਵਰਸਿਟੀ ਪਲਾਨ 'ਚ ਪ੍ਰੀ-ਐਗਜਿਸਟਿੰਗ ਕਵਰ ਵੀ ਸ਼ਾਮਲ ਹੁੰਦਾ ਹੈ। ਦੂਜਾ ਅਹਿਮ ਫੈਕਟਰ ਸਬ-ਲਿਮਿਟ ਅਤੇ ਡਿਡੈਕਟੇਬਲਜ਼ ਹੁੰਦੇ ਹਨ।


ਯੂਨੀਵਰਸਿਟੀ ਪਲਾਨ 'ਚ ਅਕਸਰ ਹਾਇਰ ਡਿਡਕਟੇਬਲ 500 ਡਾਲਰ ਜਾਂ 30,000 ਰੁਪਏ ਹਨ। ਭਾਰਤੀ ਇੰਸ਼ੋਰੈਂਸ ਕੰਪਨੀ ਲਈ ਇਸ ਦੀ ਸਬ-ਲਿਮਿਟ 100 ਡਾਲਰ ਜਾਂ 6,000 ਰੁਪਏ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ ਹਸਪਤਾਲ 'ਚ ਭਰਤੀ ਹੋ ਅਤੇ ਬਿਲ 1600 ਜਾਂ 96,000 ਰੁਪਏ ਆਉਂਦਾ ਹੈ, ਤਾਂ ਯੂਨੀਵਰਸਿਟੀ ਪਲਾਨ ਸਿਰਫ਼ 1,100 ਜਾਂ 66,000 ਰੁਪਏ ਦਾ ਹੀ ਭੁਗਤਾਨ ਕਰੇਗਾ। ਇਸ ਮਾਮਲੇ 'ਚ ਭਾਰਤੀ ਕੰਪਨੀ 1,500 ਡਾਲਰ ਜਾਂ 90,000 ਰੁਪਏ ਦਾ ਭੁਗਤਾਨ ਕਰੇਗੀ।

ਹਾਲਾਂਕਿ ਸਿਰਫ਼ ਕੀਮਤ ਦੇ ਆਧਾਰ 'ਤੇ ਕੋਈ ਪਾਲਿਸੀ ਨਾ ਖ਼ਰੀਦੋ। ਕਵਰ ਸਾਈਜ਼ ਅਤੇ ਦੂਜੇ ਬੈਨੀਫਿਟ ਦਾ ਮੁਕਾਬਲਾ ਕਰਨ ਪਿੱਛੋਂ ਹੀ ਪਾਲਿਸੀ ਖ਼ਰੀਦਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ।

## ਧਿਆਨਯੋਗ ਨੁਕਤੇ

ਤੁਸੀਂ ਵਿਦੇਸ਼ 'ਚ ਪੜ੍ਹਨ ਜਾ ਰਹੇ ਹੋ, ਇਸ ਲਈ ਕੈਸ਼ਲੈਸ ਫੈਸਿਲਟੀ, ਕੈਂਪਸ ਕੋਲ ਨੈੱਟਵਰਕ ਹਸਪਤਾਲ,ਕਲੇਮ ਸੈਟਲਮੈਂਟ ਦੇ ਤਰੀਕੇ ਅਤੇ ਬੀਮਾ ਕੰਪਨੀ ਦੇ ਪਿਛਲੇ ਰਿਕਾਰਡ 'ਤੇ ਜ਼ਰੂਰ ਨਜ਼ਰ ਮਾਰੋ।

ਭਾਰਤੀ ਇੰਸ਼ੋਰੈਂਸ ਕੰਪਨੀ ਦਾ ਪਲਾਨ ਬੇਸ਼ੱਕ ਸਸਤਾ ਪੈਂਦਾ ਹੈ, ਪਰ ਯੂਨੀਵਰਸਿਟੀ ਦੀ ਪਾਲਿਸੀ ਇਨ੍ਹਾਂ ਮਾਮਲਿਆਂ



# ਸਰਕਾਰੀ ਕਾਲਜ ਵਿੱਚ ਮੌਕ ਡਰਿੱਲ ਕਰਵਾਈ

**ਨਰਾਇਣਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਨਰਾਇਣਗੜ੍ਹ ਵਿੱਚ ਪ੍ਰਿੰਸੀਪਲ ਡਾ. ਖੁਸ਼ਿਲਾ ਦੀ ਅਗਵਾਈ ਹੇਠ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ, ਡਾਇਰੈਕਟੋਰੇਟ ਜਨਰਲ-ਫਾਇਰ ਸਰਵਿਸ, ਸਿਵਲ ਡਿਫੈਂਸ ਅਤੇ ਹੋਮ ਗਾਰਡ ਸਿਵਲ ਡਿਫੈਂਸ ਦੇ ਮੱਦੇਨਜ਼ਰ, ਕਾਲਜ ਵਿੱਚ ਸਿਵਲ ਡਿਫੈਂਸ ਮੌਕ ਡਰਿੱਲ ਕੀਤੀ ਗਈ। ਇਸ ਵਿੱਚ ਐੱਨਸੀਸੀ ਅਤੇ ਐੱਨਐੱਸਐੱਸ ਵਾਲੰਟੀਅਰਾਂ ਨੇ ਹਿੱਸਾ ਲਿਆ। ਕਾਲਜ ਦੇ ਵਿਦਿਆਰਥੀਆਂ ਨੂੰ ਮੌਕ ਡਰਿੱਲ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਐੱਨਸੀਸੀ ਅਫ਼ਸਰ ਡਾ. ਸਤੀਸ਼ ਕੁਮਾਰ ਦੇ ਨਿਰਦੇਸ਼ਾਂ ਹੇਠ ਹੂਟਰ ਵਜਾਇਆ ਅਤੇ ਵਾਲੰਟੀਅਰਾਂ ਨੇ ਹੂਟਰ, ਸਾਇਰਨ ਵਜਾਉਣ ਸਬੰਧੀ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਮੌਕ ਡਰਿੱਲ ਕੀਤੀ ਅਤੇ ਐੱਨਐੱਸਐੱਸ ਪ੍ਰੋਗਰਾਮ ਅਫ਼ਸਰ ਨੇ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਬਾਰੇ ਵਿਸਥਾਰ ਵਿੱਚ ਦੱਸਿਆ। ਨਰੇਸ਼ ਕੁਮਾਰ ਨੇ ਮਹੱਤਵਪੂਰਨ ਜਾਣਕਾਰੀ ਦਿੰਦੇ ਹੋਏ ਜਾਣਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ 7 ਮਈ 2025 ਨੂੰ ਕਰਵਾਏ ਸਿਵਲ ਡਿਫੈਂਸ ਮੌਕ ਡਰਿੱਲ ਦਾ ਉਦੇਸ਼ ਨਾਗਰਿਕਾਂ ਅਤੇ ਪ੍ਰਸ਼ਾਸਨ ਨੂੰ ਯੁੱਧ ਵਰਗੀਆਂ ਐਮਰਜੈਂਸੀਆਂ ਲਈ ਤਿਆਰ ਕਰਨਾ ਹੈ। ਇਹ ਅਭਿਆਸ 244 ਜ਼ਿਲ੍ਹਿਆਂ ਵਿੱਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਸੁਰੱਖਿਆ ਉਪਾਅ ਅਤੇ ਸਿਖਲਾਈ ਸੈਸ਼ਨ ਸ਼ਾਮਲ ਹਨ। ਐੱਨਸੀਸੀ ਅਧਿਕਾਰੀ ਡਾ. ਸਤੀਸ਼ ਕੁਮਾਰ ਨੇ ਵਾਲੰਟੀਅਰਾਂ ਅਤੇ ਕਾਲਜ ਸਟਾਫ ਨੂੰ ਦੱਸਿਆ ਕਿ ਜੰਗ ਵਰਗੀ ਐਮਰਜੈਂਸੀ ਸਥਿਤੀ ਵਿੱਚ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਹੈ। ਇਸ ਮੌਕੇ ਐੱਨਐੱਸਐੱਸ ਪ੍ਰੋਗਰਾਮ ਅਫ਼ਸਰ ਪ੍ਰੋ. ਨਰੇਸ਼ ਕੁਮਾਰ, ਪ੍ਰੋ. ਰੇਣੂ ਗੁਪਤਾ ਅਤੇ ਐੱਨਸੀਸੀ ਅਫ਼ਸਰ ਡਾ. ਸਤੀਸ਼ ਕੁਮਾਰ ਦੇ ਨਾਲ ਡਾ. ਸ਼ੁਭਮ, ਪ੍ਰੋ. ਪਿੰਕੀ ਰਾਣੀ ਆਦਿ ਵੀ ਮੌਜੂਦ ਸਨ।

ਐੱਸਡੀਐੱਮ ਕਪਿਲ ਕੁਮਾਰ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿਹੋਵਾ ਵਿੱਚ ਸੈਂਸ



ਪੇਪਰ ਮਿੱਲ ਵਿੱਚ ਮੌਕ ਡਰਿੱਲ ਕੀਤੀ ਗਈ। ਐਮਰਜੈਂਸੀ ਸਥਿਤੀਆਂ ਵਿੱਚ ਜਾਨ-ਮਾਲ ਦੀ ਰੱਖਿਆ ਕਿਵੇਂ ਕਰਨੀ ਹੈ, ਇਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਮੌਕੇ ਡੀਐੱਸਪੀ ਨਿਰਮਲ ਸਿੰਘ ਨੇ ਦੱਸਿਆ ਕਿ ਇਹ ਮੌਕ ਡਰਿੱਲ ਪਿਹੋਵਾ ਸਥਿਤ ਸੈਂਸਨ ਪੇਪਰ ਮਿੱਲ ਵਿਖੇ ਸ਼ਾਮ 4 ਵਜੇ ਕੀਤੀ ਗਈ। ਪੁਲੀਸ ਨੇ ਸੋਸ਼ਲ ਮੀਡੀਆ 'ਤੇ ਨਜ਼ਰ ਰੱਖਣ ਲਈ ਇੱਕ ਨਿਗਰਾਨੀ ਕਮੇਟੀ ਬਣਾਈ ਹੈ। ਇਸ ਮੌਕੇ ਤਹਿਸੀਲਦਾਰ ਵਿਨੀਤੀ, ਨਗਰ ਪਾਲਿਕਾ ਸਕੱਤਰ ਮੋਹਨ ਲਾਲ, ਸਿਹਤ ਵਿਭਾਗ ਤੋਂ ਐੱਸਐੱਮਓ ਮਨੀਸ਼, ਪਟਵਾਰੀ, ਡੈੱਡ ਕਰਾਸ ਕਰਮਚਾਰੀ, ਸਿਹਤ ਵਿਭਾਗ ਐਂਬੂਲੈਂਸ, ਪੁਲੀਸ ਵਿਭਾਗ ਅਤੇ ਹੋਮ ਗਾਰਡ ਕਰਮਚਾਰੀ, ਫਾਇਰ ਬ੍ਰਿਗੇਡ ਕਰਮਚਾਰੀ, ਬਿਜਲੀ ਕਰਮਚਾਰੀ ਅਤੇ ਹੋਰ ਬਚਾਅ ਟੀਮਾਂ ਆਪਣੀਆਂ ਟੀਮਾਂ ਨਾਲ ਪਹੁੰਚੀਆਂ।

ਆਰੀਆ ਕੰਨਿਆ ਕਾਲਜ ਦੀ ਐੱਨਸੀਸੀ ਯੂਨਿਟ ਵੱਲੋਂ ਸਿਵਲ ਡਿਫੈਂਸ ਮੌਕ ਡਰਿਲ ਕਰਵਾਈ ਗਈ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਨੇ ਵਾਲੰਟੀਅਰਾਂ ਤੇ ਅਧਿਆਪਕਾਂ ਨੂੰ ਕਿਹਾ ਕਿ ਇਸ ਮੌਕ ਡਰਿਲ ਦਾ ਉਦੇਸ਼ ਤੁਹਾਨੂੰ ਸਾਰਿਆਂ ਨੂੰ ਐਮਰਜੈਂਸੀ ਹਾਲਾਤ, ਅੱਤਵਾਦੀ ਹਮਲਿਆਂ ਤੇ ਹਵਾਈ ਹਮਲਿਆਂ ਆਦਿ ਦੀ ਸੁਰੱਖਿਆ ਲਈ ਤਿਆਰ ਕਰਨਾ ਹੈ। ਐੱਨਸੀਸੀ ਅਫ਼ਸਰ ਕੈਪਟਨ ਜੋਤੀ ਸ਼ਰਮਾ ਨੇ ਵਿਦਿਆਰਥਣਾਂ ਨੂੰ ਅਪੀਲ ਕੀਤੀ ਕਿ ਜੇ ਭਵਿੱਖ ਵਿਚ ਜੰਗ ਜਾਂ ਮਿਜ਼ਾਈਲ ਹਮਲੇ ਵਰਗੀ ਕੋਈ ਐਮਰਜੈਂਸੀ ਸਥਿਤੀ ਪੈਦਾ ਹੁੰਦੀ ਹੈ ਤਾਂ ਸਾਨੂੰ ਸ਼ਾਂਤੀ ਦਾ ਮਾਹੌਲ ਬਣਾਉਣਾ ਪਵੇਗਾ ਤੇ ਆਪਣੇ ਆਪ ਤੇ ਦੂਜਿਆਂ ਨੂੰ ਸ਼ਾਂਤ ਰੱਖਣਾ ਪਵੇਗਾ। ਇਸ ਮੌਕੇ ਕਾਲਜ ਦੀਆਂ 60 ਵਿਦਿਆਰਥਣਾਂ ਦੇ ਨਾਲ ਨਾਲ ਅੰਗਰੇਜ਼ੀ ਵਿਭਾਗ ਦੀ ਮੁਖੀ ਡਾ. ਕਵਿਤਾ ਮਹਿਤਾ, ਹਿੰਦੀ ਵਿਭਾਗ ਦੀ ਮੁਖੀ ਡਾ. ਰਾਜਨੀ ਸ਼ਰਮਾ, ਪੰਜਾਬੀ ਵਿਭਾਗ ਦੀ ਮੁਖੀ ਡਾ. ਸਿਮਰਜੀਤ ਕੌਰ ਕਾਮਰਸ ਵਿਭਾਗ ਦੀ ਲੈਕਚਰਾਰ ਡਾ. ਰੇਜੀ, ਰਜਨੀ, ਰਾਜਨੀਤੀ ਸ਼ਾਸਤਰ ਵਿਭਾਗ ਦੀ ਲੈਕਚਰਾਰ ਪੂਜਾ, ਐੱਨਸੀਸੀ ਕਲਰਕ ਰੋਸ਼ਨ ਤੇ ਸਹਾਇਕ ਸਰਸਵਤੀ ਮੌਜੂਦ ਸੀ।

## ਧਰਮਦੇਵ ਵਿਦਿਆਰਥੀ ਵੱਲੋਂ ਸੈਣੀ ਨਾਲ ਮੁਲਾਕਾਤ

# ਹਰਿਆਣਾ ਸਾਹਿਤ ਅਕਾਦਮੀ ਦੇ ਨਿਰਦੇਸ਼ਕ ਵੱਲੋਂ ਹਰਿਆਣਵੀ ਬੋਲੀ ਨੂੰ ਸੂਬੇ ਦੀ ਰਾਜ ਭਾਸ਼ਾ ਦਾ ਦਰਜਾ ਦੇਣ ਦੀ ਮੰਗ



**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਾਹਿਤਕ ਅਤੇ ਸੰਸਕ੍ਰਿਤੀ ਅਕਾਦਮੀ ਦੇ ਨਿਰਦੇਸ਼ਕ ਡਾ. ਧਰਮਦੇਵ ਵਿਦਿਆਰਥੀ ਨੇ ਕਿਹਾ ਕਿ ਹਰਿਆਣਵੀਂ ਬੋਲੀ ਸੰਪੂਰਨ ਭਾਸ਼ਾ ਹੈ। ਇਸ ਲਈ ਹਰਿਆਣਾ ਦੀ ਰਾਜਭਾਸ਼ਾ ਹਰਿਆਣਵੀਂ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਸਵਿੰਧਾਨਿਕ ਦਰਜਾ ਮਿਲਣਾ ਚਾਹੀਦਾ ਹੈ। ਹਰਿਆਣਾ ਸਾਹਿਤਕ ਅਤੇ ਸੰਸਕਿਤੀ ਅਕਾਦਮੀ ਇਸ ਦਿਸ਼ਾ ਵਿੱਚ ਠੋਸ ਕੰਮ ਕਰ ਰਹੀ ਹੈ। ਇਸ ਗੱਲ ਦਾ ਪ੍ਰਗਟਾਵਾ ਅਕਾਦਮੀ ਦੇ ਨਿਰਦੇਸ਼ਕ ਡਾ. ਵਿਦਿਆਰਥੀ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਦੇ ਹੋਏ ਕੀਤਾ। ਡਾ. ਵਿਦਿਆਰਥੀ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਹਰਿਆਣਵੀ ਕੇਵਲ ਬੋਲੀ ਹੀ ਨਹੀਂ ਹੈ, ਸਗੋਂ ਭਾਸ਼ਾ ਵੀ ਹੈ। ਹਰਿਆਣਾ ਵਿੱਚ ਹਰਿਆਣਾ ਦੀ ਅਪਨੀ ਹੀ ਭਾਸ਼ਾ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਸੈਣੀ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਇਸ ਦਿਸ਼ਾ ਵਿੱਚ ਉਚਿਤ ਕਦਮ ਚੁੱਕਿਆ ਜਾਵੇਗਾ। ਡਾ. ਵਿਦਿਆਰਥੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਹਰਿਆਣਵੀ ਭਾਸ਼ਾ ਵਿੱਚ ਵਿਆਕਰਣ ਤਿਆਰ ਕਰ ਦਿੱਤੀ ਗਈ ਹੈ ਅਤੇ ਹਿੰਦੀ ਹਰਿਆਣਵੀ ਸ਼ਬਦਕੋਸ਼ ਵੀ ਤਿਆਰ ਕਰ ਦਿੱਤਾ ਗਿਆ ਹੈ। ਹਰਿਆਣਵੀ ਲਿੱਪੀ ਦੇ ਰੂਪ ਵਿੱਚ ਸਾਰੇ ਵਿਦਵਾਨਾਂ ਨੇ ਇੱਕ ਮੱਤ ਹੋ ਕੇ ਦੇਵਨਾਗਰੀ ਲਿੱਪੀ ਦਾ ਸਮਰਥਨ ਕੀਤਾ।

ਸੰਵਿਧਾਨ ਵਿੱਚ ਮਾਨਤਾ ਪ੍ਰਾਪਤ ਅਨੇਕ ਭਾਸ਼ਾਵਾਂ ਦੀ ਲਿਪੀ ਵੀ ਦੇਵਨਾਗਰੀ ਹੈ ਤਾਂ ਹਰਿਆਣਵੀ ਭਾਸ਼ਾ ਦੀ ਲਿਪੀ ਦੇਵਨਾਗਰੀ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਦੇ ਅੰਤਰਗਤ ਅਨੇਕਾਂ ਯੂਨੀਵਰਸਿਟੀਆਂ ਵਿੱਚ ਹਰਿਆਣਵੀ ਵਿੱਚ ਪੀਐਚ.ਡੀ ਅਤੇ ਐੱਮਫਿਲ ਕਰਵਾਈ ਜਾ ਰਹੀ ਹੈ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤਾ ਜਾ ਰਿਹੈ ਪ੍ਰੇਰਿਤ-ਜ਼ਿਲ੍ਹਾ ਰੋਜ਼ਗਾਰ ਅਫ਼ਸਰ

**ਮੋਗਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਗਈ ਹੈ ਜਿਸ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਰੋਜਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਤਹਿਤ ਨੌਜਵਾਨਾਂ ਨੂੰ ਨੌਕਰੀਆਂ ਦੇ ਕਾਬਿਲ ਬਣਾਉਣ ਲਈ ਕਿੱਤਾਮੁਖੀ ਸਿਖਲਾਈ ਮੁਹੱਈਆ ਕਰਵਾਈ ਰਹੀ ਹੈ ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਸਕਣ।

ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸਾਗਰ ਸੇਤੀਆ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਸਕੂਲ ਅਡੌਪਟ ਕਰਨ ਲਈ ਹੁਕਮ ਜਾਰੀ ਕੀਤੇ ਹਨ ਜਿਸ ਤਹਿਤ ਸ੍ਰੀਮਤੀ ਡਿੰਪਲ ਥਾਪਰ, ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ, ਮੋਗਾ ਵੱਲੋਂ ਵੀ 10 ਸੂਕਲ ਅਡੌਪਟ ਕੀਤੇ ਗਏ ਹਨ।

ਇਸ ਮੁਹਿੰਮ ਤਹਿਤ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵੱਲੋਂ ਸਰਕਾਰੀ ਹਾਈ ਸਕੂਲ ਕਿਲੀ ਚਹਿਲਾਂ, ਸਰਕਾਰੀ ਹਾਈ ਸਕੂਲ ਢਿੱਲਵਾਂ ਅਤੇ ਸਰਕਾਰੀ ਹਾਈ ਸਕੂਲ ਕਾਲੇਕੇ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਰੋਜ਼ਗਾਰ ਦਫ਼ਤਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਜਿਵੇਂ ਕਿ ਕਿੱਤਾ ਅਗਵਾਈ, ਸਕਿੱਲ ਕੋਰਸਾਂ, ਸਕਿੱਲ ਟ੍ਰੇਨਿੰਗਾਂ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਦਫ਼ਤਰ ਦੇ ਕਰੀਅਰ ਕਾਉਂਸਲਰ ਸ੍ਰੀ ਬਲਰਾਜ ਸਿੰਘ ਖਹਿਰਾ ਅਤੇ ਬੀ.ਟੀ.ਐਮ ਸ਼੍ਰੀ ਪੁਸ਼ਰਾਜ ਜਾਜਰਾ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਕਿੱਤਿਆਂ ਅਤੇ ਸਕਿੱਲ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਗਈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਨਸ਼ਿਆਂ ਦੇ ਬੁਰੇ ਪ੍ਰਭਾਵ ਅਤੇ ਬੁਰੀ ਸੰਗਤ ਤੋਂ ਬਚਣ ਲਈ ਜਰੂਰੀ ਨੁਕਤੇ ਸਾਂਝੇ ਕੀਤੇ।

ਇਸ ਤੋਂ ਇਲਾਵਾ ਰੋਜਗਾਰ ਦਫ਼ਤਰ ਵੱਲੋਂ ਗਾਈਡੈਂਸ ਕਾਉਂਸਲਿੰਗ ਲਈ ਸਰਕਾਰੀ ਸਕੂਲਾਂ ਦੇ ਰੋਜ਼ਗਾਰ ਦਫ਼ਤਰ ਵਿਖੇ ਸੈਮੀਨਾਰ ਕਰਵਾਏ ਜਾ ਰਹੇ ਹਨ ਜਿਸ ਵਿੱਚ ਵੱਖ-ਵੱਖ ਸਰਕਾਰੀ ਸਕੂਲ ਇਸ ਦਫਤਰ ਵਿਖੇ ਵਿਜ਼ਟ ਕਰ ਰਹੇ ਹਨ, ਉਹਨਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਨੇ ਤਾਈਕਵਾਂਡੋ ਚ ਤਗਮੇ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਦੀ ਹੌਸਲਾਅਫਜਾਈ ਕੀਤੀ

**ਮੋਗਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਦੇ ਖਿਡਾਰੀਆਂ ਵੱਲੋਂ ਰਾਜ ਪੱਧਰੀ, ਰਾਸ਼ਟਰੀ, ਅੰਤਰਰਾਸ਼ਟਰੀ, ਏਸ਼ੀਆ ਪੱਧਰ ਤੇ ਤਾਈਕਵਾਂਡੋ ਖੇਡ ਵਿੱਚ ਤਗਮੇ ਹਾਸਲ ਕਰਕੇ ਜ਼ਿਲ੍ਹਾ ਮੋਗਾ ਦਾ ਨਾਂ ਚਮਕਾਉਣ ਤੇ ਅੱਜ ਡਿਪਟੀ ਕਮਿਸ਼ਨਰ ਸ਼੍ਰੀ ਸਾਗਰ ਸੇਤੀਆ ਨੇ ਜਿੱਥੇ ਇਹਨਾਂ ਬੱਚਿਆਂ ਦੀ ਸ਼ਲਾਘਾ ਕੀਤੀ ਉੱਥੇ ਲੋੜਵੰਦ ਖਿਡਾਰੀਆਂ ਨੂੰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਉਹਨਾਂ ਕਿਹਾ ਕਿ ਖੇਡਾਂ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ, ਉਥੇ ਹੀ ਖੇਡਾਂ ਚ ਵਧੀਆ ਮਿਹਨਤ ਕਰਨ ਵਾਲੇ ਖਿਡਾਰੀ ਵਿਸ਼ਵ ਪੱਧਰ 'ਤੇ ਆਪਣੀ ਪਹਿਚਾਣ ਬਣਾ ਸਕਦੇ ਹਨ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜ ਕੇ ਨੌਜਵਾਨ ਜਿੱਥੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿੰਦੇ ਹਨ, ਓਥੇ ਹੀ ਸਮਾਜ ਵਿੱਚ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਵਿਚਰਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਪੂਰੇ ਜਜ਼ਬੇ ਅਤੇ ਫੁਰਤੀ ਨਾਲ ਖੇਡ ਮੁਕਾਬਲਿਆਂ ਵਿਚ ਜੌਹਰ ਵਿਖਾਉਣ ਲਈ ਪ੍ਰੇਰਿਤ ਕੀਤਾ।

ਡਿਪਟੀ ਕਮਿਸ਼ਨਰ ਨੇ ਤਾਈਕਵਾਂਡੋ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਹਰਸ਼, ਸਮਰ,ਅਰਸ਼ਦੀਪ, ਮਨਪ੍ਰੀਤ ਸ਼ਰਮਾ, ਸ਼ਮਸ਼ੇਰ ਤਮੰਨਾ, ਰਮਨ, ਨੰਦਨੀ, ਗੁਰਲਾਬ ਸਿੰਘ ਤੇ ਏਕਮਪ੍ਰੀਤ ਕੌਰ ਨੂੰ ਬਲੰਦੀਆਂ ਛੂਹਣ ਤੇ ਹੌਂਸਲਾਅਫਜਾਈ ਕੀਤੀ। ਉਹਨਾਂ ਮਾਰਸ਼ਲ ਆਰਟ ਦੀ ਕੋਚ ਪ੍ਰਿਆ (ਬਿਮਲਾ) ਨੂੰ ਭਵਿੱਖ ਵਿੱਚ ਬੱਚਿਆਂ ਨੂੰ ਹੋਰ ਵਧੀਆ ਸਿਖਲਾਈ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਨਸਟਾਪਏਬਲ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਭਾਵਨਾ ਬਾਂਸਲ ਹਾਜਰ ਸਨ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਆਖਰੀ ਪੜਾਅ 'ਤੇ : ਡਿਪਟੀ ਕਮਿਸ਼ਨਰ

**ਬਠਿੰਡਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਜਿੱਥੇ ਕਣਕ ਦੀ ਖਰੀਦ ਆਖਰੀ ਪੜਾਅ 'ਤੇ ਹੈ ਉਥੇ ਹੀ ਪਿਛਲੇ 72 ਘੰਟਿਆਂ ਦੇ ਹਿਸਾਬ ਨਾਲ ਕਣਕ ਦੀ ਲਿਫਟਿੰਗ 80 ਫੀਸਦੀ ਪੂਰੀ ਹੋ ਚੁੱਕੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 6 ਮਈ 2025 ਤੱਕ 873919 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ 'ਚੋ ਵੱਖ-ਵੱਖ ਖਰੀਦ ਏਜੰਸੀਆਂ ਨੇ 865505 ਮੀਟ੍ਰਿਕ ਕਣਕ ਦੀ ਖਰੀਦ ਕੀਤੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਕਣਕ ਦੀ ਅਦਾਇਗੀ ਵਜੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 1882.19 ਕਰੋੜ ਰੁਪਏ ਜਮ੍ਹਾਂ ਵੀ ਕਰਵਾਏ ਗਏ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 6 ਮਈ 2025 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 265813 ਮੀਟ੍ਰਿਕ ਟਨ, ਮਾਰਕਫ਼ੈਡ 186170, ਪਨਸਪ 198473, ਵੇਅਰ ਹਾਊਸ 150055 ਤੇ ਪ੍ਰਾਈਵੇਟ ਵਪਾਰੀਆਂ ਵਲੋਂ 64994 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਸੰਕਟ ਦੀ ਸਥਿਤੀ ਨਾਲ ਨਜਿੱਠਣ ਲਈ ਕਰਵਾਈ ਮੌਕ ਡਰਿੱਲ

**ਹੁਸ਼ਿਆਰਪੁਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਵੀ ਸੰਕਟ ਦੀ ਸਥਿਤੀ ਤੇ ਅਣਸੁਖਾਵੀਂ ਘਟਨਾ ਤੋਂ ਬਚਾਅ ਸਬੰਧੀ ਸੁਚੇਤ ਕਰਨ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਅੱਜ ਆਈ.ਟੀ.ਆਈ ਗਰਾਊਂਡ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਮੌਕ ਡਰਿੱਲ ਕਰਵਾਈ ਗਈ।



ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕ ਡਰਿੱਲ ਮੌਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਆਏ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਵਾਸੀਆਂ ਨੂੰ ਅਣਸੁਖਾਵੀਂ ਘਟਨਾ ਜਾਂ ਸੰਕਟ ਮੌਕੇ ਬਚਾਅ ਸਬੰਧੀ ਸਿਖਲਾਈ ਦੇਣ ਲਈ ਇਹ ਡਰਿਲ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਮੌਜੂਦ ਪਾਲੀ ਟੈਕਨਿਕ ਅਤੇ ਆਈਟੀਆਈ ਦੇ ਸਿੱਖਿਆ ਅਰਥੀਆਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਆਪਣੀ ਬਹਾਦਰ ਫ਼ੌਜ 'ਤੇ ਮਾਣ ਹੋਣਾ ਚਾਹੀਦਾ ਹੈ, ਜਿਸ ਨੇ ਹਮੇਸ਼ਾ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਸਾਨੂੰ ਹੌਸਲਾ ਰੱਖਦਿਆਂ ਆਪਣੀ ਫ਼ੌਜ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਜ਼ਿਲਾ ਵਾਸੀਆਂ ਨੂੰ ਸੁਚੇਤ ਕਰਨ ਸਬੰਧੀ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਅਜਿਹੀਆਂ ਕੋਸ਼ਿਸ਼ਾਂ ਦੀ ਸਲਾਘਾ ਕੀਤੀ ਅਤੇ ਨੌਜਵਾਨਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਹੂਬਹੂ ਪਾਲਣਾ ਕਰਨ ਲਈ ਕਿਹਾ।

ਇਸ ਮੌਕੇ ਸੰਕਟਕਾਲ ਨਾਲ ਕਿਵੇਂ ਨਜਿੱਠਣਾ ਹੈ, ਇਸ ਸਬੰਧੀ ਸਿਵਲ ਡਿਫੈਂਸ, ਫਾਇਰ, ਮੈਡੀਕਲ ਟੀਮਾਂ, 12 ਪੰਜਾਬ ਐਨ.ਸੀ.ਸੀ ਹੁਸ਼ਿਆਰਪੁਰ, ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਮੌਕ ਡਰਿਲ ਵਿਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਲਈ ਕਿਸੇ ਕਿਸਮ ਦੀ ਘਬਰਾਉਣ ਦੀ ਜ਼ਰੂਰਤ ਨਹੀਂ। ਉਨ੍ਹਾਂ ਕਿਹਾ ਕਿ ਕੱਲ੍ਹ ਜਾਂ ਉਸ ਤੋਂ ਬਾਅਦ ਜਦੋਂ ਵੀ ਅਜਿਹਾ ਸਾਇਰਨ ਵਜੇ ਤਾਂ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜ਼ਮੀਨ ਜਾਂ ਜ਼ਮੀਨਦੋਜ਼ ਬੰਕਰ ਉੱਤੇ ਪਹੁੰਚ ਜਾਣ, ਜੇਕਰ ਉਨ੍ਹਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਜਾਂ ਖੁੱਲ੍ਹੇ ਦੇ ਵਿੱਚ ਲੰਮੇ ਪੈ ਜਾਣ । ਜੋ ਲੋਕ ਇਮਾਰਤਾਂ ਦੇ ਵਿਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸੇ ਦੌਰਾਨ ਉਹ ਆਪਣੀ ਗੈਸ ਅਤੇ ਬਿਜਲੀ ਦੇ ਕੁਨੈਕਸ਼ਨ ਬੰਦ ਰੱਖਣ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸੜਕ ਉੱਤੋਂ ਚਲਦੇ ਰਾਹਗੀਰ ਜਾਂ ਗੱਡੀਆਂ ਐਮਰਜੈਂਸੀ ਵਹੀਕਲ ਜਿਨ੍ਹਾਂ ਵਿਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦੇਣ।

ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਸਿਵਲ ਸਰਜਨ ਡਾ. ਪਵਨ ਕੁਮਾਰ, ਤਹਿਸੀਲਦਾਰ ਲਾਰਸਨ ਤੋਂ ਇਲਾਵਾ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਕੰਟਰੋਲ ਰੂਮ ਸਥਾਪਤ

**ਗੁਰਦਾਸਪੁਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਪਾਕਿਸਤਾਨ ਸਰਹੱਦ ਉੱਪਰ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਆਈ.ਸੀ.ਸੀ.ਸੀ. ਵਿਖੇ ਵਿਸ਼ੇਸ਼ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਕੰਟਰੋਲ ਰੂਮ ਦਾ ਨੰਬਰ 01874-266376 ਹੈ ਅਤੇ ਇਹ ਕੰਟਰੋਲ ਰੂਮ ਰਾਊਂਡ ਦੀ ਕਲਾਕ ਚੱਲੇਗਾ।

ਉਨ੍ਹਾਂ ਕਿਹਾ ਕਿ ਕੰਟਰੋਲ ਰੂਮ ਵਿੱਚ ਰਾਊਂਡ ਦੀ ਕਲਾਕ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਲੋੜ ਪੈਣ 'ਤੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01874-266376 ਉੱਪਰ ਸੰਪਰਕ ਕਰ ਸਕਦੇ ਹਨ।

# ਭਾਰਤੀ ਫੌਜ ਦੀ ਆਰਮੀ ਭਰਤੀ ਰੈਲੀ ਦਾ ਲਿਖਤੀ ਪੇਪਰ ਮਹੀਨਾ ਜੂਨ-2025 ਵਿੱਚ ਹੋਣ ਦੀ ਉਮੀਦ

**ਤਰਨ ਤਾਰਨ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ, ਆਈ. ਏ. ਐਸ ਵਲੋਂ ਜਿਲ੍ਹੇ ਦੇ ਨੋਜ਼ਵਾਨਾਂ ਨੂੰ ਭਾਰਤੀ ਥਲ ਸੈਨਾ ਵਲੋਂ ਚੱਲ ਰਹੀ ਭਰਤੀ ਰੈਲੀ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਦੇ ਹੋਏ ਕਿਹਾ ਗਿਆ, ਕਿ ਭਾਰਤੀ ਫੌਜ ਦੀ ਆਰਮੀ ਭਰਤੀ ਰੈਲੀ ਦਾ ਲਿਖਤੀ ਪੇਪਰ ਮਹੀਨਾ ਜੂਨ-2025 ਵਿੱਚ ਹੋਣ ਦੀ ਉਮੀਦ ਹੈ। ਉਹਨਾਂ ਵੱਲੋਂ ਕਿਹਾ ਗਿਆ ਹੈ, ਕਿ ਆਰਮੀ ਦੀ ਭਰਤੀ ਲਈ ਸੀ-ਪਾਈਟ ਕੈਂਪ ਪੱਟੀ ਵਿਖੇ ਫਿਜੀਕਲ ਟ੍ਰੇਨਿੰਗ ਅਤੇ ਲਿਖਤੀ ਪੇਪਰ ਦੀ ਤਿਆਰੀ ਕਰਵਾਈ ਜਾ ਰਹੀ ਹੈ।

ਇਸ ਸਬੰਧੀ ਸ਼੍ਰੀ ਵਿਕਰਮ ਜੀਤ ਜਿਲ੍ਹਾ ਰੋਜਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਤਰਨ ਤਾਰਨ , ਵੱਲੋਂ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ, ਕਿ ਤਰਨ ਤਾਰਨ ਦੇ ਨੋਜਵਾਨਾਂ ਵਲੋਂ ਹਮੇਸ਼ਾ ਆਰਮੀ ਭਰਤੀ ਵਿੱਚ ਵੱਧ ਚੜ ਕੇ ਭਾਗ ਲਿਆ ਗਿਆ ਹੈ ਅਤੇ ਨੋਜਵਾਨਾਂ ਨੇ ਆਪਣੀ ਸੇਵਾ ਰਾਹੀਂ ਭਾਰਤੀ ਸੈਨਾ ਅਤੇ ਤਰਨ ਤਾਰਨ ਦਾ ਨਾਮ ਹਮੇਸ਼ਾ ਰੋਸ਼ਨ ਕੀਤਾ ਹੈ।

ਜਿਲ੍ਹੇ ਦੇ ਨੋਜਵਾਨਾਂ ਦੇ ਇਸ ਜੱਜਬੇ ਨੂੰ ਸਰ੍ਹਾਂਦੇ ਹੋਏ ਕਿਹਾ ਗਿਆ ਕਿ ਆਰਮੀ ਵਿੱਚ ਭਰਤੀ ਹੋਣ ਦੇ ਚਾਹਵਾਨ ਨੋਜਵਾਨ ਜਿਨ੍ਹਾ ਨੇ ਆਰਮੀ ਦੀ ਭਰਤੀ ਲਈ ਅਪਲਾਈ ਕੀਤਾ ਹੈ, ਉਹ ਨੋਜਵਾਨ ਫਿਜੀਕਲ ਅਤੇ ਲਿਖਤੀ ਪੇਪਰ ਦੀ ਤਿਆਰੀ ਲਈ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਉਰੋ, ਤਰਨ ਤਾਰਨ ਦੇ ਹੈਲਪਲਾਈਨ ਨੰਬਰ 7717397013 ਜਾਂ ਸੀ-ਪਾਈਟ ਕੈਂਪ ਪੱਟੀ ਦੇ ਹੈਲਪਲਾਈਨ ਨੰਬਰਾ 9781891928 ਅਤੇ 9876030372 ਤੇ ਸੰਪਰਕ ਕਰ ਸਕਦੇ ਹਨ।

# ਇੰਦਰਪਾਲ ਸਿੰਘ ਧੰਨਾ ਨੇ ਪੰਜਾਬ ਸੂਚਨਾ ਕਮਿਸ਼ਨ ਵਿੱਚ ਨਵੀਂ ਲਾਇਬ੍ਰੇਰੀ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਸ੍ਰੀ ਇੰਦਰਪਾਲ ਸਿੰਘ ਧੰਨਾ ਨੇ ਅੱਜ ਪੰਜਾਬ ਸੂਚਨਾ ਕਮਿਸ਼ਨ ਵਿੱਚ ਨਵੀਂ ਸਥਾਪਿਤ ਕੀਤੀ ਗਈ ਲਾਇਬ੍ਰੇਰੀ ਦਾ ਉਦਘਾਟਨ ਕੀਤਾਇਸ ਮੌਕੇ ਤੇ ਸੂਚਨਾ ਕਮਿਸ਼ਨਰ ਸ੍ਰੀ ਸੰਦੀਪ ਸਿੰਘ ਧਾਲੀਵਾਲ, ਵਰਿੰਦਰਜੀਤ ਸਿੰਘ ਬਿਲਿੰਗ, ਡਾ. ਭੁਪਿੰਦਰ ਸਿੰਘ ਬਾਥ, ਹਰਪ੍ਰੀਤ ਸੰਧੂ ਅਤੇ ਸ੍ਰੀਮਤੀ ਪੂਜਾ ਗੁਪਤਾ ਵੀ ਮੌਜੂਦ ਸਨ।



ਉਹਨਾਂ ਕਿਹਾ ਕਿ ਲਾਇਬ੍ਰੇਰੀ ਵਿੱਚ ਖਾਸ ਤੌਰ ਤੇ ਪਾਰਦਰਸ਼ਤਾ ਕਾਨੂੰਨਾਂ, ਪ੍ਰਸ਼ਾਸਕੀ ਪ੍ਰਕਿਰਿਆਵਾਂ, ਸ਼ਾਸਨ ਸੁਧਾਰਾਂ ਅਤੇ ਵੱਖ-ਵੱਖ ਸੂਚਨਾ ਕਮਿਸ਼ਨਾਂ ਅਤੇ ਅਦਾਲਤਾਂ ਵੱਲੋਂ ਦਿੱਤੇ ਗਏ ਮਹੱਤਵਪੂਰਨ ਫੈਸਲਿਆਂ ਸੰਬੰਧੀ ਲਿਖਤਾਂ ਮੌਜੂਦ ਹੋਣਗੀਆਂ। ਇਹਨਾਂ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਕਿਤਾਬਾਂ ਉਪਬਲਬਧ ਕਰਵਾਉਣ ਦੀ ਕੋਸਿ ?ਸ਼ ਹੈ ਤਾਂ ਜੋ ਵਿਆਪਕ ਪਾਠਕ ਵਰਗ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇਮੁੱਖ ਸੂਚਨਾ ਕਮਿਸ਼ਨਰ ਸ੍ਰੀ ਇੰਦਰਪਾਲ ਸਿੰਘ ਧੰਨਾ ਨੇ ਲਾਇਬ੍ਰੇਰੀ ਦੀ ਸਥਾਪਨਾ ਵਿੱਚ ਸੂਚਨਾ ਕਮਿਸ਼ਨਰ ਸ੍ਰੀ ਹਰਪ੍ਰੀਤ ਸੰਧੂ ਵਲੋਂ ਪਾਏ ਗਏ ਯੋਗਦਾਨ ਅਤੇ ਇਮਾਨਦਾਰ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਲਾਇਬ੍ਰੇਰੀ ਦੇ ਰੂਪ ਵਿੱਚ ਇਹ ਵਡਮੁੱਲੀ ਸਹੂਲਤ ਸਿਰਫ਼ ਕਮਿਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਹੀ ਨਹੀਂ ਸਗੋਂ ਪਾਰਦਰਸ਼ਤਾ ਸਬੰਧੀ ਮਸਲਿਆਂ ਨੂੰ ਡੂੰਘਾਈ ਨਾਲ ਸਮਝਣ ਜਾਂ ਰੁਚੀ ਰੱਖਣ ਵਾਲੇ ਵਿਦਵਾਨਾਂ,ਖੋਜਾਰਥੀਆਂ ਅਤੇ ਹੋਰਨਾਂ ਲਈ ਵੀ ਇੱਕ ਅਹਿਮ ਸਰੋਤ ਕੇਂਦਰ ਵਜੋਂ ਕੰਮ ਕਰੇਗੀ।

# ਗ੍ਰਿਫਤਾਰ ਕੀਤੇ ਗਏ ਕਿਸਾਨਾਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਜਥੇਬੰਦੀ ਲਵੇਗੀ ਸਖ਼ਤ ਐਕਸ਼ਨ - ਜਗਜੀਤ ਸਿੰਘ ਡੱਲੇਵਾਲ

**ਫਰੀਦਕੋਟ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਲੋਕਾਂ ਦਾ ਸੰਵਿਧਾਨਕ ਹੱਕ ਹੈ ਅਤੇ ਉਹ ਆਪਣੇ ਹੱਕਾਂ ਨੂੰ ਲੈਕੇ ਸੰਘਰਸ਼ ਕਰ ਸਕਦੇ ਹਨ ਜਿਸ ਦੀ ਇਜਾਜ਼ਤ ਸਾਨੂੰ ਸਾਡੇ ਦੇਸ਼ ਦਾ ਸੰਵਿਧਾਨ ਦਿੰਦਾ ਹੈ। ਓਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਘਰ ਵਿੱਚ ਕੈਦ ਕਰਕੇ ਰੱਖਣਾ ਸਰਕਾਰ ਦਾ ਅਤਿ ਨਿੰਦਣਯੋਗ ਕਦਮ ਹੈ ਅਤੇ ਪਿੰਡ ਡੱਲੇਵਾਲ ਵਿਖੇ ਚੱਲ ਰਹੇ ਕਿਸਾਨਾਂ ਦੇ ਮੋਰਚੇ ਵਿੱਚ ਵੀ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਸ਼ਾਮਲ ਨਹੀਂ ਹੋਣ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਉਹ ਕਿਸਾਨ ਆਗੂ ਹੋਣ ਦੇ ਨਾਲ ਨਾਲ ਇੱਕ ਅਮ੍ਰਿਤਧਾਰੀ ਸਿੱਖ ਵੀ ਹਨ ਅਤੇ ਉਹ ਰੋਜ਼ਾਨਾ ਨਿੱਤ ਨੇਮ ਵਜੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੇ ਹਨ ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਉਹਨਾਂ ਨੂੰ ਗੁਰਦੁਆਰਾ ਸਾਹਿਬ ਤੱਕ ਵੀ ਨਾ ਜਾਣ ਦਿੱਤਾ ਜਾਣਾ ਇਸ ਤੋਂ ਵੀ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕਿਸਾਨਾਂ ਨਾਲ ਧੱਕੇਸ਼ਾਹੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਤੇ ਬਣਦੀ ਕਾਰਵਾਈ ਕਰਨ ਦੀ ਬਜਾਏ ਅਤੇ ਕਿਸਾਨਾਂ ਨਾਲ ਬਾਰਡਰਾਂ ਤੇ ਹੋਈ ਧੱਕੇਸ਼ਾਹੀ ਦਾ ਇਨਸਾਫ ਦੇਣ ਦੀ ਬਜਾਏ ਕਿਸਾਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਕਦੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਬੈਠ ਕੇ ਗੱਲਬਾਤ ਕਰਨ ਅਤੇ ਇਨਸਾਫ਼ ਦੇਣ ਦੀ ਗੱਲ ਕਰਨ ਦੀ ਬਜਾਏ ਕਿਸਾਨ ਆਗੂਆਂ ਨੂੰ ਆਪਣੇ ਘਰਾਂ ਵਿੱਚ ਕੈਦ ਕਰਨਾ ਬਹੁਤ ਮੰਦਭਾਗਾ ਹੈ।

# ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇਸਤਰੀਆਂ), ਮੋਰਿੰਡਾ ਵਿਖੇ ਪਲੇਸਮੈਂਟ ਕੈਂਪ 'ਚ 132 ਉਮੀਦਵਾਰਾਂ ਦੀ ਚੋਣ

**ਮੋਰਿੰਡਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੀ ਲੜੀ ਤਹਿਤ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੂਪਨਗਰ ਵੱਲੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇਸਤਰੀਆਂ), ਮੋਰਿੰਡਾ ਵਿਖੇ ਬਲਦੀਸ਼ ਕੌਰ, ਪ੍ਰਿੰਸੀਪਲ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਮੋਰਿੰਡਾ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ।



ਇਸ ਕੈਂਪ ਵਿੱਚ ਸ੍ਰੀ ਸੁਖਪਾਲ ਸਿੰਘ, ਉਪ ਮੰਡਲ ਮੈਜਿਸਟ੍ਰੇਟ, ਮੋਰਿੰਡਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਵੱਲੋਂ ਕੈਂਪ ਵਿੱਚ ਸ਼ਾਮਲ ਸਮੂਹ ਨਿਯੋਜਕਾਂ ਦੇ ਨੁਮਾਇੰਦਿਆਂ ਨਾਲ ਗੱਲ-ਬਾਤ ਕੀਤੀ ਗਈ ਅਤੇ ਅਸਾਮੀਆਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਪਲੇਸਮੈਂਟ ਕੈਂਪ ਵਿੱਚ ਹਾਜ਼ਰ ਉਮੀਦਵਾਰਾ ਨੂੰ ਸੰਬੋਧਨ ਕੀਤਾ।

ਉਮੀਦਵਾਰਾਂ ਨੂੰ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਕੰਮ ਕੋਈ ਵੀ ਵੱਡਾ ਜਾਂ ਛੋਟਾ ਨਹੀਂ ਹੁੰਦਾ। ਸਾਨੂੰ ਮੌਕੇ ਦਾ ਲਾਭ ਲੈਣਾ ਚਾਹੀਦਾ ਹੈ ਅਤੇ ਉਪਲੱਬਧ ਅਸਾਮੀਆਂ ਲਈ ਜ਼ਰੂਰ ਇੰਟਰਵਿਊ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਹਰ ਖੇਤਰ ਵਿੱਚ ਉਪਲੱਬਧੀਆਂ ਹਾਸਲ ਕਰ ਰਹੀਆਂ ਹਨ, ਇਸਦਾ ਸਾਨੂੰ ਮਾਣ ਹੈ। ਜੇਕਰ ਅਸੀਂ ਲਗਨ ਅਤੇ ਮੇਹਨਤ ਨਾਲ ਕੰਮ ਕਰਾਂਗੇ ਤਾਂ ਸਾਨੂੰ ਜ਼ਰੂਰ ਸਫਲਤਾ ਹਾਸਲ ਹੋਵੇਗੀ। ਉਨ੍ਹਾਂ ਸਮੂਹ ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਚੁਣੇ ਜਾਣ ਲਈ ਸ਼ੁਭ ਕਾਮਨਾਵਾਂ ਵੀ ਦਿੱਤੀਆਂ।

ਇਸ ਕੈਂਪ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਪ੍ਰਭਜੋਤ ਸਿੰਘ, ਜਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਰੂਪਨਗਰ ਨੇ ਦੱਸਿਆ ਕਿ ਇਸ ਕੈਂਪ ਵਿੱਚ 12 ਪ੍ਰਾਈਵੇਟ ਨਾਮੀ ਕੰਪਨੀਆਂ ਵੱਲੋਂ ਭਾਗ ਲਿਆ ਗਿਆ।

ਇਸ ਕੈਂਪ ਵਿੱਚ ਚੀਮਾ ਬੁਆਇਲਰਜ਼, ਪ੍ਰੋਮਾਰਕ, ਸਵਰਾਜ਼, ਆਰ.ਐਸ.ਮੈਨਪਾਵਰ, ਏਜ਼ਾਈਲ ਹਰਬਲ, ਯੂਨੀਵਰਸਲ ਇੰਟਰਨੈਸ਼ਨਲ, ਅਲੀਨਾ ਆਟੋ, ਸ਼ੇਪਹਾਇਰ ਫੂਡਜ਼ ਇੰਡੀਆ ਲਿਮ: ਐਸ.ਬੀ.ਐਸ ਗਰੁੱਪ ਅਤੇ ਵਰਧਮਾਨ ਆਦਿ ਕੰਪਨੀਆਂ ਵੱਲੋਂ ਭਾਗ ਲਿਆ ਗਿਆ।

ਇਨ੍ਹਾਂ ਕੰਪਨੀਆਂ ਵੱਲੋਂ ਡਾਟਾ ਐਂਟਰੀ ਓਪ੍ਰੇਟਰ, ਸੈਂਪਲਿੰਗ ਟੇਲਰ, ਮੈਨੇਜਰ, ਸਹਾਇਕ ਮੈਨੇਜਰ, ਐਚ.ਆਰ ਐਡਮਿਨ, ਐਚ.ਆਰ ਰੈਕਰਿਊਟਰ, ਐਚ.ਆਰ ਅਕਾਊਂਟੈਂਟ, ਟੈਲੀਕਾਲਰ, ਡਲਿਵਰੀ ਐਗਜ਼ੀਕਿਊਟਿਵ ਅਤੇ ਅਪ੍ਰੈਂਟਿਸ ਆਦਿ ਅਸਾਮੀਆਂ ਲਈ ਇੰਟਰਵਿਊ ਲਈ ਗਈ। ਇਸ ਕੈਂਪ ਵਿੱਚ ਸੀਵਿੰਗ ਟੈਕਨਾਲਜੀ, ਕਢਾਈ, ਕੰਪਿਊਟਰ ਆਪ੍ਰੇਟਰ, ਬੇਸਿਕ ਕਾਸਮੇਟੌਲਜੀ ਆਦਿ ਟ੍ਰੇਡਾਂ ਅਤੇ ਹੋਰ ਵਿੱਦਿਅਕ ਯੋਗਤਾਵਾਂ ਨਾਲ ਸਬੰਧਤ ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ।

ਮੀਨਾਕਸ਼ੀ ਬੇਦੀ, ਪਲੇਸਮੈਂਟ ਅਫਸਰ ਨੇ ਦੱਸਿਆ ਕਿ ਇਸ ਕੈਂਪ ਵਿੱਚ 260 ਉਮੀਦਵਾਰਾਂ ਨੇ ਭਾਗ ਲਿਆ ਅਤੇ 132 ਉਮੀਦਵਾਰਾਂ ਦੀ ਮੌਕੇ ਤੇ ਚੋਣ ਹੋਈ। ਚੁਣੇ ਗਏ ਉਮੀਦਵਾਰਾਂ ਦੀ ਨੌਕਰੀ ਦਾ ਸਥਾਨ ਮੋਰਿੰਡਾ, ਖਰੜ, ਮੋਹਾਲੀ ਅਤੇ ਬੱਦੀ ਹੈ।

ਇਸ ਮੌਕੇ ਜਸਵੀਰ ਸਿੰਘ, ਕੈਰੀਅਰ ਕਾਊਂਸਲਰ, ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੂਪਨਗਰ, ਕੰਚਨ ਪਾਂਡੇ, ਯੰਗ ਪ੍ਰੋਫੈਸ਼ਨਲ, ਐਮ.ਸੀ.ਸੀ, ਰੂਪਨਗਰ, ਅਤੇ ਆਈ.ਟੀ.ਆਈ, ਮੋਰਿੰਡਾ ਦੇ ਸਟਾਫ ਲਵਜੋਤ ਸਿੰਘ, ਇੰਸਟਰਕਟਰ, ਅੰਜੂ ਸ਼ਰਮਾ, ਪਲੇਸਮੈਂਟ ਇੰਚਾਰਜ, ਰਵਿੰਦਰਜੀਤ ਸਿੰਘ, ਜੂਨੀਅਰ ਸਹਾਇਕ ਵੱਲੋਂ ਕੈਂਪ ਦੇ ਸੁੱਚੱਜੇ ਪ੍ਰਬੰਧਾਂ ਲਈ ਬਹੁਮੁੱਲਾ ਯੋਗਦਾਨ ਪਾਇਆ ਗਿਆ।

# ਪਹਿਲ ਪ੍ਰੋਜੈਕਟ ਤਹਿਤ ਆਰਸੈਟੀ ਰੰਗੀਲਪੁਰ ਵਿਖੇ ਸਿਲਾਈ ਦਾ ਬੈਚ ਲਗਾਇਆ ਗਿਆ

**ਰੂਪਨਗਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਵੈ ਰੁਜ਼ਗਾਰ ਨੂੰ ਪ੍ਰਾਪਤ ਕਰਵਾਉਣ ਦੇ ਮਕਸਦ ਤਹਿਤ ਪਹਿਲ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ ਜਿਸ ਤਹਿਤ ਅੱਜ 30 ਮਹਿਲਾਵਾਂ ਵੱਲੋਂ ਆਰਸੈਟੀ ਰੰਗੀਲਪੁਰ ਵਿਖੇ ਸਿਲਾਈ ਦੀ ਟ੍ਰੇਨਿੰਗ ਪ੍ਰਾਪਤ ਕੀਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਆਰਸੈਟੀ ਰੋਪੜ ਡਾਇਰੈਕਟਰ ਜੀ.ਐਸ ਰੈਨੀ ਨੇ ਦੱਸਿਆ ਕਿ ਆਰਸੈਟੀ ਰੰਗੀਲਪੁਰ ਵਿਖੇ 30 ਦਿਨਾਂ ਦਾ ਸਿਲਾਈ ਕੋਰਸ ਸ਼ੁਰੂ ਕੀਤਾ ਗਿਆ ਸੀ ਜਿਸ ਵਿਚ 30 ਦੇ ਕਰੀਬ ਮਹਿਲਾਵਾਂ ਵਲੋਂ ਸਿਖਲਾਈ ਪ੍ਰਾਪਤ ਕੀਤੀ ਗਈ। ਸਿਖਲਾਈ ਉਪਰੰਤ ਸਰਕਾਰੀ ਸਕੂਲ ਦੀਆਂ ਵਰਦੀਆਂ ਇਹਨਾਂ ਮਹਿਲਾਵਾਂ ਵੱਲੋਂ ਤਿਆਰ ਕੀਤੀਆਂ ਜਾਣਗੀਆਂ ਅਤੇ ਉਹ ਆਪਣਾ ਸਵੈ ਰੁਜ਼ਗਾਰ ਵੀ ਸ਼ੁਰੂ ਕਰ ਸਕਦੀਆਂ ਹਨ।

# ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਨੇ ਨੰਗਲ ਸ਼ਹਿਰ ਦੀਆਂ ਸੰਵੇਦਨਸ਼ੀਲ ਥਾਵਾਂ ਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ

**ਨੰਗਲ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਤਹਿਤ ਜ਼ਿਲ੍ਹਾ ਰੂਪਨਗਰ ਦੇ ਨੰਗਲ ਸ਼ਹਿਰ ਦੀਆਂ ਸੰਵੇਦਨਸ਼ੀਲ ਥਾਵਾਂ ਉੱਤੇ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਸਿੰਘ ਵਾਲੀਆ ਅਤੇ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਸ਼੍ਰੀ ਸੁਭਮ ਅਗਰਵਾਲ ਨੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ।



ਇਸ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਵਿੱਚ ਕੇਵਲ ਨੰਗਲ ਸ਼ਹਿਰ ਦੀ ਹੱਦ ਅੰਦਰ ਰਾਤ 8 ਵਜੇ ਤੋ ਲੈਕੇ 8:10 ਤੱਕ ਆਮ ਲੋਕਾਂ ਦੀ ਸੁਰੱਖਿਆਂ ਨੂੰ ਯਕੀਨੀ ਕਰਨ ਲਈ ਮੌਕ ਡਰਿੱਲ (ਅਭਿਆਸ) ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਦਾ ਉਦੇਸ਼ ਐਮਰਜੈਂਸੀ ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਅਭਿਆਸ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋਣ।

ਉਨ੍ਹਾਂ ਕਿਹਾ ਕਿ ਅੱਜ ਸਵੇਰੇ ਸਿਵਲ ਡੀਫੈਂਸ ਵੱਲੋਂ ਡੀਏਵੀ ਸਕੂਲ ਨੰਗਲ ਵਿੱਚ ਵਿਦਿਆਰਥੀਆਂ ਦੀ ਮੌਕ ਡਰਿੱਲ ਕੀਤੀ ਗਈ ਅਤੇ ਐਮਰਜੈਂਸੀ ਸੇਵਾਵਾਂ ਨਾਲ ਨਜਿੱਠਣ ਲਈ ਜਾਗਰੂਕ ਕੀਤਾ ਗਿਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਮ ਲੋਕਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਜਿਸ ਲਈ ਕਿਸੇ ਨੂੰ ਵੀ ਘਬਰਾਉਣ ਦੀ ਜ਼ਰੂਰਤ ਨਹੀਂ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੀਬੀਐੱਮਬੀ ਤੇ ਐਨਐਫਐਲ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਸੁਰੱਖਿਆ ਸੰਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੀਬੀਐੱਮਬੀ ਦੀ ਮੀਟਿੰਗ ਦੌਰਾਨ ਚੀਫ਼ ਇੰਜੀਨੀਅਰ ਚਰਨਪ੍ਰੀਤ ਸਿੰਘ ਅਤੇ ਡਿਪਟੀ ਡਾਇਰੈਕਟਰ ਸੁਰੱਖਿਆ ਓਮ ਵੀਰ ਸਿੰਘ ਨੂੰ ਸੁਰੱਖਿਆ ਸਬੰਧੀ ਕੀਤੀ ਜਾਣ ਵਾਲੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਅਤੇ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਸਖਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ।

ਇਸ ਉਪਰੰਤ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਵੱਲੋਂ ਬੀਬੀਐਮਬੀ ਦੇ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਨੰਗਲ ਡੈਮ ਦਾ ਦੌਰਾ ਕੀਤਾ ਗਿਆ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਅਤੇ ਐੱਸਐੱਸਪੀ ਵੱਲੋਂ ਨੈਸ਼ਨਲ ਫਰਟੀਲਾਈਜ਼ਰ ਲਿਮਟਡ (ਐਨਐੱਫਐਲ) ਨੰਗਲ ਦਾ ਵੀ ਵਿਸਥਾਰ ਨਾਲ ਦੌਰਾ ਕੀਤਾ ਗਿਆ ਅਤੇ ਮੌਕੇ ਉੱਤੇ ਜਾ ਕੇ ਚੀਫ਼ ਜਨਰਲ ਮੈਨੇਜਰ ਐਮ.ਐਨ. ਗੋਇਲ ਨੂੰ ਐਨਐੱਫਐਲ ਦੇ ਬਾਹਰਲੇ ਇਲਾਕੇ ਨੂੰ ਕਵਰ ਕਰਨ ਲਈ ਹੋਰ ਸੀਸੀਟੀਵੀ ਕੈਮਰੇ ਲਗਾਉਣ ਲਈ ਕਿਹਾ ਗਿਆ ਅਤੇ ਮੌਕ ਡਰਿੱਲ ਦੌਰਾਨ ਇਕੋਂ ਹੀ ਸਮੇਂ ਵਿੱਚ ਲਾਈਟਾਂ ਅਤੇ ਪਲਾਂਟ ਨੂੰ ਮੁਕੰਮਲ ਤੌਰ ਨੂੰ ਬੰਦ ਕਰਨ ਬਾਰੇ ਕੀਤੇ ਗਏ ਪ੍ਰਬੰਧਾਂ ਦੀ ਜਾਂਚ ਕੀਤੀ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਐਨ ਐਫ ਐਲ ਦੇ ਇਲਾਕੇ ਨੂੰ ਨੋ ਫਲਾਈ ਜ਼ੋਨ ਘੋਸ਼ਿਤ ਕੀਤਾ ਗਿਆ ਹੈ ਅਤੇ ਇਸ ਦੀ ਸਖਤੀ ਨਾਲ ਪਾਲਣਾ ਕਰਨ ਲਈ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ।

ਧਰਤੁ ਸੁਹਾਵੀ ਤਾਲ ਸੁਹਾਵਾ

*ਬਾਸਮਤੀ ਉੱਪਰ ਹਮਲਾ ਕਰਨ ਵਾਲੇ ਝੰਡਾ ਰੋਗ ਜਾਂ ਜੜ੍ਹਾਂ ਦੇ ਗਾਲੇ ਦੀ ਰੋਕਥਾਮ ਲਈ ਸਭ ਤੋਂ ਅਹਿਮ ਉਪਾਅ ਇਹੀ ਹੈ ਕਿ ਪਨੀਰੀ ਦੀ ਬਿਜਾਈ ਵੇਲੇ ਬੀਜਾਂ ਨੂੰ ਸੋਧ ਕੇ ਬੀਜਿਆ ਜਾਵੇ...*



# ਘਾਤਕ ਹੋ ਸਕਦਾ ਹੈ ਬਾਸਮਤੀ ਦਾ ਝੰਡਾ ਰੋਗ

• ਨਰਿੰਦਰ ਸਿੰਘ, ਦਲਜੀਤ ਸਿੰਘ ਬੁੱਟਰ

ਬਾਸਮਤੀ ਖ਼ਾਸ ਸੁਗੰਧ ਪੈਦਾ ਕਰਨ ਵਾਲੀ ਚੌਲਾਂ ਜਾਂ ਝੋਨੇ ਦੀ ਇਕ ਕਿਸਮ ਹੈ। ਇਹ ਭਾਰਤੀ ਖੇਤਰ ਲਈ ਕੁਦਰਤ ਦੀ ਇਕ ਦੇਣ ਹੈ। ਇਸ ਕਿਸਮ ਦੇ ਚੌਲ ਲੰਬੇ, ਆਸਾਨੀ ਨਾਲ ਪੱਕਣ ਤੇ ਫੁੱਲਣ ਵਾਲੇ ਹੁੰਦੇ ਹਨ। ਇਨ੍ਹਾਂ ਗੁਣਾਂ ਕਰਕੇ ਹੀ ਬਾਸਮਤੀ ਦਾ ਭਾਰਤੀ ਤੇ ਅੰਤਰਰਾਸ਼ਟਰੀ ਮੰਡੀ 'ਚ ਆਮ ਝੋਨੇ ਨਾਲੋਂ ਕਰੀਬ ਤਿੰਨ ਗੁਣਾਂ ਜ਼ਿਆਦਾ ਮੁੱਲ ਪੈਂਦਾ ਹੈ। ਭਾਰਤ ਬਾਸਮਤੀ ਦੀ ਬਰਾਮਦ ਕਰਨ ਵਾਲਾ ਮੁੱਖ ਦੇਸ਼ ਹੈ। ਭਾਰਤ ਨੇ 2015-16 ਵਿਚ 40.45 ਲੱਖ ਟਨ ਬਾਸਮਤੀ ਐਕਸਪੋਰਟ ਕੀਤੀ। ਪੰਜਾਬ 'ਚ 2015-16 ਵਿਚ ਬਾਸਮਤੀ ਹੇਠ 7.63 ਲੱਖ ਹੈਕਟੇਅਰ ਰਕਬਾ ਸੀ ਤੇ ਇਸ ਦੀ 30.80 ਲੱਖ ਟਨ ਪੈਦਾਵਾਰ ਹੋਈ। ਬਾਸਮਤੀ ਦੀ ਪੈਦਾਵਾਰ ਨੂੰ ਕੁਝ ਗੰਭੀਰ ਰੋਗ ਭਾਰੀ ਸੱਟ ਮਾਰਦੇ ਹਨ।

## ਝੰਡਾ ਰੋਗ ਜਾਂ ਪੈਰਾਂ ਦਾ ਗਲਣ

ਬਾਸਮਤੀ ਨੂੰ ਇਹ ਰੋਗ ਇਕ ਖ਼ਾਸ ਉੱਲੀ ਜਿਬਰੈਲਾ ਫੂਜੀਕੋਰਾਈ (ਫੂਜ਼ੇਰੀਅਮ ਮੋਨੀਲੀਫਾਰਮੀ) ਨਾਲ ਹੁੰਦਾ ਹੈ। ਪੰਜਾਬ ਵਿਚ ਬਾਸਮਤੀ ਦੀਆਂ ਕਿਸਮਾਂ ਪੂਸਾ-1121 ਤੇ ਪੂਸਾ 1509 ਲਗਾਉਣ ਕਾਰਨ ਇਹ ਰੋਗ ਖ਼ਤਰੇ ਦੀ ਘੰਟੀ ਬਣ ਕੇ ਪ੍ਰਗਟ ਹੋ ਰਿਹਾ ਹੈ। ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੈ। ਇਸ ਰੋਗ ਦਾ ਜੀਵਾਣੂ ਬਾਸਮਤੀ ਦਾ ਝਾੜ ਘਟਾਉਣ ਤੋਂ ਇਲਾਵਾ ਮਾਈਕੋਟਾਕਸਿਨ (ਜ਼ਹਿਰੀਲਾ ਮਾਦਾ) ਪੈਦਾ ਕਰਦਾ ਹੈ, ਜਿਹੜਾ ਮਨੁੱਖਾਂ ਤੇ ਜਾਨਵਰਾਂ ਦੀ ਸਿਹਤ ਲਈ ਵੱਡਾ ਖ਼ਤਰਾ ਹੈ। ਇਸ ਰੋਗ ਨੂੰ ਪੈਦਾ ਕਰਨ ਵਾਲੀ ਉੱਲੀ ਫੂਜ਼ੇਰੀਅਮ ਮੋਨੀਲੀਫਾਰਮੀ ਦੇ ਕਣ ਬੀਜ ਅਤੇ ਮਿੱਟੀ ਰਾਹੀਂ ਫੈਲਦੇ ਹਨ, ਜਿਹੜੇ ਕਿ ਪਨੀਰੀ ਅਤੇ ਦਾਣੇ ਦੇ ਪੁੰਗਰਨ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲਗਦੇ ਤਣੇ ਰਾਹੀਂ ਪੌਦੇ ਤਕ ਪਹੁੰਚਦੇ ਹਨ। ਇਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਤੇ ਥੱਲੇ ਤੋਂ ਉੱਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਦੂਜਿਆਂ ਨਾਲੋਂ ਉੱਚੇ ਹੁੰਦੇ ਹਨ ਤੇ ਜ਼ਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ। ਪੌਦੇ ਦੇ ਤਣੇ 'ਤੇ ਗੁਲਾਬੀ ਰੰਗ ਦੀ ਇਹ ਉੱਲੀ ਵੇਖੀ ਜਾ ਸਕਦੀ ਹੈ।

> ਭਾਰਤ ਨੇ 2015-16 ਵਿਚ **40.45 ਲੱਖ ਟਨ** ਬਾਸਮਤੀ ਐਕਸਪੋਰਟ ਕੀਤੀ

## ਮਧਰੀਆਂ ਫ਼ਸਲਾਂ ਮੁੱਖ ਸ਼ਿਕਾਰ

ਇਹ ਬਿਮਾਰੀ ਬਾਸਮਤੀ ਦੀਆਂ ਮਧਰੀਆਂ ਕਿਸਮਾਂ ਦੀ ਪੰਜਾਬ ਵਿਚ ਖੇਤੀ ਕਰਨ ਕਰਕੇ ਹਰ ਸਾਲ ਆਉਂਦੀ ਹੈ ਤੇ ਬਾਸਮਤੀ ਦੇ ਨੁਕਸਾਨ ਦਾ ਮੁੱਖ ਕਾਰਨ ਬਣ ਰਹੀ ਹੈ। ਸਾਲ 2015-16 ਦੌਰਾਨ ਪੈਰਾਂ ਦੇ ਰੋਗ ਦਾ ਮੁੱਖ ਹਮਲਾ ਨਾਮਾਤਰ ਤੋਂ 75 ਫ਼ੀਸਦੀ ਤਕ ਵੇਖਿਆ ਗਿਆ। ਇਹ ਹਮਲਾ ਜ਼ਿਆਦਾਤਰ ਫ਼ਰੀਦਕੋਟ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਹੋਇਆ। ਤੇ ਇਸ ਰੋਗ 'ਤੇ ਸਮਾਂ ਰਹਿੰਦਿਆਂ ਕਾਬੂ ਨਾ ਪਾਇਆ ਜਾਵੇ ਤਾਂ ਇਹ ਬਾਸਮਤੀ ਦੇ ਝਾੜ ਨੂੰ ਬਹੁਤ ਘਟਾ ਦਿੰਦਾ ਹੈ।

ਮੋਬਾਈਲ 94179-85081

### ਰੋਕਥਾਮ ਲਈ ਜ਼ਰੂਰੀ ਨੁਕਤੇ

- ਰੋਗ ਰਹਿਤ ਬੀਜ ਵਰਤੋ।
- ਬੀਜਣ ਤੋਂ ਪਹਿਲਾਂ ਬੀਜ ਨੂੰ ਬਾਵਿਸਟਨ 50 ਡਬਲਯੂਪੀ 0.2 ਫ਼ੀਸਦੀ (20 ਗ੍ਰਾਮ)+ਸਟਰੈਪਟੋਸਾਈਕਲੀਨ 0.01 ਫ਼ੀਸਦੀ (ਇਕ ਗ੍ਰਾਮ) 10 ਲਿਟਰ ਪਾਣੀ ਘੋਲ ਦੇ ਵਿਚ 12 ਘੰਟੇ ਲਈ ਡੋਬ ਸੋਧ ਲਵੋ।
- ਪਨੀਰੀ ਨੂੰ ਖੇਤ ਵਿਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਬਾਵਿਸਟਨ 50 ਡਬਲਯੂਪੀ (0.2 ਫ਼ੀਸਦੀ) ਦੇ ਘੋਲ ਵਿਚ 6 ਘੰਟੇ ਲਈ ਡੋਬ ਕੇ ਰੱਖੋ ਜਾਂ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ 0.05 ਫ਼ੀਸਦੀ (5 ਗ੍ਰਾਮ)+ਸਟਰੈਪਟੋਸਾਈਕਲੀਨ 0.01 ਫ਼ੀਸਦੀ (ਇਕ ਗ੍ਰਾਮ) 10 ਲਿਟਰ ਪਾਣੀ ਵਿਚ 12 ਘੰਟੇ ਲਈ ਡੋਬ ਲਓ। ਇਸ ਤੋਂ ਇਲਾਵਾ ਬੀਜਣ ਤੋਂ ਪਹਿਲਾਂ ਟਰਾਈਕੋਡਰਮਾ ਹਰਜ਼ੀਐਨਮ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਓ। ਪਨੀਰੀ ਨੂੰ ਖੇਤ ਵਿਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ ਟਰਾਈਕੋਡਰਮਾ ਹਾਰਜ਼ੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿਚ 6 ਘੰਟੇ ਲਈ ਡੋਬ ਕੇ ਰੱਖੋ।
- ਬਿਮਾਰੀ ਵਾਲੇ ਬੂਟਿਆਂ ਨੂੰ ਪਨੀਰੀ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਵੋ।
- ਬੀਜ ਰੱਖਣ ਵਾਲੀ ਫ਼ਸਲ ਤੇ ਬਿਮਾਰੀ ਰਹਿਤ ਬੀਜ ਪੈਦਾ ਕਰਨ ਲਈ ਟਿਲਟ 25 ਈਸੀ 200 ਮਿਲੀਲਿਟਰ ਨੂੰ 200 ਲਿਟਰ ਪਾਣੀ 'ਚ ਘੋਲ ਕੇ ਫ਼ਸਲ ਦੇ ਨਿਸਰਣ ਸਮੇਂ ਛਿੜਕਾਅ ਕਰੋ।

---

*ਨੀਮ ਕੋਟਿਡ ਯੂਰੀਆ ਦੀ ਵਰਤੋਂ ਨਾਲ ਨਾਈਟਰੇਟ ਦੇ ਜ਼ਮੀਨਦੋਜ਼ ਪਾਣੀ 'ਚ ਮਿਲ ਜਾਣਾ ਤੇ ਨਾਈਟਰੇਟ ਗੈਸ ਬਣ ਕੇ ਹਵਾ ਵਿਚ ਉੱਡ ਜਾਣ ਨੂੰ ਕਾਫੀ ਘਟਾਇਆ ਜਾ ਸਕਦਾ ਹੈ...*

# ਫਸਲਾਂ ਦੇ ਝਾੜ 'ਚ ਨੀਮ ਕੋਟਿਡ ਯੂਰੀਆ ਦੀ ਭੂਮਿਕਾ



• ਰਾਜੀਵ ਕੁਮਾਰ ਗੁਪਤਾ, ਓਂਕਾਰ ਸਿੰਘ

ਫ਼ਸਲਾਂ ਦੇ ਵਾਧੇ ਲਈ ਹਵਾ, ਪਾਣੀ, ਧੁੱਪ, ਤਾਪਮਾਨ ਤੇ ਜੜ੍ਹਾਂ ਲਈ ਸਹਾਰੇ ਤੋਂ ਇਲਾਵਾ ਕੁਝ ਜ਼ਰੂਰੀ ਤੱਤਾਂ ਦੀ ਲੋੜ ਹੁੰਦੀ ਹੈ। ਹਰ ਬੂਟਾ ਆਪਣੇ ਵਾਧੇ ਲਈ ਜ਼ਮੀਨ 'ਚੋਂ ਤੱਤ ਪ੍ਰਾਪਤ ਕਰਦਾ ਹੈ। 90 ਤੋਂ ਵੱਧ ਤੱਤ ਪੌਦਿਆਂ ਦੀ ਰਾਖ ਵਿਚ ਮਿਲਦੇ ਹਨ ਪਰ ਇਹ ਸਾਰੇ ਤੱਤ ਜ਼ਰੂਰੀ ਤੱਤ ਨਹੀਂ ਹੁੰਦੇ। ਹੁਣ ਤਕ ਵਿਗਿਆਨੀਆਂ ਨੇ ਇਨ੍ਹਾਂ 'ਚੋਂ ਸਿਰਫ਼ 17 ਤੱਤਾਂ ਨੂੰ ਖ਼ੁਰਾਕੀ ਤੱਤਾਂ ਦਾ ਦਰਜਾ ਦਿੱਤਾ ਹੈ। ਪਰ ਨਾਈਟਰੋਜਨ ਸਭ ਤੋਂ ਜ਼ਿਆਦਾ ਮਾਤਰਾ ਵਿਚ ਲਈ ਜਾਂਦੀ ਹੈ। ਭਾਰਤ 'ਚ ਵਰਤੀ ਜਾਣ ਵਾਲੀ ਕੁੱਲ ਨਾਈਟਰੋਜਨ ਖਾਦ ਦਾ 82 ਫ਼ੀਸਦੀ ਹਿੱਸਾ ਯੂਰੀਆ ਖਾਦ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਸ 'ਚ ਨਾਈਟਰੋਜਨ ਦੀ ਮਾਤਰਾ 46 ਫ਼ੀਸਦੀ ਹੁੰਦੀ ਹੈ।

## ਨਿੰਮ ਦੇ ਤੇਲ ਵਾਲੇ ਯੂਰੀਆ ਦਾ ਘੁਲਣ ਕਿਰਿਆ 'ਤੇ ਅਸਰ

ਨਿੰਮ ਦੇ ਬੀਜਾਂ ਤੋਂ ਤੇਲ ਕੱਢਣ ਮਗਰੋਂ ਬਚੀ ਖਲ 'ਚ ਕੁਝ ਅਜਿਹੇ ਗੁਣ ਹੁੰਦੇ ਹਨ ਜਿਹੜੇ ਯੂਰੀਆ ਤੋਂ ਅਮੋਨੀਆ ਵਾਲੀ ਨਾਈਟਰੋਜਨ ਨੂੰ ਅੱਗੋਂ ਨਾਈਟਰੇਟ ਵਾਲੀ ਨਾਈਟਰੋਜਨ ਬਣਨ ਦੀ ਕਿਰਿਆ ਨੂੰ ਕਾਫ਼ੀ ਮੱਧਮ (ਚਾਰ ਤੋਂ ਦਸ ਹਫ਼ਤੇ) ਕਰ ਦਿੰਦੇ ਹਨ। ਇਸ ਦੀ ਵਰਤੋਂ ਨਾਲ ਨਾਈਟਰੇਟ ਦੇ ਜੜ੍ਹਾਂ ਦੀ ਪਕੜ ਤੋਂ ਹੇਠਾਂ ਪਾਣੀ ਵਿਚ ਮਿਲ ਜਾਣਾ ਤੇ ਨਾਈਟਰੇਟ ਗੈਸ ਬਣ ਕੇ ਹਵਾ ਵਿਚ ਉੱਡ ਜਾਣ ਨੂੰ ਕਾਫੀ ਘਟਾਇਆ ਜਾ ਸਕਦਾ ਹੈ। ਨਿੰਮ ਲਿਪਤ ਯੂਰੀਆ ਨੂੰ ਬਣਾਏ ਜਾਣ ਤੋਂ ਬਾਅਦ ਦੇਸ਼ ਵਿਚ ਵੱਖ ਵੱਖ ਥਾਵਾਂ 'ਤੇ ਵੱਡੀ ਗਿਣਤੀ ਵਿਚ ਇਸ ਦੇ ਤਜਰਬੇ ਕੀਤੇ ਗਏ। ਨਿੰਮ ਲਿਪਤ (ਨੀਮ ਕੋਟਿਡ) ਖਾਦ ਤੇ ਆਮ ਯੂਰੀਆ ਖਾਦ ਨੂੰ ਇੱਕੋ ਜਿਹੀ ਮਾਤਰਾ 'ਚ ਕਈ ਫ਼ਸਲਾਂ ਵਿਚ ਪਾਇਆ ਗਿਆ। ਗੰਨੇ ਵਿਚ ਨਿੰਮ ਲਿਪਤ ਯੂਰੀਆ ਪਾਉਣ ਨਾਲ 8.7 ਫ਼ੀਸਦੀ, ਨਰਮੇ ਵਿਚ 4.3 ਫ਼ੀਸਦੀ, ਝੋਨੇ ਅਤੇ ਕਣਕ ਵਿਚ 5 ਤੋਂ 6 ਫ਼ੀਸਦੀ ਝਾੜ ਦਾ ਵਾਧਾ ਦਰਜ ਕੀਤਾ ਗਿਆ। ਇਸ ਤੋਂ ਬਾਅਦ ਦੇਸ਼ ਵਿਚ ਵੱਖ-ਵੱਖ ਖੋਜ ਸੰਸਥਾਵਾਂ, ਜਿਵੇਂ ਆਈਏਆਰਆਈ ਨਵੀਂ ਦਿਲੀ, ਕੋਇੰਬਟੂਰ, ਸਮਸਤੀਪੁਰ, ਪੰਤਨਗਰ, ਢੋਲੀ, ਪੂਸਾ, ਕਾਨਪੁਰ, ਬਨਾਰਸ, ਭੁਵਨੇਸ਼ਵਰ, ਮੋਦੀਪੁਰਮ ਤੇ ਪੰਜਾਬ ਵਿਚ ਝੋਨੇ ਵਿਚ ਨਿੰਮ ਲਿਪਤ ਯੂਰੀਆ ਤੇ ਆਮ ਯੂਰੀਆ ਦੀ ਵਰਤੋਂ ਦੇ 50 ਤਜਰਬੇ ਕੀਤੇ ਗਏ।

ਇਨ੍ਹਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਨਿੰਮ ਲਿਪਤ ਯੂਰੀਆਂ ਦੀ ਵਰਤੋਂ ਨਾਲ ਝੋਨੇ 'ਚ ਔਸਤ 6 ਫ਼ੀਸਦੀ ਵੱਧ ਝਾੜ ਹੋਇਆ। ਕਈ ਥਾਵਾਂ 'ਤੇ ਨਿੰਮ ਲਿਪਤ ਯੂਰੀਆ ਦੀ ਵਰਤੋਂ ਆਮ ਯੂਰੀਆ ਦੇ ਮੁਕਾਬਲੇ 12-16 ਕਿੱਲੋਂ ਪ੍ਰਤੀ ਏਕੜ ਘੱਟ ਵਰਤੀ ਗਈ ਪਰ ਬਰਾਬਰ ਝਾੜ ਪ੍ਰਾਪਤ ਹੋਇਆ। ਭਾਰਤ ਸਰਕਾਰ ਨੇ 2015 'ਚ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਲਾਜ਼ਮੀ ਕੀਤਾ ਗਿਆ ਕਿ ਯੂਰੀਆ ਭਾਵੇਂ ਦੇਸ਼ 'ਚ ਬਣਾਇਆ ਜਾਵੇ ਜਾਂ ਬਾਹਰੋਂ ਮੰਗਵਾਇਆ ਜਾਵੇ, ਵੇਚਣ ਤੋਂ ਪਹਿਲਾਂ ਨਿੰਮ ਲਿਪਤ ਕੀਤਾ ਜਾਵੇ।

2015 'ਚ ਲੁਧਿਆਣਾ ਤੇ ਕਪੂਰਥਲਾ ਦੇ ਖੋਜ ਕੇਂਦਰਾਂ ਵਿਖੇ ਤਜਰਬੇ ਕੀਤੇ ਗਏ। ਇਨ੍ਹਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਝੋਨੇ ਵਿਚ ਨਿੰਮ ਲਿਪਤ ਯੂਰੀਆ ਦੀ ਵਰਤੋਂ ਨਾਲ ਓਨਾ ਹੀ ਝਾੜ ਪ੍ਰਾਪਤ ਕਰਨ ਲਈ ਨਾਈਟਰੋਜਨ ਦੀ ਵਰਤੋਂ ਘਟਾਈ ਜਾ ਸਕਦੀ ਹੈ। ਇਹ ਨਤੀਜੇ ਹੋਰ ਤਜਰਬੇ ਕੀਤੇ ਜਾਣ ਵੱਲ ਇਸ਼ਾਰਾ ਕਰਦੇ ਹਨ ਕਿ ਨਿੰਮ ਲਿਪਤ ਯੂਰੀਆ ਖਾਦ ਦੀ ਘੱਟ ਵਰਤੋਂ ਨਾਲ ਆਮ ਯੂਰੀਆ ਦੇ ਮੁਕਾਬਲੇ ਓਨਾ ਹੀ ਝਾੜ ਜਾਂ ਪੂਰੀ ਖਾਦ ਦੀ ਵਰਤੋਂ ਨਾਲ ਵਧੇਰੇ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ।



## ਨਿੰਮ ਲਿਪਤ ਯੂਰੀਆ ਦੇ ਲਾਭ

ਨਿੰਮ ਲਿਪਤ ਯੂਰੀਏ ਦੀ ਵਰਤੋਂ ਨਾਲ ਨਾਈਟਰੋਜਨ ਦਾ ਨੁਕਸਾਨ ਘਟਦਾ ਹੈ ਤੇ ਫਸਲ ਦੇ ਝਾੜ ਵਿਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਨਿੰਮ ਲਿਪਤ ਯੂਰੀਆ ਦੀ ਵਰਤੋਂ ਨਾਈਟਰੋਜਨ ਨੂੰ ਧਰਤੀ ਹੇਠਲੇ ਪਾਣੀ ਵਿਚ ਰਲਣ ਜਾਂ ਵਾਤਾਵਰਣ ਵਿਚ ਮਿਲਣ ਤੋਂ ਘਟਾਉਣ 'ਚ ਵੀ ਸਹਾਈ ਹੋਵੇਗੀ। ਇਸ ਤੋਂ ਇਲਾਵਾ ਨਿੰਮ ਲਿਪਤ ਯੂਰੀਆ ਦੀ ਵਰਤੋਂ ਖੇਤੀ ਖ਼ਰਚੇ ਘਟਾਉਣ ਅਤੇ ਆਮਦਨ ਵਧਾਉਣ ਵਿਚ ਵੀ ਸਹਾਈ ਹੋਵੇਗੀ। ਇਸ ਲਈ ਕਿਸਾਨਾਂ ਨੂੰ ਨਿੰਮ ਲਿਪਤ ਯੂਰੀਏ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਦੀ ਵਰਤੋਂ ਸਮੇਂ ਇਹ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਨਿੰਮ ਲਿਪਤ ਯੂਰੀਏ ਨਾਲ ਅਮੋਨੀਅਮ ਤੋਂ ਨਾਈਟਰੇਟ ਬਣਨ ਦਾ ਸਮਾਂ ਵਧਣ ਕਾਰਨ ਪਹਿਲਾਂ ਪੱਤਿਆ ਦਾ ਰੰਗ ਫਿੱਕਾ ਅਤੇ ਫਿਰ ਗੂੜ੍ਹੇ ਹਰੇ ਰੰਗ ਦਾ ਹੋ ਜਾਵੇਗਾ। ਇਸ ਸਭ ਕੁਝ ਵੇਖ ਕੇ ਨਹੀਂ ਘਬਰਾਉਣਾ ਨਹੀਂ ਚਾਹੀਦਾ।

ਮੋਬਾਈਲ 81462-00940

### ਮਿੱਟੀ ਵਿਚ ਯੂਰੀਆ ਖਾਦ ਦੀ ਘੁਲਣ ਕਿਰਿਆ ਤੇ ਨਾਈਟਰੋਜਨ ਦਾ ਨੁਕਸਾਨ

*ਜਦੋਂ ਯੂਰੀਆ ਖਾਦ ਨੂੰ ਮਿੱਟੀ 'ਚ ਮਿਲਾਇਆ ਜਾਂਦਾ ਹੈ ਤਾਂ ਇਹ ਪਹਿਲੇ 7 ਤੋਂ 10 ਦਿਨਾਂ ਵਿਚ ਅਮੋਨੀਅਮ ਅਤੇ ਨਾਈਟਰੇਟ ਨਾਈਟਰੋਜਨ ਵਿਚ ਬਦਲ ਜਾਂਦੀ ਹੈ। ਅਮੋਨੀਆ ਵਾਲੀ ਨਾਈਟਰੋਜਨ ਦਾ ਕੁਝ ਹਿੱਸਾ ਝੋਨਾ ਲੈ ਲੈਂਦਾ ਹੈ ਤੇ ਕੁਝ ਹਿੱਸਾ ਅਮੋਨੀਆ ਗੈਸ ਦੇ ਰੂਪ ਵਿਚ ਵਾਤਾਵਰਨ ਵਿਚ ਮਿਲ ਜਾਂਦਾ ਹੈ। ਬਾਕੀ ਦੀ ਬਚਦੀ ਅਮੋਨੀਆ ਵਾਲੀ ਨਾਈਟਰੋਜਨ, ਨਾਈਟਰੇਟ ਵਾਲੀ ਨਾਈਟਰੋਜਨ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਜਿਸ ਦਾ ਕੁਝ ਹਿੱਸਾ ਰੁੱਖ-ਬੂਟੇ ਵਰਤ ਲੈਂਦੇ ਹਨ ਤੇ ਬਾਕੀ ਦਾ ਹਿੱਸਾ ਖ਼ਾਸ ਕਰਕੇ ਰੇਤਲੀਆਂ ਜ਼ਮੀਨਾਂ ਵਿੱਚੋਂ ਜੜ੍ਹਾਂ ਦੀ ਪਕੜ ਤੋਂ ਹੇਠਾਂ ਨਿੱਘਰ ਜਾਂਦਾ ਹੈ ਤੇ ਪੌਦਿਆਂ ਦੇ ਕੰਮ ਨਹੀਂ ਆਉਂਦਾ। ਇਸ ਤਰ੍ਹਾਂ ਫ਼ਸਲਾਂ ਦੀ ਨਾਈਟਰੋਜਨ ਤੱਤ ਦੀ ਵਰਤੋਂ ਕਰਨ ਦੀ ਸਮਰਥਾ 30 ਫ਼ੀਸਦੀ ਤੋਂ ਵੀ ਘੱਟ ਰਹਿ ਜਾਂਦੀ ਹੈ ਅਤੇ ਇਹ ਕਦੇ ਹੀ 50 ਫ਼ੀਸਦੀ ਤਕ ਪਹੁੰਚਦੀ ਹੈ।*

---

*ਮੌਸਮ 'ਚ ਆ ਰਹੀਆਂ ਤਬਦੀਲੀਆਂ ਕਾਰਨ ਫ਼ਸਲੀ ਉਤਪਾਦਨ ਨੂੰ ਕਾਇਮ ਰੱਖਣਾ ਵਿਗਿਆਨੀਆਂ ਲਈ ਇਕ ਵੱਡੀ ਚੁਣੌਤੀ ਹੈ। ਕਝ ਅਹਿਮ ਤਰੀਕਿਆਂ ਨੂੰ ਅਪਣਾ ਕੇ ਕਿਸਾਨ ਵੀ ਆਪਣੇ ਪੱਧਰ 'ਤੇ ਆਲਮੀ ਤਪਸ਼ ਨੂੰ ਰੋਕਣ 'ਚ ਵੱਡਾ ਯੋਗਦਾਨ ਪਾ ਸਕਦੇ ਹਨ ਤੇ ਫ਼ਸਲੀ ਉਤਪਾਦਨ ਨੂੰ ਬਰਕਰਾਰ ਰੱਖ ਸਕਦੇ ਹਨ...*



# ਜਲਵਾਯੂ ਤਬਦੀਲੀਆਂ ਅਨੁਸਾਰ ਖੇਤੀਬਾੜੀ

• ਲਖਵੀਰ ਕੌਰ ਧਾਲੀਵਾਲ, ਪਵਨੀਤ ਕੌਰ ਕਿੰਗਰਾ

ਜਲਵਾਯੂ ਪਰਿਵਰਤਨ ਦਾ ਮਸਲਾ ਬੇਹੱਦ ਗੰਭੀਰ ਹੁੰਦਾ ਜਾ ਰਿਹਾ ਹੈ। ਭਾਰਤ ਵਿਚ ਹਰੀ ਕ੍ਰਾਂਤੀ ਦਾ ਮੋਢੀ ਬਣਨ ਵਾਲਾ ਪੰਜਾਬ ਵੀ ਅੱਜ ਜਲਵਾਯੂ ਪਰਿਵਰਤਨ ਤੇ ਟਿਕਾਊ ਖੇਤੀ ਉਤਪਾਦਨ ਦਰਮਿਆਨ ਚੌਰਾਹੇ 'ਤੇ ਖੜ੍ਹਾ ਹੈ। ਵਿਸ਼ਵ ਪੱਧਰ 'ਤੇ ਹਰ ਖੇਤਰ 'ਚ ਮੌਸਮ ਤੇ ਜਲਵਾਯੂ 'ਚ ਤਬਦੀਲੀਆਂ ਤਬਦੀਲੀਆਂ ਆਈਆਂ ਹਨ। ਇਹ ਤਬਦੀਲੀਆਂ ਖੇਤੀਬਾੜੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। ਇਸ ਦਾ ਉਤਪਾਦਨ ਉੱਪਰ ਅਸਰ ਪੈਣਾ ਲਾਜ਼ਮੀ ਹੈ।

ਪੰਜਾਬ ਦੀ ਖੇਤੀ ਵਿਵਸਥਾ ਤੇ ਕਿਸਾਨਾਂ ਦਾ ਜੀਵਨ-ਨਿਰਬਾਹ ਵੀ ਜਲਵਾਯੂ ਜਾਂ ਮੌਸਮੀ ਤਬਦੀਲੀਆਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ 'ਚ ਘੱਟ ਤੋਂ ਘੱਟ ਤਾਪਮਾਨ 'ਚ ਵਾਧਾ ਹੋ ਰਿਹਾ ਹੈ। ਬਹੁਤ ਥਾਵਾਂ 'ਤੇ ਹਵਾ 'ਚ ਨਮੀ ਦੀ ਮਾਤਰਾ ਵਧ ਰਹੀ ਹੈ। ਬਾਰਿਸ਼ ਦੀ ਮਾਤਰਾ ਤੇ ਵੰਡ 'ਚ ਵੀ ਤਬਦੀਲੀਆਂ ਆ ਰਹੀਆਂ ਹਨ। ਕਿਸੇ ਸਾਲ ਵਰਖਾ ਔਸਤ ਨਾਲੋਂ ਕਾਫ਼ੀ ਵੱਧ ਪੈ ਜਾਂਦੀ ਹੈ ਤੇ ਕਿਸੇ ਸਾਲ ਸੋਕਾ ਪੈ ਜਾਂਦਾ ਹੈ।

### ਖਾਦਾਂ ਦੀ ਥਾਂ ਕੁਦਰਤੀ ਤੱਤਾਂ ਦੀ ਵਰਤੋਂ

*ਰਸਾਇਣਿਕ ਖਾਦਾਂ (ਨਾਈਟਰੋਜਨ ਵਾਲੀਆਂ) ਦੀ ਵਰਤੋਂ ਦੇ ਨਾਲ-ਨਾਲ ਹਰੀ ਖਾਦ, ਨਾਈਟਰੋਜਨ ਫਿਕਸ ਕਰਨ ਵਾਲੀਆਂ ਫ਼ਸਲਾਂ ਤੇ ਰੂੜੀ ਆਦਿ ਦੀ ਵਰਤੋਂ ਨਾਈਟਰਸ ਆਕਸਾਈਡ ਦਾ ਵਾਯੂਮੰਡਲ 'ਚ ਨਿਕਾਸ ਘਟਾਉਂਦੇ ਹਨ। ਅਜਿਹੀ ਵਿਓਂਤਬੰਦੀ ਤੇ ਇਹ ਤਰੀਕੇ ਧਰਤੀ ਦੀ ਗੁਣਵੱਤਾ ਤੇ ਪਾਣੀ ਨੂੰ ਸੰਭਾਲ ਕੇ ਰੱਖਣ ਦੀ ਸਮਰਥਾ ਨੂੰ ਵਧਾਉਣ ਦੇ ਨਾਲ-ਨਾਲ, ਖੇਤੀ ਖ਼ਰਚੇ ਵੀ ਬਚਾਉਂਦੇ ਹਨ ਤੇ ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵ ਨੂੰ ਘਟਾਉਂਦੇ ਹਨ।*

## ਗਰੀਨ ਹਾਊਸ ਗੈਸਾਂ 'ਚ ਵਾਧਾ

ਖੇਤੀਬਾੜੀ ਦੇ ਢੰਗ ਤਰੀਕੇ ਵੀ ਵਾਤਾਵਰਨ 'ਚ ਗਰੀਨ ਹਾਊਸ ਗੈਸਾਂ ਦੇ ਵਾਧੇ ਲਈ ਜ਼ਿੰਮੇਵਾਰ ਹਨ। ਨਾਈਟਰੋਜਨ ਵਾਲੀਆਂ ਖਾਦਾਂ ਦੀ ਜ਼ਿਆਦਾ ਵਰਤੋਂ ਨਾਈਟਰਸ ਆਕਸਾਈਡ ਪੈਦਾ ਕਰਦਾ ਹੈ। ਝੋਨੇ 'ਚ ਲਗਾਤਾਰ ਪਾਣੀ ਖੜ੍ਹਾ ਰੱਖਣ ਨਾਲ ਮੀਥੇਨ ਗੈਸ ਪੈਦਾ ਹੁੰਦੀ ਹੈ। ਰਹਿੰਦ-ਖੂੰਹਦ ਨੂੰ ਸਾੜਣ ਨਾਲ ਕਾਰਬਨ-ਡਾਈਆਕਸਾਈਡ ਤੇ ਹੋਰ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ। ਧਰਤੀ 'ਚੋਂ ਲੋੜ ਤੋਂ ਵੱਧ ਪਾਣੀ ਕੱਢਣ ਨਾਲ ਵੀ ਕਾਰਬਨ-ਡਾਈਆਕਸਾਈਡ ਗੈਸ ਪੈਦਾ ਹੁੰਦੀ ਹੈ। ਭਾਰਤ ਨੂੰ ਖੇਤੀਬਾੜੀ ਕਾਰਨ ਹੋ ਰਹੇ ਗੈਸਾਂ ਦੇ ਨਿਕਾਸ ਨੂੰ ਘਟਾਉਣ ਤੇ ਆਲਮੀ ਤਪਸ਼ ਨੂੰ 2 ਡਿਗਰੀ ਸੈਂਟੀਗਰੇਡ ਤੋਂ ਹੇਠਾਂ ਲਿਆਉਣ ਲਈ ਮਜ਼ਬੂਤ ਕਦਮ ਚੁੱਕਣ ਦੀ ਲੋੜ ਹੈ। ਪੰਜਾਬ 'ਚ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘੱਟ ਕਰਨ ਤੇ ਉਤਪਾਦਨ ਨੂੰ ਬਰਕਰਾਰ ਰੱਖਣ ਲਈ, ਖੇਤ ਦੇ ਢੁਕਵੇਂ ਤਰੀਕੇ ਅਪਨਾਉਣ ਦੀ ਲੋੜ ਹੈ।

### ਭਵਿੱਖ ਦੀ ਲੋੜ

*ਜਲਵਾਯੂ 'ਚ ਤਬਦੀਲੀਆਂ ਦੇ ਮੱਦੇਨਜ਼ਰ ਜਲਵਾਯੂ ਅਧਾਰਿਤ ਖੇਤੀ ਭਵਿੱਖ ਵਿੱਚ ਖੇਤੀ ਉਤਪਾਦਨ ਨੂੰ ਬਰਕਰਾਰ ਰੱਖਣ ਵਿਚ ਇਕ ਅਹਿਮ ਕਦਮ ਹੈ। ਇਨ੍ਹਾਂ ਤਕਨੀਕਾਂ ਨੂੰ ਪਹਿਲਾਂ ਤਜਰਬਿਆਂ ਦੇ ਤੌਰ 'ਤੇ ਕੁਝ ਇਲਾਕਿਆਂ ਜਾਂ ਪਿੰਡਾਂ ਵਿਚ ਸ਼ੁਰੂ ਕਰ ਕੇ ਬਾਅਦ ਵਿਚ ਵੱਡੇ ਪੱਧਰ 'ਤੇ ਅਪਣਾਇਆ ਜਾ ਸਕਦਾ ਹੈ। ਇਨ੍ਹਾਂ ਢੰਗ ਤਰੀਕਿਆਂ ਦੁਆਰਾ ਅਪਣਾਈ ਗਈ ਜਲਵਾਯੂ ਅਧਾਰਿਤ ਖੇਤੀ ਭਵਿੱਖ ਵਿਚ ਪੰਜਾਬ ਦੀ ਖੇਤੀ ਨੂੰ ਸਹੀ ਦਿਸ਼ਾ ਦੇਣ ਵਿਚ ਸਹੀ ਕਦਮ ਸਿੱਧ ਹੋ ਸਕਦੀ ਹੈ।*

## ਜਲਵਾਯੂ ਅਨੁਸਾਰ ਖੇਤੀ

ਜਲਵਾਯੂ ਪਰਿਵਰਤਨ ਮੁਤਾਬਿਕ ਖੇਤੀ ਉਤਪਾਦਨ ਨੂੰ ਵਧੇਰੇ ਸਮੇਂ ਤਕ ਬਰਕਰਾਰ ਰੱਖਣਾ ਮੁੱਖ ਕਦਮ ਹੈ, ਜਿਹੜਾ ਕਿ ਤਿੰਨ ਸਤੰਭਾਂ ਉੱਤੇ ਖੜ੍ਹਾ ਹੈ- ਖੇਤੀ ਉਤਪਾਦਨ ਸਦਕਾ ਅਨਾਜ ਦੀ ਉਪਲਬਧਤਾ, ਜਲਵਾਯੂ ਤਬਦੀਲੀਆਂ ਦੇ ਖੇਤੀ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਘਟਾਉਣ ਵਾਲੇ ਢੰਗ ਤਰੀਕੇ ਅਪਨਾਉਣਾ ਅਤੇ ਖੇਤੀਬਾੜੀ ਰਾਹੀਂ ਪੈਦਾ ਹੋਣ ਵਾਲੀਆਂ ਗੈਸਾਂ ਦੇ ਨਿਕਾਸ ਨੂੰ ਘੱਟ ਕਰਨਾ। ਅਜਿਹੀਆਂ ਹਾਲਤਾਂ ਵਿਚ ਸਾਨੂੰ ਇਨ੍ਹਾਂ ਤਬਦੀਲੀਆਂ ਨਾਲ ਨਜਿੱਠਣ ਲਈ ਠੋਸ ਕਦਮ ਚੁੱਕਣੇ ਪੈਣਗੇ। ਜਲਵਾਯੂ ਪਰਿਵਰਤਨ ਅਨੁਸਾਰ ਖੇਤੀਬਾੜੀ ਨੂੰ ਢਾਲਣ ਵਾਸਤੇ ਖੇਤੀ ਗਤੀਵਿਧੀਆਂ ਤੇ ਵਿਓਂਤਬੰਦੀ 'ਚ ਤਬਦੀਲੀਆਂ ਕੀਤੇ ਜਾਣ ਦੀ ਲੋੜ ਹੈ। ਇਨ੍ਹਾਂ ਸਥਿਤੀਆਂ ਦੇ ਮੁਤਾਬਿਕ ਕੁਝ ਪੁਰਾਣੇ ਤੇ ਕੁਝ ਨਵੇਂ ਢੰਗ ਅਪਨਾਉਣ ਨਾਲ ਕਿਸਾਨ ਵਰਤਮਾਨ ਤੇ ਭਵਿੱਖ ਵਿਚ ਹੋਣ ਵਾਲੇ ਜਲਵਾਯੂ ਪਰਿਵਰਤਨ ਦੇ ਖੇਤੀਬਾੜੀ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਕਾਫ਼ੀ ਹੱਦ ਤਕ ਘਟਾ ਸਕਦੇ ਹਨ।

### ਪਸ਼ੂ ਪਾਲਣ ਤੇ ਵਾਤਾਵਰਨ ਸੰਭਾਲ

*ਪਸ਼ੂ-ਪਾਲਣ ਵਿਓਂਤਬੰਦੀ ਤਕਨੀਕਾਂ ਵੀ ਜਲਵਾਯੂ ਅਧਾਰਿਤ ਖੇਤੀ 'ਚ ਅਹਿਮ ਰੋਲ ਨਿਭਾਉਂਦੀਆਂ ਹਨ। ਜੈਵਿਕ ਖਾਦ ਦੀ ਸੁਚੱਜੀ ਵਿਓਂਤਬੰਦੀ ਤੇ ਇਸ ਦੀ ਜੈਵਿਕ ਗੈਸ ਵਿਚ ਤਬਦੀਲੀ ਊਰਜਾ ਦਾ ਇਕ ਹੋਰ ਸਰੋਤ ਪ੍ਰਦਾਨ ਕਰਦੇ ਹਨ, ਜਿਸ ਦਾ ਸਿਹਤ ਉੱਪਰ ਕੋਈ ਮਾੜਾ ਅਸਰ ਨਹੀਂ ਹੁੰਦਾ ਤੇ ਇਸ ਨੂੰ ਖਾਣਾ ਬਣਾਉਣ, ਗਰਮੀ ਤੇ ਰੋਸ਼ਨੀ ਵਾਸਤੇ ਵਰਤਿਆ ਜਾਂਦਾ ਹੈ। ਸੁਧਰੇ ਹੋਏ ਖਾਦ ਮਿਸ਼ਰਣ ਤੇ ਖਾਦ ਤੱਤਾਂ ਦੀ ਵਰਤੋਂ ਦੁਆਰਾ ਮੀਥੇਨ ਗੈਸ ਦੇ ਨਿਕਾਸ ਨੂੰ ਵੀ ਘਟਾਇਆ ਜਾ ਸਕਦਾ ਹੈ, ਭਾਵੇਂ ਕਿ ਇਹ ਵੱਡੇ ਪੱਧਰ 'ਤੇ ਹੀ ਸੰਭਵ ਹੈ।*

## ਕਿਵੇਂ ਸੰਭਵ ਹੋ ਸਕਦਾ ਹੈ ਇਹ?

ਪੰਜਾਬ 'ਚ ਖੇਤੀ ਉਤਪਾਦਨ ਲਈ ਜ਼ਰੂਰਤ ਤੋਂ ਵੱਧ ਕੀੜੇਮਾਰ ਜ਼ਹਿਰਾਂ, ਖਾਦਾਂ ਆਦਿ ਵਰਤੇ ਜਾਂਦੇ ਹਨ। ਇਸ ਲਈ ਅੱਜ ਖੇਤੀ ਉਤਪਾਦਨ ਨੂੰ ਬਣਾਈ ਰੱਖਣ ਲਈ ਖੇਤਾਂ ਵਿਚ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘਟਾਉਣ ਵਾਲੇ ਤਰੀਕਿਆਂ ਨੂੰ ਅਪਨਾਉਣ ਦੀ ਲੋੜ ਹੈ, ਜਿਵੇਂ ਕਣਕ ਦੀਆਂ ਵੱਧ ਤਾਪਮਾਨ ਨੂੰ ਸਹਿਣ ਵਾਲੀਆਂ ਕਿਸਮਾਂ, ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ, ਕਣਕ ਦੀ ਝੋਨੇ ਦੇ ਖੜ੍ਹੇ ਮੁੱਢਾਂ ਵਿਚ ਬਿਜਾਈ, ਪਾਣੀ ਦੀ ਸੁਚੱਜੀ ਵਰਤੋਂ, ਲੇਜ਼ਰ ਲੈਵਲਰ ਦੀ ਵਰਤੋਂ, ਰਹਿੰਦ-ਖੂੰਹਦ ਦੀ ਸੁਚੱਜੀ ਵਿਓਂਤਬੰਦੀ ਆਦਿ ਜਲਵਾਯੂ ਮੁਤਾਬਿਕ ਖੇਤੀਬਾੜੀ 'ਚ ਕੁਦਰਤੀ ਸੋਮਿਆਂ ਨੂੰ ਬਚਾਉਣ ਵਾਲੀਆਂ ਤਕਨੀਕਾਂ ਹਨ। ਇਨ੍ਹਾਂ ਤਰੀਕਿਆਂ ਨੂੰ ਅਪਨਾਉਣ ਲਈ ਸਰਕਾਰ ਵੱਲੋਂ ਕਿਸਾਨਾਂ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਲੋੜ ਹੈ। ਇਨ੍ਹਾਂ ਤਕਨੀਕਾਂ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਇਆ ਜਾ ਸਕਦਾ ਹੈ। ਭੂਮੀ, ਪਾਣੀ ਤੇ ਖਾਦਾਂ ਦੀ ਵਿਓਂਤਬੰਦੀ ਦੇ ਨਾਲ-ਨਾਲ ਪਸ਼ੂ ਪਾਲਣ, ਖੇਤੀ-ਜੰਗਲਾਤ ਆਦਿ ਦੀਆਂ ਵਿਧੀਆਂ ਨੂੰ ਅਪਨਾਉਣ ਦੀ ਵੀ ਲੋੜ ਹੈ। ਘੱਟ ਤੋਂ ਘੱਟ ਵਾਹਾਈ, ਫ਼ਸਲੀ ਦੀ ਰਹਿੰਦ-ਖੂੰਹਦ ਨੂੰ ਖੇਤਾਂ 'ਚ ਰੱਖਣ ਨਾਲ ਜ਼ਮੀਨ 'ਚ ਜੈਵਿਕ ਮਾਦੇ ਨੂੰ ਵਧਾਇਆ ਜਾ ਸਕਦਾ ਹੈ, ਜਿਹੜਾ ਕਿ ਭੂਮੀ ਵਿਚ ਜੈਵਿਕ ਪ੍ਰਤੀਕਿਰਿਆਵਾਂ, ਖਾਦ ਤੱਤਾਂ ਤੇ ਪਾਣੀ ਦੇ ਚੱਕਰ ਵਾਸਤੇ ਮਦਦਗਾਰ ਹੈ।

## ਪਾਣੀ ਦੀ ਸੁਚੱਜੀ ਵਿਓਂਤਬੰਦੀ

ਪਾਣੀ ਦੀ ਸੁਚੱਜੀ ਵਿਓਂਤਬੰਦੀ ਵੀ ਇਸ ਪਾਸੇ ਇਕ ਹੋਰ ਮਹੱਤਵਪੂਰਨ ਕਦਮ ਹੈ। ਪਾਣੀ ਵੀ ਜਲਵਾਯੂ ਪਰਿਵਰਤਨ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪਾਣੀ ਦੀ ਸੁਚੱਜੀ ਵਰਤੋਂ ਵਾਲੇ ਸਿੰਚਾਈ ਤਰੀਕੇ (ਜਿਵੇਂ ਕਿ ਤੁਪਕਾ ਸਿੰਚਾਈ, ਫੁਹਾਰਾ ਸਿੰਚਾਈ ਤੇ ਸੂਰਜੀ ਪੰਪਾਂ ਦੀ ਵਰਤੋਂ ਆਦਿ), ਪਾਣੀ ਦੀ ਸੰਭਾਲ ਦੀਆਂ ਤਕਨੀਕਾਂ ਪਾਣੀ ਦੀ ਸੁਚੱਜੀ ਵਰਤੋਂ ਲਈ ਲਾਹੇਵੰਦ ਹਨ। ਜਲਵਾਯੂ ਪਰਿਵਰਤਨ ਅਨੁਸਾਰ ਪਾਣੀ ਦੇ ਸਰੋਤਾਂ ਅਤੇ ਉਪਲਬਧਤਾ ਦੀ ਸਹੀ ਵਿਓਂਤਬੰਦੀ ਨਾਲ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਕਾਫ਼ੀ ਹੱਦ ਤਕ ਘਟਾਇਆ ਜਾ ਸਕਦਾ ਹੈ। ਖ਼ਾਸ ਤੌਰ 'ਤੇ ਜਿੱਥੇ ਪਾਣੀ ਦੀ ਉਪਲਬਧਤਾ ਪਹਿਲਾਂ ਹੀ ਘੱਟ ਹੈ, ਸਿੰਚਾਈ ਦੇ ਢੰਗਾਂ ਦੀ ਵਿਓਂਤਬੰਦੀ ਕਰ ਕੇ ਖੇਤੀ ਉਤਪਾਦਨ ਵਿਚ ਵਾਧਾ ਕੀਤਾ ਜਾ ਸਕਦਾ ਹੈ।

## ਜੰਗਲਾਤ 'ਚ ਕੀਤਾ ਜਾਵੇ ਵਾਧਾ

ਖੇਤੀ-ਜੰਗਲਾਤ ਦੇ ਅਧੀਨ ਫ਼ਸਲ ਦੇ ਆਲੇ-ਦੁਆਲੇ ਦਰੱਖ਼ਤ ਲਗਾਉਣਾ ਵੀ ਜਲਵਾਯੂ ਅਧਾਰਿਤ ਖੇਤੀ ਵੱਲ ਇੱਕ ਹੋਰ ਵੱਡਾ ਕਦਮ ਹੈ। ਫ਼ਸਲਾਂ ਅਤੇ ਦਰੱਖ਼ਤ ਇਕੱਠੇ ਲਗਾਉਣ ਨਾਲ ਫਲ, ਮੇਵੇ, ਦਵਾਈਆਂ, ਬਾਲਣ, ਇਮਾਰਤੀ ਲੱਕੜ, ਨਾਈਟਰੋਜਨ ਫਿਕਸੇਸ਼ਨ ਸੇਵਾਵਾਂ, ਚਾਰਾ ਤੇ ਰਹਿਣ ਲਈ ਸਾਫ਼ ਵਾਤਾਵਰਨ ਮਿਲਦੇ ਹਨ। ਦਰੱਖ਼ਤ ਹਰ ਸਾਲ ਕੱਟੀਆਂ ਜਾਣ ਵਾਲੀਆਂ ਫ਼ਸਲਾਂ ਦੇ ਮੁਕਾਬਲੇ ਜ਼ਿਆਦਾ ਜੈਵਿਕ ਮਾਦਾ ਬਣਾਉਂਦੇ ਤੇ ਵਧੇਰੇ ਕਾਰਬਨ ਜਜ਼ਬ ਕਰਦੇ ਹਨ।

### ਉਤਪਾਦਨ 'ਚ ਗਿਰਾਵਟ

*ਜਲਵਾਯੂ ਤਬਦੀਲੀਆਂ ਦੇ ਸਿੱਟੇ ਵਜੋਂ ਤੇਜ਼ ਹਵਾਵਾਂ, ਤੂਫ਼ਾਨ, ਗੜ੍ਹੇਮਾਰੀ, ਸੀਤ-ਲਹਿਰ ਤੇ ਗਰਮ-ਲਹਿਰ ਆਦਿ ਮੌਸਮੀ ਕਰੋਪੀਆਂ ਵਿਚ ਵੀ ਵਾਧਾ ਹੋਇਆ ਹੈ। ਇਕ ਅਨੁਮਾਨ ਅਨੁਸਾਰ ਪੰਜਾਬ 'ਚ ਸਾਲ 2014-15 ਦੌਰਾਨ ਕਣਕ ਦੇ ਪੱਕਣ ਸਮੇਂ ਬੇਮੌਸਮੀ ਬਰਸਾਤ ਤੇ ਗੜ੍ਹੇਮਾਰੀ ਕਾਰਨ ਕਣਕ ਦੇ ਉਤਪਾਦਨ 'ਚ 10 ਤੋਂ 15 ਫ਼ੀਸਦੀ ਦੀ ਗਿਰਾਵਟ ਆਈ ਸੀ। ਇਸੇ ਤਰ੍ਹਾਂ 2015-16 ਦੌਰਾਨ ਤਾਪਮਾਨ ਵਧਣ ਕਾਰਨ ਕਣਕ ਦਾ ਝਾੜ ਘੱਟ ਨਿਕਲਿਆ।*

## ਜਲਵਾਯੂ ਤਬਦੀਲੀਆਂ ਤੇ ਛੋਟੇ ਕਿਸਾਨ

ਪੰਜਾਬ 'ਚ ਲਗਪਗ 34 ਫ਼ੀਸਦੀ ਛੋਟੇ ਕਿਸਾਨ ਹਨ ਤੇ ਇਹ ਵਰਗ ਮੌਸਮੀ ਕਰੋਪੀਆਂ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਇਸ ਵਰਗ ਦੀ ਜਲਵਾਯੂ ਪਰਿਵਰਤਨ ਅਨੁਸਾਰ ਢਲਣ ਦੀ ਸਮਰਥਾ ਨੂੰ ਵਧਾਉਣਾ ਸਾਲ 2020 ਦੇ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਦੇ ਨਾਲ-ਨਾਲ ਇਸ ਲਈ ਵੀ ਜ਼ਰੂਰੀ ਹੈ ਕਿ ਜੇ ਭਵਿੱਖ 'ਚ ਜਲਵਾਯੂ ਤਬਦੀਲੀਆਂ ਦੇ ਪ੍ਰਭਾਵ ਜੇ ਵਧਦੇ ਹਨ ਤਾਂ ਉਨ੍ਹਾਂ ਦੇ ਅਸਰ ਹੇਠ ਇਹ ਵਰਗ ਉਤਪਾਦਨ ਦੇ ਮੁਨਾਫ਼ਿਆਂ ਤੋਂ ਵਾਂਝਾ ਨਾ ਰਹਿ ਜਾਵੇ।

## ਘਰੇਲੂ ਨੁਕਤੇ

ਘਰੇਲੂ ਤੌਰ ਤਰੀਕਿਆਂ ਨਾਲ ਵੀ ਖੇਤੀਬਾੜੀ ਨੂੰ ਜਲਵਾਯੂ ਪਰਿਵਰਤਨ ਅਨੁਸਾਰ ਢਾਲਿਆ ਜਾ ਸਕਦਾ ਹੈ ਤੇ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ। ਇੰਟੇਗ੍ਰੇਟਿਡ ਫਾਰਮਿੰਗ ਸਿਸਟਮ ਛੋਟੇ ਕਿਸਾਨਾਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਇਸ ਤੋਂ ਇਲਾਵਾ ਬਹੁ-ਫ਼ਸਲੀ ਪ੍ਰਣਾਲੀ, ਐਗਰੋ-ਫੋਰੈਸਟਰੀ, ਡੇਅਰੀ ਫਾਰਮਿੰਗ ਆਦਿ ਵੀ ਛੋਟੇ ਕਿਸਾਨਾਂ ਲਈ ਲਾਹੇਵੰਦ ਸਿੱਧ ਹੋ ਸਕਦੇ ਹਨ। ਅਜਿਹੇ ਤਰੀਕੇ ਅਪਨਾਉਣ ਨਾਲ ਲੰਬੇ ਸਮੇਂ ਤਕ ਮੁਨਾਫ਼ਾ ਹੁੰਦਾ ਹੈ ਤੇ ਇਹ ਖੇਤੀ ਨੂੰ ਜਲਵਾਯੂ ਅਨੁਸਾਰ ਢਾਲਣ 'ਚ ਸਹਾਈ ਹੁੰਦੇ ਹਨ। •

---





# ਗਰਮੀਆਂ 'ਚ ਬਾਗ਼ਾਂ ਦੀ ਸਾਂਭ-ਸੰਭਾਲ

• ਕਰਨਬੀਰ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ

*ਗਰਮੀਆਂ ਵਿਚ ਤਾਪਮਾਨ 'ਚ ਵਾਧੇ ਕਾਰਨ ਫਲਦਾਰ ਬੂਟਿਆਂ ਦੀਆਂ ਪਾਣੀ ਸਬੰਧੀ ਲੋੜਾਂ ਵਧ ਜਾਂਦੀਆਂ ਹਨ। ਕਈ ਫਲਦਾਰ ਬੂਟਿਆਂ ਦੇ ਪੱਤੇ ਗਰਮੀ ਨਾਲ ਝੁਲਸ ਜਾਂਦੇ ਹਨ। ਬੂਟਾ ਖ਼ੁਰਾਕ ਬਣਾਉਣ ਦੇ ਅਸਮਰੱਥ ਹੋ ਜਾਂਦਾ ਹੈ ਤੇ ਇਸ ਦਾ ਅਸਰ ਉਤਪਾਦਨ ਉੱਪਰ ਵੀ ਪੈਂਦਾ ਹੈ...*

ਪੰਜਾਬ ਵਿਚ ਮਈ-ਜੂਨ 'ਚ ਅਤਿ ਦੀ ਗਰਮੀ ਪੈਂਦੀ ਹੈ ਅਤੇ ਇਸੇ ਸਮੇਂ ਸੂਬੇ ਵਿਚ ਕਾਸ਼ਤ ਕੀਤੇ ਜਾਣ ਵਾਲੇ ਜ਼ਿਆਦਾਤਰ ਬੂਟੇ ਆਪਣਾ ਵਾਧਾ ਤੇ ਵਿਕਾਸ ਸ਼ੁਰੂ ਕਰਦੇ ਹਨ। ਇਨ੍ਹਾਂ ਮਹੀਨਿਆਂ ਵਿਚ ਜ਼ਿਆਦਾ ਤਾਪਮਾਨ ਤੇ ਖ਼ੁਸ਼ਕ ਹਵਾ ਨਾਲ ਫਲਦਾਰ ਬੂਟਿਆਂ ਉੱਪਰ ਮਾੜਾ ਅਸਰ ਪੈਂਦਾ ਹੈ। ਬੂਟਿਆਂ ਦੀਆਂ ਪਾਣੀ ਸਬੰਧੀ ਲੋੜਾਂ ਵਧ ਜਾਂਦੀਆਂ ਹਨ ਤੇ ਪਾਣੀ ਦੀ ਘਾਟ ਨਾਲ ਫਲਦਾਰ ਬੂਟੇ ਖ਼ਾਸ ਕਰਕੇ ਛੋਟੇ ਤੇ ਸਦਾਬਹਾਰ ਫਲਦਾਰ ਬੂਟੇ ਨਿੰਬੂ, ਲੀਚੀ, ਅੰਬ ਆਦਿ ਵਧੇਰੇ ਨੁਕਸਾਨੇ ਜਾਂਦੇ ਹਨ।

ਕਈ ਫਲਦਾਰ ਬੂਟਿਆਂ ਜਿਵੇਂ ਬਾਰਾਮਾਸੀ ਨਿੰਬੂ ਦੇ ਪੱਤੇ ਸੂਰਜ ਦੀਆਂ ਤੇਜ਼ ਕਿਰਨਾਂ ਨਾਲ ਝੁਲਸ ਜਾਂਦੇ ਹਨ ਤੇ ਇਨ੍ਹਾਂ ਉੱਪਰ ਚਿੱਟੇ ਤੇ ਭੂਰੇ ਧੱਬੇ ਪੈ ਜਾਂਦੇ ਹਨ। ਇਹ ਨੁਕਸਾਨ ਦੱਖਣ ਦਿਸ਼ਾ ਵਾਲੇ ਪੱਤਿਆਂ 'ਤੇ ਵਧੇਰੇ ਨਜ਼ਰ ਆਉਂਦਾ ਹੈ। ਗਰਮੀਆਂ ਵਿਚ ਫਲਾਂ ਤੇ ਫੁੱਲਾਂ ਦਾ ਕੇਰਾ ਵੀ ਵਧ ਜਾਂਦਾ ਹੈ। ਇਨ੍ਹਾਂ ਮਹੀਨਿਆਂ ਦੌਰਾਨ ਸੂਰਜ ਦੀਆਂ ਤੇਜ਼ ਕਿਰਨਾਂ ਬੂਟਿਆਂ ਦੇ ਨੰਗੇ ਤਣਿਆਂ 'ਤੇ ਪੈਣ ਨਾਲ ਤਣੇ ਦੀ ਛਿੱਲ ਸੜ ਕੇ ਨੁਕਸਾਨੀ ਜਾਂਦੀ ਹੈ। ਘਰਾਂ ਵਿਚ ਜੇ ਫਲਦਾਰ ਬੂਟਾ ਕਿਸੇ ਦੀਵਾਰ ਦੇ ਨੇੜੇ ਲੱਗਾ ਹੋਵੇ ਜਾਂ ਉਸ ਦੇ ਦੁਆਲੇ ਪੱਕਾ ਫਰਸ਼ ਹੋਵੇ ਤਦ ਵੀ ਨੁਕਸਾਨ ਵਧੇਰੇ ਹੁੰਦਾ ਹੈ। ਬਾਰਾਮਾਸੀ ਨਿੰਬੂ, ਲੀਚੀ ਤੇ ਅਨਾਰ ਦੇ ਫਲ ਗਰਮ ਤੇ ਖ਼ੁਸ਼ਕ ਰੁੱਤ 'ਚ ਫਟਣੇ ਸ਼ੁਰੂ ਹੋ ਜਾਂਦੇ ਹਨ। ਬਾਗ਼ਬਾਨ ਹੇਠ ਕੁਝ ਅਹਿਮ ਨੁਕਤਿਆਂ ਨੂੰ ਅਪਣਾ ਕੇ ਫਲਦਾਰ ਬੂਟਿਆਂ ਨੂੰ ਗਰਮੀ ਦੇ ਮਾਰੂ ਅਸਰ ਤੋਂ ਬਚਾਅ ਸਕਦੇ ਹਨ।

### ਛੌਰਾ ਕਰਨਾ

*ਨਵੇਂ ਲਗਾਏ ਫਲਦਾਰ ਬੂਟਿਆਂ ਉੱਪਰ ਕੁੱਲੀ ਜਾਂ ਛਪਰੀ ਬਣਾ ਕੇ ਉਨ੍ਹਾਂ ਨੂੰ ਸਿੱਧੀ ਧੁੱਪ ਤੋਂ ਬਚਾਇਆ ਜਾ ਸਕਦਾ ਹੈ। ਇਹ ਕੁੱਲੀਆਂ ਸਰਕੰਡੇ, ਪਰਾਲੀ ਜਾਂ ਖਜੂਰ ਦੇ ਪੱਤਿਆਂ ਦੀਆਂ ਬਣਾਈਆਂ ਜਾ ਸਕਦੀਆਂ ਹਨ। ਛੋਟੇ ਬੂਟਿਆਂ ਨੂੰ ਤਿੱਖੀ ਧੁੱਪ ਤੇ ਗਰਮ-ਖ਼ੁਸ਼ਕ ਹਵਾ ਤੋਂ ਬਚਾਉਣ ਲਈ ਬੂਟਿਆਂ ਦੁਆਲੇ ਦੌਰਾਂ ਵਿਚ ਛੇਤੀ ਵਾਧੇ ਵਾਲੀਆਂ ਫ਼ਸਲਾਂ ਜਿਵੇਂ ਜੰਤਰ, ਅਰਹਰ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ।*

## ਹਲਕੀ ਤੇ ਲਗਾਤਾਰ ਸਿੰਚਾਈ

ਗਰਮ ਤੇ ਖ਼ੁਸ਼ਕ ਰੁੱਤ 'ਚ ਬਾਗ਼ਾਂ ਨੂੰ ਲੋੜ ਅਨੁਸਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਇਸ ਨਾਲ ਜ਼ਮੀਨ ਦੇ ਤਾਪਮਾਨ ਚ ਗਿਰਾਵਟ ਆਉਂਦੀ ਹੈ ਤੇ ਪਾਣੀ ਦੇ ਵਾਸ਼ਪੀਕਰਣ ਨਾਲ ਹਵਾ ਵਿਚਲੀ ਨਮੀਂ ਦੀ ਮਾਤਰਾ ਵੀ ਵਧ ਜਾਂਦੀ ਹੈ। ਬੂਟਿਆਂ ਦੁਆਲੇ ਸੂਖਮ ਵਾਤਾਵਰਨ 'ਚ ਸੁਧਾਰ ਆਉਂਦਾ ਹੈ। ਫਲਾਂ ਦਾ ਕੇਰਾ ਘਟਦਾ ਹੈ ਤੇ ਫਲ ਘੱਟ ਫਟਦੇ ਹਨ। ਨਿੰਬੂ ਜਾਤੀ ਦੇ ਫਲਦਾਰ ਬੂਟਿਆਂ ਨੂੰ 3-4 ਸਾਲ ਦੀ ਉਮਰ ਤਕ ਗਰਮੀ ਦੇ ਮੌਸਮ ਵਿਚ ਹਫ਼ਤੇ ਬਾਅਦ ਪਾਣੀ ਦਿਓ। ਮਈ-ਜੂਨ ਵਿਚ ਕਿੰਨੂ ਦੇ ਪੂਰੇ ਵਧੇ ਹੋਏ ਬੂਟਿਆਂ ਨੂੰ ਤੁਪਕਾ ਸਿੰਚਾਈ ਰਾਹੀਂ ਕ੍ਰਮਵਾਰ 80-85 ਲਿਟਰ ਪਾਣੀ ਦੀ ਰੋਜ਼ਾਨਾ ਜ਼ਰੂਰਤ ਹੁੰਦੀ ਹੈ। ਜ਼ਿਆਦਾ ਪਾਣੀ ਲਗਾਉਣ ਦੀ ਜ਼ਰੂਰਤ ਨਹੀਂ ਹੁੰਦੀ, ਕਿਉਂਕਿ ਜ਼ਿਆਦਾ ਪਾਣੀ ਵਾਸ਼ਪ ਹੋ ਕੇ ਹਵਾ ਵਿਚ ਮਿਲ ਜਾਂਦਾ ਹੈ ਅਤੇ ਇਸ ਨਾਲ ਜਿੱਥੇ ਮੌਸਮ 'ਚ ਨਮੀ ਵਧਦੀ ਹੈ ਉੱਥੇ ਬੂਟਿਆਂ ਨੂੰ ਇਸ ਵਾਧੂ ਪਾਣੀ ਦਾ ਕੋਈ ਲਾਭ ਨਹੀਂ ਮਿਲਦਾ। ਇਸ ਮੌਸਮ ਵਿਚ ਆੜੂ, ਅਲੂਚਾ, ਨਾਸ਼ਪਾਤੀ, ਲੀਚੀ, ਅੰਗੂਰ ਤੇ ਅੰਬ ਫਲਾਂ ਨਾਲ ਲੱਦੇ ਹੁੰਦੇ ਹਨ, ਇਸ ਲਈ ਇਨ੍ਹਾਂ ਫਲਦਾਰ ਬੂਟਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਗਰਮ ਤੇ ਖ਼ੁਸ਼ਕ ਮੌਸਮ ਦੌਰਾਨ ਨਾਸ਼ਪਾਤੀ ਨੂੰ 5-7 ਦਿਨ ਬਾਅਦ, ਅੰਗੂਰਾਂ ਨੂੰ ਹਫ਼ਤੇ ਬਾਅਦ, ਲੀਚੀ, ਆੜੂ, ਅਲੂਚੇ ਤੇ ਕੇਲੇ ਨੂੰ 4-5 ਦਿਨਾਂ ਬਾਅਦ ਪਾਣੀ ਦਿਓ।

### ਹਵਾ ਰੋਕੂ ਵਾੜ ਲਗਾਉਣੀ

*ਵੱਡੇ ਆਕਾਰ ਦੇ ਬਣਨ ਵਾਲੇ ਬੂਟੇ, ਜਿਵੇਂ ਸਫ਼ੈਦਾ, ਅਰਜਨ, ਜਾਮਣ, ਟਾਹਲੀ, ਦੇਸੀ ਅੰਬ, ਸ਼ਹਿਤੂਤ ਤੇ ਬਿਲ ਆਦਿ ਦੇ ਬੂਟੇ ਬਾਗ਼ ਦੇ ਆਲੇ-ਦੁਆਲੇ ਲਗਾਏ ਜਾਣ ਤਾਂ ਕਿ ਖ਼ੁਸ਼ਕ ਤੇ ਗਰਮ ਹਵਾ ਜਾਂ ਹਨੇਰੀਆਂ ਨਾਲ ਹੋਣ ਵਾਲੇ ਨੁਕਸਾਨ ਤੋਂ ਬੂਟਿਆਂ ਨੂੰ ਬਚਾਇਆ ਜਾ ਸਕੇ। ਇਹ ਦਰੱਖ਼ਤ ਨਵਾਂ ਬਾਗ਼ ਲਗਾਉਣ ਤੋਂ ਪਹਿਲਾ ਹੀ ਲਗਾ ਲੈਣੇ ਚਾਹੀਦੇ ਹਨ। ਇਸ ਹਵਾ ਰੋਕੂ ਵਾੜ ਨੂੰ ਹੋਰ ਕਾਰਗਰ ਬਣਾਉਣ ਲਈ ਉਕਤ ਦਰੱਖ਼ਤਾਂ ਦੇ ਵਿਚਕਾਰ ਦਰਮਿਆਨੇ ਕੱਦ ਦੇ ਤੇ ਸੰਘਣੀ ਛਤਰੀ ਵਾਲੇ ਦਰੱਖ਼ਤ ਜਿਵੇਂ ਬੋਗਨਵਿਲੀਆ, ਜੱਟੀ-ਖੱਟੀ, ਗਲਗਲ, ਕਰੌਂਦਾ ਆਦਿ ਲਗਾਏ ਜਾ ਸਕਦੇ ਹਨ।*

## ਤਣਿਆਂ 'ਤੇ ਸਫ਼ੈਦੀ ਕਰਨਾ

ਜੇਕਰ ਬੂਟਿਆਂ ਦੇ ਤਣਿਆਂ 'ਤੇ ਸਫ਼ੈਦੀ ਕਰ ਦਿੱਤੀ ਜਾਵੇ ਤਾਂ ਗਰਮੀ ਦੇ ਮਾੜੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ, ਕਿਉਂਕਿ ਚਿੱਟਾ ਰੰਗ ਰੋਸ਼ਨੀ ਨੂੰ ਜਜ਼ਬ ਨਹੀਂ ਕਰਦਾ, ਜਿਸ ਨਾਲ ਬੂਟੇ ਦੇ ਤਣੇ ਗਰਮ ਨਹੀਂ ਹੁੰਦੇ। ਸਫ਼ੈਦੀ ਦਾ ਘੋਲ ਤਿਆਰ ਕਰਨ ਲਈ 25 ਕਿੱਲੋ ਚੂਨੇ ਨੂੰ 100 ਲਿਟਰ ਪਾਣੀ ਵਿਚ ਘੋਲ ਲਵੋ। ਬਿਮਾਰੀਆਂ ਦਾ ਪ੍ਰਭਾਵ ਘੱਟ ਕਰਨ ਲਈ ਇਸ ਵਿਚ 500 ਗ੍ਰਾਮ ਨੀਲਾ ਥੋਥਾ ਮਿਲਾਓ ਤੇ ਇਸ ਮਿਸ਼ਰਣ ਨੂੰ ਤਣਿਆਂ ਉੱਪਰ ਲੰਬੇ ਸਮੇਂ ਤਕ ਟਿਕਾਈ ਰੱਖਣ ਲਈ 500 ਗ੍ਰਾਮ ਸਰੇਸ਼ ਗਰਮ ਪਾਣੀ 'ਚ ਘੋਲ ਕੇ ਇਸ ਵਿਚ ਪਾ ਲਵੋ।

## ਮਲਚਿੰਗ

ਫਲਦਾਰ ਬੂਟਿਆਂ ਹੇਠ ਪਰਾਲੀ, ਸੁੱਕਾ ਘਾਹ, ਪੱਤੇ ਆਦਿ ਵਿਛਾ ਕੇ ਬੂਟਿਆਂ ਹੇਠ ਸਿੱਲ੍ਹ ਕਾਇਮ ਰੱਖੀ ਜਾ ਸਕਦੀ ਹੈ। ਇਸ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਤੇ ਬੂਟਿਆਂ ਦੁਆਲੇ ਸੂਖਮ ਵਾਤਾਵਰਨ ਠੰਢਾ ਰੱਖਣ ਦੇ ਨਾਲ-ਨਾਲ ਨਦੀਨਾਂ ਦੀ ਰੋਕਥਾਮ ਵੀ ਹੁੰਦੀ ਹੈ। ਘਰੇਲੂ ਪੱਧਰ 'ਤੇ ਲਗਾਏ ਫਲਦਾਰ ਬੂਟਿਆਂ, ਖ਼ਾਸ ਕਰਕੇ ਬਾਰਾਮਾਸੀ ਨਿੰਬੂ, ਅਨਾਰ, ਲੀਚੀ ਆਦਿ ਦੇ ਹੇਠਾਂ ਪਰਾਲੀ ਵਿਛਾ ਕੇ ਲਗਾਤਾਰ ਹਲਕਾ ਪਾਣੀ ਦੇ ਕੇ ਫਲਾਂ ਦੇ ਫਟਣ ਦੀ ਸਮੱਸਿਆ ਨੂੰ ਘੱਟ ਕੀਤਾ ਜਾ ਸਕਦਾ ਹੈ।

ਮੋਬਾਈਲ 81463-61111

# ਭਾਰਤ ਅਤੇ ਪਾਕਿਸਤਾਨ ਜੰਗਬੰਦੀ ਲਈ ਸਹਿਮਤ

## ਭਾਰਤ ਅਤੇ ਪਾਕਿਸਤਾਨ ਦੇ ਡੀਜੀਐਮਓ 12 ਮਈ ਨੂੰ ਦੁਪਹਿਰ 12 ਵਜੇ ਦੁਬਾਰਾ ਗੱਲਬਾਤ ਕਰਨਗੇ: ਵਿਦੇਸ਼ ਸਕੱਤਰ ਵਿਕਰਮ ਮਿਸਰੀ

**ਵਾਸ਼ਿੰਗਟਨ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਟਰਪਤੀ ਡੌਨਲਡ ਟਰੰਪ ਨੇ ਸ਼ਨਿਚਰਵਾਰ ਨੂੰ ਦਾਅਵਾ ਕੀਤਾ ਕਿ ਅਮਰੀਕਾ ਦੀ ਵਿਚੋਲਗੀ ਨਾਲ ਹੋਈ ਗੱਲਬਾਤ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਪੂਰੀ ਅਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਅਮਰੀਕਾ ਦੀ ਵਿਚੋਲਗੀ ਨਾਲ ਹੋਈ ਜੰਗਬੰਦੀ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਵੱਲੋਂ ਇਕ ਦੂਜੇ ਦੇ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਤੋਂ ਕੁਝ ਘੰਟੇ ਬਾਅਦ ਹੋਈ। ਅਮਰੀਕੀ ਰਾਸ਼ਟਰਪਤੀ ਨੇ ਟਰੂਥ ਸੋਸ਼ਲ 'ਤੇ ਇਕ ਪੋਸਟ ਵਿਚ ਐਲਾਨ ਕੀਤਾ, ਅਮਰੀਕਾ ਦੀ ਵਿਚੋਲਗੀ ਨਾਲ ਹੋਈ ਰਾਤ ਭਰ ਦੀ ਗੱਲਬਾਤ ਤੋਂ ਬਾਅਦ ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਪੂਰੀ ਅਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ।" ਟਰੰਪ ਨੇ ਅੱਗੇ ਕਿਹਾ, "ਕਿ ਯੋਗ ਸਮਝ ਅਤੇ ਮਹਾਨ ਬੁੱਧੀ ਦੀ ਵਰਤੋਂ ਕਰਨ 'ਤੇ ਦੋਵਾਂ ਦੇਸ਼ਾਂ ਨੂੰ ਵਧਾਈਆਂ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।" ਟਰੰਪ ਵੱਲੋਂ ਇਹ ਐਲਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕ ਰੂਬੀਓ ਵੱਲੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਅਤੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨਾਲ ਗੱਲ ਕਰਨ ਤੋਂ ਬਾਅਦ ਆਇਆ। ਰੂਬੀਓ ਨੇ ਵੀ 'ਐਕਸ' 'ਤੇ ਇਸੇ ਤਰ੍ਹਾਂ ਦਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਸੀ ਕਿ, "ਪਿਛਲੇ 48 ਘੰਟਿਆਂ ਦੌਰਾਨ ਵੈਂਸ ਅਤੇ ਮੈਂ ਸੀਨੀਅਰ ਭਾਰਤੀ ਅਤੇ ਪਾਕਿਸਤਾਨੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਾਹਬਾਜ਼ ਸ਼ਰੀਫ, ਵਿਦੇਸ਼ ਮੰਤਰੀ ਸੁਬ੍ਰਾਹਮਣੀਅਮ ਜੈਸ਼ੰਕਰ, ਫੌਜ ਮੁਖੀ ਅਸੀਮ ਮੁਨੀਰ, ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਅਸੀਮ ਮਲਿਕ ਸ਼ਾਮਲ ਹਨ।" ਉਸਨੇ ਕਿਹਾ ਕਿ ਉਸਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਈਆਂ ਹਨ ਅਤੇ ਇਕ ਨਿਰਪੱਖ ਸਥਾਨ 'ਤੇ ਮੁੱਦਿਆਂ ਦੇ ਇਕ ਵਿਸ਼ਾਲ ਸਮੂਹ 'ਤੇ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋ ਗਈਆਂ ਹਨ।

ਭਾਰਤ ਨੇ ਕਿਹਾ ਹੈ ਪਾਕਿਸਤਾਨ ਦੇ ਡੀਜੀਐੱਮਓ ਵੱਲੋਂ ਭਾਰਤ ਦੇ ਡੀਜੀਐੱਮਓ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਗਈ, ਇਸ ਦੌਰਾਨ ਦੋਵੇਂ ਧਿਰਾਂ ਅੱਜ ਸ਼ਾਮ ਪੰਜ ਵਜੇ ਤੋਂ ਜੰਗਬੰਦੀ ਲਈ ਸਹਿਮਤ ਹੋ ਗਈਆ ਹਨ। ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਡੀਜੀਐਮਓ 12 ਮਈ ਨੂੰ ਦੁਪਹਿਰ 12 ਵਜੇ ਦੁਬਾਰਾ ਗੱਲਬਾਤ ਕਰਨਗੇ।

# ਭਾਰਤ ਨੇ ਪਾਕਿਸਤਾਨ ਦੇ ਫੌਜੀ ਟਿਕਾਣਿਆਂ ਨੂੰ ਬਣਾਇਆ ਨਿਸ਼ਾਨਾ

## ਪੱਛਮੀ ਫਰੰਟ 'ਤੇ 26 ਡਰੋਨ ਹਮਲਿਆਂ ਦੇ ਜਵਾਬ ਵਿਚ ਭਾਰਤ ਨੇ ਕੀਤੀ ਕਾਰਵਾਈ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਕਿਸਤਾਨੀ ਡਰੋਨਾਂ ਵੱਲੋਂ ਬੀਤੀ ਰਾਤ ਪੱਛਮੀ ਫਰੰਟ ਦੇ ਨਾਲ-ਨਾਲ 26 ਥਾਵਾਂ 'ਤੇ ਘੁਸਪੈਠ ਮਗਰੋਂ ਭਾਰਤੀ ਹਥਿਆਰਬੰਦ ਬਲਾਂ ਨੇ ਸ਼ਨਿੱਚਰਵਾਰ ਵੱਡੇ ਤੜਕੇ ਪਾਕਿਸਤਾਨ ਵਿੱਚ ਕਰੀਬ ਅੱਧੀ ਦਰਜਨ ਥਾਵਾਂ 'ਤੇ ਫੌਜੀ ਟਿਕਾਣਿਆਂ ਨੂੰ ਤਬਾਹ ਕੀਤਾ ਹੈ। ਇਨ੍ਹਾਂ ਹਮਲਿਆਂ ਨਾਲ ਪਾਕਿਸਤਾਨ ਦੀ ਹਵਾਈ ਨਿਗਰਾਨੀ ਅਤੇ ਹਮਲਾ ਪ੍ਰਣਾਲੀ ਪ੍ਰਭਾਵਿਤ ਹੋਈ ਹੈ। ਇਸ ਤੋਂ ਪਹਿਲਾਂ ਅੱਜ ਸਵੇਰੇ ਪਾਕਿਸਤਾਨੀ ਫੌਜ ਨੇ ਦਾਅਵਾ ਕੀਤਾ ਹੈ ਕਿ ਧਮਾਕੇ ਤਿੰਨ ਹਵਾਈ ਫੌਜ ਦੇ ਟਿਕਾਣਿਆਂ 'ਤੇ ਹੋਏ ਹਨ, ਜਿਨ੍ਹਾਂ ਵਿੱਚ ਰਾਵਲਪਿੰਡੀ ਵਿੱਚ ਨੂਰ ਖਾਨ ਏਅਰ ਬੇਸ ਵੀ ਸ਼ਾਮਲ ਹੈ, ਜੋ ਕਿ ਇਸਲਾਮਾਬਾਦ ਤੋਂ 10 ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਅਤੇ ਦੇਸ਼ ਦੇ ਫੌਜੀ ਹੈੱਡਕੁਆਰਟਰ ਦੇ ਨਾਲ ਲੱਗਦੀ ਮੁੱਖ ਜਗ੍ਹਾ ਹੈ।

ਕੇਂਦਰ ਸਰਕਾਰ ਨੇ Opertion Sindoor ਨੂੰ ਲੈ ਕੇ ਕੀਤੀ ਵਿਸ਼ੇਸ਼ ਬ੍ਰੀਫਿੰਗ ਦੌਰਾਨ ਕਿਹਾ ਕਿ ਪਾਕਿਸਤਾਨ ਨੇ ਸ਼ੁੱਕਰਵਾਰ ਰਾਤ ਨੂੰ ਊਧਮਪੁਰ, ਪਠਾਨਕੋਟ ਤੇ ਬਠਿੰਡਾ ਸਣੇ ਹੋਰਨਾਂ ਹਵਾਈ ਬੇਸਾਂ ਨੂੰ ਨਿਸ਼ਾਨਾ ਬਣਾਇਆ। ਬ੍ਰੀਫਿੰਗ ਵਿਚ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਥਲ ਸੈਨਾ ਦੀ ਕਰਨਲ ਸੋਫੀਆ ਕੁਰੈਸ਼ੀ ਤੇ ਹਵਾਈ ਸੈਨਾ ਦੀ ਵਿੰਗ ਕਮਾਂਡਰ ਵਿਓਮਿਕਾ ਸਿੰਘ ਮੌਜੂਦ ਸਨ।

ਕਰਨਲ ਸੋਫੀਆ ਨੇ ਕਿਹਾ ਕਿ ਪਾਕਿਸਤਾਨ ਨੇ ਡਰੋਨਾਂ ਤੇ ਹੋਰ ਅਤਿਆਧੁਨਿਕ ਹਥਿਆਰਾਂ ਨਾਲ ਭਾਰਤ ਦੇ ਪੱਛਮੀ ਫਰੰਟ ਨੂੰ ਨਿਸ਼ਾਨਾ ਬਣਾਇਆ। ਕੁੱਲ ਮਿਲਾ ਕੇ 26 ਭਾਰਤੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਭਾਰਤ ਨੇ ਤਕਰੀਬਨ ਹਰੇਕ ਹਮਲੇ ਨੂੰ ਨਾਕਾਮ ਕਰ ਦਿੱਤਾ। ਕੁਰੈਸ਼ੀ ਨੇ ਕਿਹਾ, "ਪਾਕਿਸਤਾਨ ਨੇ ਸ੍ਰੀਨਗਰ, ਅਵੰਤੀਪੋਰਾ ਤੇ ਊਧਮਪੁਰ ਵਿਚ ਸਕੂਲ ਤੇ ਹਸਪਤਾਲ ਨੂੰ ਵੀ ਨਿਸ਼ਾਨਾ ਬਣਾਇਆ।"

ਕਰਨਲ ਸੋਫੀਆ ਕੁਰੈਸ਼ੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਾਰਤ ਤਣਾਅ ਨਹੀਂ ਚਾਹੁੰਦਾ, ਬਸ਼ਰਤੇ ਪਾਕਿਸਤਾਨ ਵੀ ਇਸੇ ਤਰ੍ਹਾਂ ਵਿਵਹਾਰ ਕਰੇ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਕਾਰਵਾਈਆਂ ਦਾ ਢੁਕਵਾਂ ਜਵਾਬ ਦਿੱਤਾ ਗਿਆ ਹੈ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਵਿਰੁੱਧ ਮਿਜ਼ਾਈਲ ਹਮਲਾ ਕੀਤਾ, ਪਰ ਭਾਰਤੀ ਫੌਜ ਨੇ ਹਰ ਮਿਜ਼ਾਈਲ ਨੂੰ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਫੌਜ ਨੇ ਬੀਤੀ ਰਾਤ ਕੀਤੇ ਹਮਲਿਆਂ ਦੌਰਾਨ ਭਾਰਤੀ ਫੌਜੀ ਟਿਕਾਣਿਆਂ ਦੇ ਨਾਲ-ਨਾਲ ਨਾਗਰਿਕ ਖੇਤਰਾਂ ਅਤੇ ਧਾਰਮਿਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਪਾਕਿਸਤਾਨ 'ਤੇ ਝੂਠ ਫੈਲਾਉਣ ਦਾ ਦੋਸ਼ ਲਗਾਉਂਦੇ ਹੋਏ ਕਰਨਲ ਕੁਰੈਸ਼ੀ ਨੇ ਕਿਹਾ, ਪਾਕਿਸਤਾਨ ਨੇ ਸੋਸ਼ਲ ਮੀਡੀਆ 'ਤੇ ਆਦਮਪੁਰ ਵਿੱਚ ਸਥਿਤ ਭਾਰਤੀ S-400 ਰੱਖਿਆ ਪ੍ਰਣਾਲੀ ਨੂੰ ਤਬਾਹ ਕਰਨ ਵਰਗੇ ਕਈ ਝੂਠੇ ਦਾਅਵੇ ਫੈਲਾਏ ਹਨ, ਜਿਸ ਨੂੰ ਭਾਰਤ ਪੂਰੀ ਤਰ੍ਹਾਂ ਰੱਦ ਕਰਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ 80 ਥਾਵਾਂ 'ਤੇ ਹਵਾਈ ਹਮਲੇ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਭਾਰਤੀ ਫੌਜ ਨੇ ਚਾਰ ਪਾਕਿਸਤਾਨੀ ਏਅਰਬੇਸਾਂ 'ਤੇ ਜਵਾਬੀ ਕਾਰਵਾਈ ਕੀਤੀ ਹੈ। ਸਾਡੀ ਫੌਜ ਨੇ ਪਾਕਿਸਤਾਨ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਢੁਕਵਾਂ ਜਵਾਬ ਦਿੱਤਾ ਹੈ।

ਕਰਨਲ ਕੁਰੈਸ਼ੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਭਾਰਤ ਸ਼ਾਂਤੀ ਚਾਹੁੰਦਾ ਹੈ ਪਰ ਜੇਕਰ ਪਾਕਿਸਤਾਨ ਭੜਕਾਹਟ ਦੀ ਨੀਤੀ ਅਪਣਾਉਂਦਾ ਹੈ, ਤਾਂ ਜਵਾਬ ਉਸ ਦੀ ਆਪਣੀ ਭਾਸ਼ਾ ਵਿੱਚ ਦਿੱਤਾ ਜਾਵੇਗਾ। ਸਾਡੀ ਫੌਜ ਪੂਰੀ ਤਰ੍ਹਾਂ ਚੌਕਸ ਅਤੇ ਸਮਰੱਥ ਹੈ।

ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀਆਂ ਕਾਰਵਾਈਆਂ ਦਾ ਜਵਾਬ ਸੰਜੀਦਾ ਢੰਗ ਨਾਲ ਦਿੱਤਾ। ਪਾਕਿਸਤਾਨ ਦੀ ਕਾਰਵਾਈ ਭੜਕਾਊ ਹੈ ਅਤੇ ਤਣਾਅ ਵਧਾਉਂਦੀ ਹੈ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਅੱਜ ਵੱਡੇ ਤੜਕੇ ਦਾਅਵਾ ਕੀਤਾ ਹੈ ਕਿ ਭਾਰਤ ਨੇ ਉਸ ਦੇ ਤਿੰਨ ਹਵਾਈ ਬੇਸਾਂ 'ਤੇ ਮਿਜ਼ਾਈਲ ਤੇ ਡਰੋਨ ਹਮਲੇ ਕੀਤੇ ਹਨ। ਪਾਕਿਸਤਾਨੀ ਫੌਜ ਦੇ ਤਰਜਮਾਨ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਤੜਕੇ ਚਾਰ ਵਜੇ ਦੇ ਕਰੀਬ ਇਸਲਾਮਾਬਾਦ ਵਿਚ ਕਾਹਲੀ ਵਿਚ ਸੱਦੀ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਭਾਰਤ ਨੇ ਨੂਰ ਖ਼ਾਨ (ਚੱਕਲਾਲਾ, ਰਾਵਲਪਿੰਡੀ), ਮੁਰੀਦ (ਚੱਕਵਾਲ), ਰਫੀਕੀ (ਜੰਗ ਜ਼ਿਲ੍ਹੇ ਦੇ ਸ਼ੋਰਕੋਟ) ਹਵਾਈ ਬੇਸਾਂ 'ਤੇ ਹਮਲਾ ਕਰਕੇ ਪਾਕਿਸਤਾਨੀ ਹਵਾਈ ਸੈਨਾ ਨੂੰ ਨਿਸ਼ਾਨਾ ਬਣਾਇਆ ਹੈ। ਚੌਧਰੀ ਨੇ ਹਾਲਾਂਕਿ ਪਾਕਿ ਹਵਾਈ ਸੈਨਾ ਦੇ ਸਾਰੇ ਅਸਾਸੇ ਸੁਰੱਖਿਅਤ ਹੋਣ ਦਾ ਦਾਅਵਾ ਕੀਤਾ ਸੀ।

**ਪ੍ਰੈਸ ਕਾਨਫਰੰਸ ਦੀਆਂ ਮੁੱਖ ਗੱਲਾਂ**

- ➢ ਭਾਰਤ ਨੇ ਪਾਕਿਸਤਾਨੀ ਕਾਰਵਾਈਆਂ ਦਾ ਢੁਕਵਾਂ ਜਵਾਬ ਦਿੱਤਾ
- ➢ ਪਾਕਿਸਤਾਨ ਦੀਆਂ ਕਾਰਵਾਈਆਂ ਭੜਕਾਊ ਹਨ ਅਤੇ ਤਣਾਅ ਵਧਾਉਂਦੀਆਂ ਹਨ।
- ➢ ਪਾਕਿਸਤਾਨੀ ਕਾਰਵਾਈਆਂ ਦਾ ਢੁਕਵਾਂ ਜਵਾਬ ਦਿੱਤਾ ਗਿਆ ਹੈ।
- ➢ ਪਾਕਿਸਤਾਨ ਨੇ ਸ੍ਰੀਨਗਰ, ਅਵੰਤੀਪੁਰਾ ਅਤੇ ਊਧਮਪੁਰ ਵਿੱਚ ਡਾਕਟਰੀ ਸਹੂਲਤਾਂ 'ਤੇ ਹਮਲਾ ਕੀਤਾ ਪਾਕਿਸਤਾਨ ਨੇ ਪੰਜਾਬ ਵਿੱਚ ਦਾਗੀ ਤੇਜ਼ ਰਫ਼ਤਾਰ ਮਿਜ਼ਾਈਲ।
- ➢ ਪਾਕਿਸਤਾਨੀ ਫੌਜ ਨੂੰ ਸਰਹੱਦੀ ਇਲਾਕਿਆਂ ਵਿੱਚ ਆਪਣੇ ਸੈਨਿਕ ਭੇਜਦੇ ਦੇਖਿਆ ਗਿਆ।
- ➢ ਪਾਕਿਸਤਾਨ ਨੇ ਪੱਛਮੀ ਸਰਹੱਦ ਦੇ ਨਾਲ ਭਾਰਤੀ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਲਈ ਡਰੋਨ, ਲੰਬੀ ਦੂਰੀ ਦੇ ਹਥਿਆਰਾਂ, ਹੋਰ ਹਥਿਆਰਾਂ ਅਤੇ ਜੈੱਟ ਜਹਾਜ਼ਾਂ ਦੀ ਵਰਤੋਂ ਕੀਤੀ।
- ➢ ਪਾਕਿਸਤਾਨੀ ਫੌਜ ਨੇ ਸਵੇਰੇ 1.40 ਵਜੇ ਪੰਜਾਬ ਵਿੱਚ ਇੱਕ ਹਵਾਈ ਸੈਨਾ ਦੇ ਅੱਡੇ ਨੂੰ ਨਿਸ਼ਾਨਾ ਬਣਾਉਣ ਲਈ ਤੇਜ਼ ਰਫ਼ਤਾਰ ਮਿਜ਼ਾਈਲਾਂ ਦੀ ਵਰਤੋਂ ਕੀਤੀ।
- ➢ ਭਾਰਤੀ ਫੌਜ ਨੇ ਭਾਰਤ ਵਿੱਚ ਹਵਾਈ ਸੈਨਾ ਦੇ ਠਿਕਾਣਿਆਂ ਨੂੰ ਤਬਾਹ ਕਰਨ ਦੇ ਪਾਕਿਸਤਾਨੀ ਦਾਅਵਿਆਂ ਨੂੰ ਰੱਦ ਕਰਨ ਲਈ ਤਸਵੀਰਾਂ ਦਿਖਾਈਆਂ।
- ➢ ਧਾਰਮਿਕ ਸਥਾਨ 'ਤੇ ਮਿਜ਼ਾਈਲ ਦਾਗਣ ਦੇ ਪਾਕਿਸਤਾਨੀ ਦਾਅਵੇ ਨੂੰ ਬੇਤੁਕਾ ਦੱਸਿਆ।

# G7 ਵੱਲੋਂ ਭਾਰਤ ਤੇ ਪਾਕਿ ਨੂੰ ਤਣਾਅ ਘਟਾਉਣ ਤੇ ਗੱਲਬਾਤ ਦੇ ਰਾਹ ਪੈਣ ਦਾ ਸੱਦਾ

## ਫੌਜੀ ਟਕਰਾਅ ਨੂੰ ਖੇਤਰੀ ਸਥਿਰਤਾ ਲਈ ਗੰਭੀਰ ਖ਼ਤਰਾ ਦੱਸਿਆ; ਦੋਵਾਂ ਮੁਲਕਾਂ ਦੇ ਨਾਗਰਿਕਾਂ ਦੀ ਸੁਰੱਖਿਆ ਬਾਰੇ ਫ਼ਿਕਰ ਜਤਾਇਆ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤ-ਪਾਕਿਸਤਾਨ ਵਿਚਕਾਰ ਚੱਲ ਰਹੇ ਟਕਰਾਅ ਦਰਮਿਆਨ ਜੀ-7 ਦੇ ਵਿਦੇਸ਼ ਮੰਤਰੀਆਂ ਨੇ ਇੱਕ ਬਿਆਨ ਵਿੱਚ ਦੋਵਾਂ ਮੁਲਕਾਂ ਨੂੰ ਫੌਰੀ 'ਤਣਾਅ ਘਟਾਉਣ' ਤੇ ਇਸ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਸਿੱਧੀ ਗੱਲਬਾਤ ਦੇ ਰਾਹ ਪੈਣ ਦਾ ਸੱਦਾ ਦਿੱਤਾ ਹੈ।

ਜੀ-7 ਵਿਚ ਸ਼ਾਮਲ ਮੈਂਬਰ ਮੁਲਕਾਂ ਨੇ ਕਿਹਾ, 'ਅਸੀਂ ਫੌਰੀ ਤਣਾਅ ਘਟਾਉਣ ਦੀ ਮੰਗ ਕਰਦੇ ਹਾਂ ਅਤੇ ਦੋਵਾਂ ਦੇਸ਼ਾਂ ਨੂੰ ਮਸਲੇ ਦੇ ਸ਼ਾਂਤੀਪੂਰਨ ਹੱਲ ਲਈ ਸਿੱਧੇ ਸੰਵਾਦ ਦੇ ਰਾਹ ਪੈਣ ਦਾ ਸੱਦਾ ਦਿੰਦੇ ਹਾਂ।" ਬਿਆਨ ਵਿੱਚ ਕਿਹਾ ਗਿਆ, "ਅਸੀਂ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਅਤੇ ਫੌਰੀ ਤੇ ਕੂਟਨੀਤਕ ਹੱਲ ਲਈ ਆਪਣੇ ਵੱਲੋਂ ਹਮਾਇਤ ਦੇਣ ਦੀ ਇੱਛਾ ਜਤਾਉਂਦੇ ਹਾਂ।"

ਬਿਆਨ ਵਿੱਚ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਦੀ 'ਸਖ਼ਤ ਨਿੰਦਾ' ਕਰਦਿਆਂ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਤੋਂ ਵੱਧ ਤੋਂ ਵੱਧ ਸੰਜਮ ਨਾਲ ਕੰਮ ਲੈਣ ਦੀ ਅਪੀਲ ਕੀਤੀ ਗਈ ਹੈ। ਜੀ 7 ਮੈਂਬਰ ਮੁਲਕਾਂ ਨੇ ਕਿਹਾ, "ਫੌਜ ਟਕਰਾਅ ਖੇਤਰੀ ਸਥਿਰਤਾ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਸਾਨੂੰ ਦੋਵਾਂ ਮੁਲਕਾਂ ਦੇ ਨਾਗਰਿਕਾਂ ਦੀ ਸੁਰੱਖਿਆ ਦੀ ਫ਼ਿਕਰ ਹੈ।" 77 ਵਿੱਚ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਯੂਨਾਈਟਿਡ ਕਿੰਗਡਮ ਤੇ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਪ੍ਰਤੀਨਿਧੀ ਸ਼ਾਮਲ ਹਨ।

# ਬੀਐੱਸਐੱਫ ਵੱਲੋਂ ਪਾਕਿਸਤਾਨ ਦੇ ਸਿਆਲਕੋਟ 'ਚ ਦਹਿਸ਼ਤੀ ਟਿਕਾਣਾ ਤਬਾਹ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਐੱਸਐੱਫ ਨੇ ਸ਼ੁੱਕਰਵਾਰ ਰਾਤ ਨੂੰ ਜਵਾਬੀ ਹਮਲੇ ਵਿੱਚ ਪਾਕਿਸਤਾਨ ਦੇ ਸਿਆਲਕੋਟ ਵਿੱਚ ਅਖਨੂਰ ਸੈਕਟਰ ਦੇ ਬਿਲਕੁਲ ਸਾਹਮਣੇ ਇੱਕ ਦਹਿਸ਼ਤੀ ਟਿਕਾਣੇ ਨੂੰ ਤਬਾਹ ਕੀਤਾ ਹੈ।

ਸਰਕਾਰੀ ਸੂਤਰਾਂ ਅਨੁਸਾਰ ਸ਼ੁੱਕਰਵਾਰ ਰਾਤ 9 ਵਜੇ ਦੇ ਕਰੀਬ, ਪਾਕਿਸਤਾਨ ਨੇ ਜੰਮੂ ਸੈਕਟਰ ਵਿੱਚ ਬੀਐਸਐਫ ਦੀਆਂ ਚੌਕੀਆਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ। ਬੀਐੱਸਐੱਫ ਦੇ ਜਵਾਨਾਂ ਨੇ ਹਮਲੇ ਦਾ ਢੁੱਕਵਾਂ ਜਵਾਬ ਦਿੱਤਾ, ਜਿਸ ਨਾਲ ਕੌਮਾਂਤਰੀ ਸਰਹੱਦ (ਆਈਬੀ) ਦੇ ਨਾਲ ਪਾਕਿਸਤਾਨ ਰੇਂਜਰਾਂ ਦੀਆਂ ਚੌਕੀਆਂ ਅਤੇ ਜਾਇਦਾਦ ਨੂੰ ਵਿਆਪਕ ਨੁਕਸਾਨ ਪਹੁੰਚਿਆ।

ਬੀਐੱਸਐੱਫ ਦੇ ਜਵਾਨਾਂ ਨੇ ਅਖਨੂਰ ਸੈਕਟਰ ਵਿਚ ਕੰਟਰੋਲ ਰੇਖਾ ਤੋਂ ਪਾਰ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦੇ ਲੂਨੀ ਵਿੱਚ ਅਤਿਵਾਦੀਆਂ ਦੇ ਲਾਂਚ ਪੈਡ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਇਸ ਤੋਂ ਪਹਿਲਾਂ 8 ਮਈ ਦੀ ਦੇਰ ਰਾਤ ਨੂੰ, ਬੀਐੱਸਐੱਫ ਨੇ ਦਹਿਸ਼ਤਗਰਦਾਂ ਵੱਲੋਂ ਘੁਸਪੈਠ ਦੀ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ, ਜਿਸ ਵਿੱਚ ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿੱਚ ਕੌਮਾਂਤਰੀ ਸਰਹੱਦ (ਆਈਬੀ) 'ਤੇ ਸੱਤ ਦਹਿਸ਼ਤਗਰਦ ਮਾਰੇ ਗਏ ਸਨ।

# ਜੰਮੂ: ਪਾਕਿਸਤਾਨੀ ਗੋਲਾਬਾਰੀ ਵਿਚ ਬੀਐੱਸਐੱਫ ਦੇ 8 ਜਵਾਨ ਜ਼ਖਮੀ

**ਜੰਮੂ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਨਿਚਰਵਾਰ ਨੂੰ ਜੰਮੂ ਵਿਚ ਅੰਤਰਰਾਸ਼ਟਰੀ ਸਰਹੱਦ (ਆਈਬੀ) ਦੇ ਨਾਲ ਪਾਕਿਸਤਾਨੀ ਗੋਲਾਬਾਰੀ ਵਿਚ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੇ ਅੱਠ ਜਵਾਨ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਆਰਐੱਸ ਪੁਰਾ ਸੈਕਟਰ ਵਿੱਚ ਵਾਪਰੀ ਹੈ।

ਉਨ੍ਹਾਂ ਦੱਸਿਆ ਕਿ ਫੌਜੀਆਂ ਨੂੰ ਨੇੜਲੇ ਫੌਜੀ ਮੈਡੀਕਲ ਸਹੂਲਤ ਵਿਚ ਲਿਜਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਬੀਐੱਸਐੱਫ ਨੂੰ 2,000 ਕਿਲੋਮੀਟਰ ਤੋਂ ਵੱਧ ਲੰਬੀ ਭਾਰਤ-ਪਾਕਿਸਤਾਨ ਆਈਬੀ (International Border) ਦੀ ਰਾਖੀ ਕਰਨ ਦਾ ਕੰਮ ਸੌਂਪਿਆ ਗਿਆ ਹੈ।

# ਹਰਿਆਣਾ ਦੇ ਕਬੱਡੀ ਖਿਡਾਰੀਆਂ ਦੀ ਕਾਰ ਟਰੱਕ ਨਾਲ ਟਕਰਾਈ; 1 ਹਲਾਕ, 5 ਗੰਭੀਰ ਜ਼ਖ਼ਮੀ

**ਨੰਗਲ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਨੰਗਲ-ਚੰਡੀਗੜ੍ਹ ਮੇਨ ਸੜਕ 'ਤੇ ਪਿੰਡ ਬ੍ਰਾਹਮਪੁਰ ਨਜ਼ਦੀਕ ਹੋਏ ਇੱਕ ਸੜਕ ਹਾਦਸੇ 'ਚ ਇੱਕ ਕਬੱਡੀ ਖਿਡਾਰੀ ਦੀ ਦਰਦਨਾਕ ਮੌਤ ਹੋ ਗਈ ਜਦਕਿ ਪੰਜ ਖਿਡਾਰੀ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਸਿਵਲ ਹਸਪਤਾਲ ਨੰਗਲ ਅਤੇ ਪੀਜੀਆਈ ਚੰਡੀਗੜ੍ਹ ਦਾਖਲ ਕਰਵਾਇਆ ਗਿਆ ਹੈ।

ਸਾਰੇ ਖਿਡਾਰੀ ਹਰਿਆਣਾ ਦੇ ਦੱਸੇ ਗਏ ਹਨ ਜੋ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਇੱਕ ਪਿੰਡ ਵਿੱਚ ਕਰਵਾਏ ਜਾ ਰਹੇ ਕਬੱਡੀ ਮੈਚ ਵਿੱਚ ਖੇਡਣ ਜਾ ਰਹੇ ਸਨ ਕਿ ਉਨ੍ਹਾਂ ਦੀ ਕਾਰ ਬ੍ਰਾਹਮਪੁਰ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਜਦੋਂ ਸਾਰੇ ਕਬੱਡੀ ਖਿਡਾਰੀ ਇੱਕ ਕਾਰ ਵਿੱਚ ਸਵਾਰ ਹੋ ਕੇ ਹਰਿਆਣਾ ਤੋਂ ਊਨਾ ਜਾ ਰਹੇ ਸਨ ਤਾਂ ਬ੍ਰਾਹਮਪੁਰ ਕੋਲ ਇੱਕ ਟਰੱਕ ਨੂੰ ਓਵਰਟੇਕ ਕਰਦੇ ਹੋਏ ਉਨ੍ਹਾਂ ਦੀ ਕਾਰ ਦੀ ਨੰਗਲ ਤੋਂ ਜਾ ਰਹੇ ਟਰੱਕ ਨਾਲ ਜ਼ਬਰਦਸਤ ਟੱਕਰ ਹੋ ਗਈ। ਹਾਦਸੇ ਕਾਰਨ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਤੇ ਨੌਜਵਾਨਾਂ ਨੂੰ ਰਾਹਗੀਰਾਂ ਨੇ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ। ਇਸ ਕਾਰਨ ਇੱਕ ਖਿਡਾਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਪੰਜ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਨੰਗਲ ਤੇ ਚੰਡੀਗੜ੍ਹ ਦੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਗੁਜਰਾਤ ਵਿਖੇ ਸਰਹੱਦ ਨੇੜਲੇ ਜ਼ਿਲ੍ਹਿਆਂ ਨੂੰ ਪਿੰਡ ਖਾਲੀ ਕਰਵਾਉਣ ਦੀਆਂ ਤਿਆਰੀਆਂ ਰੱਖਣ ਦੇ ਹੁਕਮ




**ਅਹਿਮਦਾਬਾਦ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੇ ਸ਼ਨਿੱਚਰਵਾਰ ਨੂੰ ਸੂਬੇ ਦੇ ਪਾਕਿਸਤਾਨ ਸਰਹੱਦ ਦੇ ਨੇੜਲੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਪਿੰਡ ਖਾਲੀ ਕਰਵਾਉਣ ਦੀਆਂ ਯੋਜਨਾਵਾਂ ਤਿਆਰ ਰੱਖਣ ਅਤੇ ਜ਼ਰੂਰੀ ਚੀਜ਼ਾਂ ਉਪਲਬਧ ਹੋਣਾ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਭਾਰਤ-ਪਾਕਿਸਤਾਨ ਫੌਜੀ ਟਕਰਾਅ ਦੇ ਵਿਚਕਾਰ ਪਟੇਲ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਕੱਛ, ਬਨਾਸਕਾਂਠਾ, ਪਾਟਨ ਅਤੇ ਜਾਮਨਗਰ ਜ਼ਿਲ੍ਹਿਆਂ ਦੇ ਕੁਲੈਕਟਰਾਂ ਨਾਲ ਇਕ ਵੀਡੀਓ ਕਾਨਫਰੰਸਿੰਗ ਮੀਟਿੰਗ ਕੀਤੀ।

ਇਸ ਦੌਰਾਨ ਕੁਲੈਕਟਰਾਂ ਨੂੰ ਕਿਹਾ ਗਿਆ ਹੈ ਕਿ ਜੇ ਉਨ੍ਹਾਂ ਨੂੰ ਜ਼ਰੂਰੀ ਵਸਤੂਆਂ, ਦਵਾਈਆਂ ਅਤੇ ਬਾਲਣ ਦੀ ਲੋੜ ਹੈ ਤਾਂ ਸਰਕਾਰ ਨੂੰ ਸੂਚਿਤ ਕੀਤਾ ਜਾਵੇ। ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਪਟੇਲ ਨੇ ਜ਼ਿਲ੍ਹਾ ਕੁਲੈਕਟਰਾਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਸੈਟੇਲਾਈਟ ਫੋਨ, ਵਾਇਰਲੈੱਸ ਸਿਸਟਮ, ਵਾਕੀ-ਟਾਕੀ ਅਤੇ ਹੋਰ ਉਪਕਰਣ ਉਪਲਬਧ ਹੋਣ ਤਾਂ ਜੋ ਸੰਚਾਰ ਨੈੱਟਵਰਕ ਬਣਾਈ ਰੱਖਿਆ ਜਾ ਸਕੇ ਅਤੇ ਲੋਕ ਸਮੇਂ ਸਿਰ ਜਾਣਕਾਰੀ ਪ੍ਰਾਪਤ ਕਰ ਸਕਣ। ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਆਪਣੇ ਪਿੰਡ ਖਾਲੀ ਕਰਵਾਉਣ ਦੀਆਂ ਯੋਜਨਾਵਾਂ ਨੂੰ ਹੋਰ ਵਿਆਪਕ ਬਣਾਉਣ ਲਈ ਕਿਹਾ ਗਿਆ ਤਾਂ ਜੋ ਪਾਕਿਸਤਾਨ ਸਰਹੱਦ ਦੇ ਨੇੜੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਲੋੜ ਪੈਣ 'ਤੇ ਸੁਰੱਖਿਅਤ ਥਾਵਾਂ 'ਤੇ ਤਬਦੀਲ ਕੀਤਾ ਜਾ ਸਕੇ।

ਪ੍ਰਮੁੱਖ ਸਕੱਤਰ ਸਿਹਤ ਧਨੰਜੈ ਦਿਵੇਦੀ ਨੇ ਕਿਹਾ ਕਿ ਭੁਜ, ਜਾਮਨਗਰ, ਪਾਟਨ ਅਤੇ ਬਨਾਸਕਾਂਠਾ ਵਿੱਚ ਵਾਧੂ ਐਂਬੂਲੈਂਸਾਂ ਦੇ ਨਾਲ ਸਰਹੱਦੀ ਖੇਤਰਾਂ ਵਿੱਚ ਹੋਰ ਜ਼ਿਲ੍ਹਿਆਂ ਦੇ ਡਾਕਟਰ ਅਤੇ ਹੋਰ ਮੈਡੀਕਲ ਸਟਾਫ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਖ਼ੂਨ ਆਸਾਨੀ ਨਾਲ ਉਪਲਬਧ ਹੋਵੇ ਇਸ ਲਈ ਵੱਡੇ ਪੱਧਰ 'ਤੇ ਖ਼ੂਨਦਾਨ ਕੈਂਪ ਵੀ ਲਗਾਏ ਜਾ ਰਹੇ ਹਨ।

# ਅੰਮ੍ਰਿਤਸਰ ਦੇ ਸ਼ਹਿਰੀ ਤੇ ਦਿਹਾਤੀ ਇਲਾਕਿਆਂ 'ਚ ਡਰੋਨ ਤੇ ਮਿਜ਼ਾਈਲ ਹਮਲੇ

## ਲੋਕਾਂ ਨੇ ਦਹਿਸ਼ਤ 'ਚ ਰਾਤ ਕੱਢੀ; ਲੰਘੀ ਰਾਤ ਤੋਂ ਹੁਣ ਤੱਕ ਚਾਰ ਵਾਰ ਰੈੱਡ ਅਲਰਟ ਜਾਰੀ; ਬਿਆਸ, ਪਿੰਡ ਭਿੱਟੇਵੱਢ, ਛੇਹਰਟਾ ਤੇ ਖਾਸਾ ਖੇਤਰਾਂ 'ਚ ਮਿਜ਼ਾਈਲਾਂ ਤੇ ਡਰੋਨਾਂ ਦਾ ਮਲਬਾ ਡਿੱਗਣ ਦੀਆਂ ਰਿਪੋਰਟਾਂ

**ਅੰਮ੍ਰਿਤਸਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੀ ਜੰਗ ਦੌਰਾਨ ਲੰਘੀ ਰਾਤ ਤੋਂ ਲੈ ਕੇ ਹੁਣ ਤੱਕ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦਾ ਸ਼ਹਿਰੀ ਤੇ ਦਿਹਾਤੀ ਇਲਾਕਾ ਵਧੇਰੇ ਸੰਵੇਦਨਸ਼ੀਲ ਬਣਿਆ ਰਿਹਾ, ਜਿੱਥੇ ਕਈ ਥਾਵਾਂ 'ਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੀ ਸੂਚਨਾ ਹੈ। ਸੁਰੱਖਿਆ ਬਲਾਂ ਨੇ ਹਾਲਾਂਕਿ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਪਰ ਕਈ ਥਾਵਾਂ 'ਤੇ ਡਰੋਨ ਤੇ ਮਿਜ਼ਾਈਲ ਦੇ ਮਲਬੇ ਡਿੱਗੇ ਹਨ। ਫਿਲਹਾਲ ਪ੍ਰਸ਼ਾਸਨ ਵੱਲੋਂ ਅਜਿਹੀ ਕਿਸੇ ਵੀ ਘਟਨਾ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੰਘੀ ਰਾਤ ਤੋਂ ਲੈ ਕੇ ਹੁਣ ਤੱਕ 4 ਵਾਰ ਲੋਕਾਂ ਨੂੰ ਰੈੱਡ ਅਲਰਟ ਲਈ ਸੁਚੇਤ ਕੀਤਾ ਗਿਆ ਹੈ। ਲੰਘੀ ਰਾਤ ਪਹਿਲਾਂ ਕਰੀਬ ਸਾਢੇ 8 ਵਜੇ, ਫਿਰ ਅੱਧੀ ਰਾਤ ਕਰੀਬ 2 ਵਜੇ, ਮੁੜ ਤੜਕੇ ਪੰਜ ਵਜੇ ਅਤੇ ਹੁਣ ਸਵੇਰੇ 8 ਵਜੇ ਮੁੜ ਸੁਚੇਤ ਕੀਤਾ ਗਿਆ ਹੈ। ਇਸ ਦੌਰਾਨ ਸਾਇਰਨ ਵੱਜੇ ਹਨ ਅਤੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਹਦਾਇਤ ਕੀਤੀ ਗਈ।

ਮਿਲੀ ਸੂਚਨਾ ਮੁਤਾਬਿਕ ਲੰਘੀ ਰਾਤ ਪਾਕਿਸਤਾਨ ਵੱਲੋਂ ਅੰਮ੍ਰਿਤਸਰ ਸਰਹੱਦੀ ਜ਼ਿਲ੍ਹੇ ਦੇ ਵਧੇਰੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਭਾਰਤੀ ਸੁਰੱਖਿਆ ਬਲਾਂ ਨੇ ਐਂਟੀ ਡਰੋਨ ਅਤੇ ਐਂਟੀ ਮਿਜ਼ਾਈਲ ਸਿਸਟਮ ਨਾਲ ਇਨ੍ਹਾਂ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਫਿਰ ਵੀ ਕਈ ਥਾਵਾਂ ਤੋਂ ਇਨ੍ਹਾਂ ਦਾ ਮਲਬਾ ਡਿੱਗਣ ਦੀ ਸੂਚਨਾ ਹੈ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਸੀਡੀਐੱਸ ਤੇ ਤਿੰਨੋਂ ਸੈਨਾਵਾਂ ਦੇ ਮੁਖੀਆਂ ਨਾਲ ਬੈਠਕ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਵੱਲੋਂ ਭਾਰਤ ਦੇ ਪੱਛਮੀ ਫਰੰਟ 'ਤੇ 26 ਥਾਵਾਂ ਉੱਤੇ ਡਰੋਨਾਂ ਨਾਲ ਘੁਸਪੈਠ ਤੇ ਭਾਰਤ ਵੱਲੋਂ ਪਾਕਿਸਤਾਨ ਦੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਏ ਜਾਣ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੀ ਰਿਹਾਇਸ਼ 'ਤੇ ਉੱਚ ਪੱਧਰੀ ਬੈਠਕ ਵਿਚ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ। ਇਸ ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ ਅਤੇ ਤਿੰਨੋਂ ਸੈਨਾਵਾਂ ਦੇ ਮੁਖੀ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਨੇ ਹਥਿਆਰਬੰਦ ਬਲਾਂ ਨਾਲ ਭਾਰਤ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ।

# ਜੰਮੂ ਵਿਚ ਪਾਕਿ ਗੋਲਾਬਾਰੀ 'ਚ ਏਡੀਸੀ ਤੇ ਦੋ ਸਾਲਾ ਬੱਚੀ ਸਣੇ ਪੰਜ ਹਲਾਕ

## ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਟਵੀਟ ਕਰਕੇ ਦੁੱਖ ਦਾ ਇਜ਼ਹਾਰ

**ਜੰਮੂ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਵੱਲੋਂ ਸ਼ਨਿੱਚਰਵਾਰ ਤੜਕੇ ਜੰਮੂ ਖੇਤਰ ਵਿੱਚ ਦਾਗੇ ਮੋਰਟਾਰ ਗੋਲਿਆਂ ਅਤੇ ਡਰੋਨ ਹਮਲਿਆਂ ਵਿੱਚ ਜੰਮੂ-ਕਸ਼ਮੀਰ ਦੇ ਸੀਨੀਅਰ ਸਰਕਾਰੀ ਅਧਿਕਾਰੀ ਤੇ ਦੋ ਸਾਲਾ ਬੱਚੀ ਸਣੇ ਪੰਜ ਵਿਅਕਤੀ ਮਾਰੇ ਗਏ।

ਅਧਿਕਾਰੀਆਂ ਨੇ ਕਿਹਾ ਕਿ ਵਧੀਕ ਡਿਪਟੀ ਕਮਿਸ਼ਨਰ ਰਾਜੌਰੀ ਰਾਜ ਕੁਮਾਰ ਥਾਪਾ ਤੇ ਉਨ੍ਹਾਂ ਦੇ ਦੋ ਸਟਾਫ਼ ਮੈਂਬਰ ਰਾਜੌਰੀ ਕਸਬੇ ਵਿਚ ਘਰ ਉੱਤੇ ਡਿੱਗੇ ਗੋਲੇ ਕਰਕੇ ਗੰਭੀਰ ਜ਼ਖ਼ਮੀ ਹੋ ਗਏ। ਤਿੰਨਾਂ ਨੂੰ ਫੌਰੀ ਸਰਕਾਰੀ ਮੈਡੀਕਲ ਕਾਲਜ ਲਿਆਂਦਾ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਥਾਪਾ ਦੀ ਮੌਤ ਹੋ ਗਈ ਜਦੋਂਕਿ ਉਨ੍ਹਾਂ ਦੇ ਸਟਾਫ ਮੈਂਬਰਾਂ ਦੀ ਹਾਲਤ ਗੰਭੀਰ ਹੈ।

ਮੁੱਖ ਮੰਤਰੀ ਉਮਰ ਅਬਦੁੱਲਾ ਨੇ ਥਾਪਾ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਸੰਵੇਦਨਾਵਾਂ ਜ਼ਾਹਿਰ ਕੀਤੀਆਂ ਹਨ। ਅਬਦੁੱਲਾ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਰਾਜੌਰੀ ਤੋਂ ਭਿਆਨਕ ਖ਼ਬਰ। ਅਸੀਂ ਜੰਮੂ-ਕਸ਼ਮੀਰ ਪ੍ਰਸ਼ਾਸਨਿਕ ਸੇਵਾਵਾਂ ਦੇ ਇੱਕ ਸਮਰਪਿਤ ਅਧਿਕਾਰੀ ਨੂੰ ਗੁਆ ਦਿੱਤਾ ਹੈ। ਕੱਲ੍ਹ ਹੀ ਉਹ ਜ਼ਿਲ੍ਹੇ ਦੇ ਆਲੇ-ਦੁਆਲੇ ਉਪ ਮੁੱਖ ਮੰਤਰੀ ਨਾਲ ਸੀ ਅਤੇ ਮੇਰੀ ਪ੍ਰਧਾਨਗੀ ਹੇਠ ਹੋਈ ਆਨਲਾਈਨ ਮੀਟਿੰਗ ਵਿੱਚ ਸ਼ਾਮਲ ਹੋਇਆ ਸੀ।"

ਮੁੱਖ ਮੰਤਰੀ ਨੇ ਕਿਹਾ, "ਰਾਜੌਰੀ ਸ਼ਹਿਰ ਨੂੰ ਨਿਸ਼ਾਨਾ ਬਣਾ ਕੇ ਕੀਤੀ ਗੋਲਾਬਾਰੀ ਵਿੱਚ ਸਾਡੇ ਵਧੀਕ ਜ਼ਿਲ੍ਹਾ ਵਿਕਾਸ ਕਮਿਸ਼ਨਰ ਸ੍ਰੀ ਰਾਜ ਕੁਮਾਰ ਥਾਪਾ ਦੀ ਮੌਤ ਹੋ ਗਈ। ਇਸ ਭਿਆਨਕ ਜਾਨੀ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਉਸ ਦੀ ਆਤਮਾ ਨੂੰ ਸ਼ਾਂਤੀ ਮਿਲੇ।"

ਇਸ ਦੌਰਾਨ ਰਾਜੌਰੀ ਕਸਬੇ ਵਿਚ ਸਨਅਤੀ ਇਲਾਕੇ ਨੇੜੇ ਦਾਗੇ ਮੋਰਟਾਰ ਗੋਲਿਆਂ ਕਰਕੇ ਆਇਸ਼ਾ ਨੂਰ(2) ਤੇ ਮੁਹੰਮਦ ਸ਼ੋਇਬ (35) ਦੀ ਮੌਤ ਹੋ ਗਈ ਜਦੋਂਕਿ ਤਿੰਨ ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਅਧਿਕਾਰੀਆਂ ਮੁਤਾਬਕ ਪੁਣਛ ਜ਼ਿਲ੍ਹੇ ਦੇ ਮੇਂਧੜ ਸੈਕਟਰ ਦੇ ਕਾਂਗੜਾ-ਗਲਹੁੱਟਾ ਪਿੰਡ ਵਿਚ ਇਕ ਘਰ 'ਤੇ ਮੋਰਟਾਰ ਗੋਲਾ ਡਿੱਗਣ ਕਰਕੇ 55 ਸਾਲਾ ਮਹਿਲਾ ਰਾਸ਼ਿਦਾ ਬੀ ਦੀ ਮੌਤ ਹੋ ਗਈ। ਇਕ ਹੋਰ ਘਟਨਾ ਵਿਚ ਜੰਮੂ ਜ਼ਿਲ੍ਹੇ ਦੇ ਆਰਐੱਸਪੁਰਾ ਸੈਕਟਰ ਵਿਚ ਸਰਹੱਦ ਪਾਰੋਂ ਗੋਲੀਬਾਰੀ ਵਿਚ ਬਿਧੀਪੁਰ ਜੱਟਾ ਪਿੰਡ ਦੇ ਅਸ਼ੋਕ ਕੁਮਾਰ ਉਰਫ਼ ਸ਼ੋਕੀ ਦੀ ਮੌਤ ਹੋ ਗਈ।

ਪੁਣਛ ਵਿਚ ਜਾਰੀ ਗੋਲਾਬਾਰੀ ਵਿਚ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਪਸਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਰਾਜੌਰੀ ਦੇ ਨੌਸ਼ਹਿਰਾ ਸੈਕਟਰ ਵਿਚ ਮੁਕਾਮੀ ਪੱਤਰਕਾਰ ਜ਼ਖ਼ਮੀ ਹੋ ਗਿਆ। ਜੰਮੂ ਸ਼ਹਿਰ ਦੇ ਰੇਹਾੜੀ ਤੇ ਰੂਪ ਨਗਰ ਵਿਚ ਵੀ ਮੋਰਟਾਰ ਗੋਲਿਆਂ ਤੇ ਸ਼ੱਕੀ ਡਰੋਨ ਹਮਲਿਆਂ ਵਿਚ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ। -

**ਉੜੀ ਤੇ ਗੁਰੇਜ਼ ਸੈਕਟਰਾਂ ਵਿਚ ਵੀ ਗੋਲੀਬੰਦੀ ਦੀ ਉਲੰਘਣਾ**

ਸ੍ਰੀਨਗਰ: ਪਾਕਿਸਤਾਨੀ ਫੌਜਾਂ ਨੇ ਜੰਮੂ ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨਾਲ ਉੜੀ ਤੇ ਗੁਰੇਜ਼ ਸੈਕਟਰਾਂ ਵਿਚ ਗੋਲੀਬੰਦੀ ਦੀ ਉਲੰਘਣਾ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਸੁਰੱਖਿਆ ਬਲਾਂ ਨੇ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿਚ ਉੜੀ ਸੈਕਟਰ ਦੇ ਚਾਰੁੰਦਾ ਤ ਹਾਟਲੰਗਾ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਉੱਤਰੀ ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ ਵਿਚ ਗੁਰੇਜ਼ ਸੈਕਟਰ ਦੇ ਬਾਗਟੋਰ ਇਲਾਕੇ ਵਿਚ ਗੋਲੀਬੰਦੀ ਦੀ ਉਲੰਘਣਾ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਥਾਵਾਂ 'ਤੇ ਭਾਰੀ ਗੋਲਾਬਾਰੀ ਜਾਰੀ ਹੈ, ਪਰ ਫਿਲਹਾਲ ਕਿਸ ਜਾਨੀ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਸ਼ੁੱਕਰਵਾਰ ਨੂੰ ਪਾਕਿ ਫੌਜਾਂ ਵੱਲੋਂ ਕੰਟਰੋਲ ਰੇਖਾ ਦੇ ਨਾਲ ਬਾਰਾਮੂਲਾ ਅਤੇ ਕੁਪਵਾੜਾ ਜ਼ਿਲ੍ਹਿਆਂ ਵਿਚ ਕੀਤੀ ਗਈ ਭਾਰੀ ਗੋਲੀਬਾਰੀ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਅਤੇ ਉਸ ਦੇ ਪਰਿਵਾਰ ਦੇ ਦੋ ਮੈਂਬਰ ਜ਼ਖਮੀ ਹੋ ਗਏ ਸਨ।

# ਪਹਿਲੇ ਪੜਾਅ 'ਚ ਮਸੂਦ ਅਜ਼ਹਰ ਦੇ ਦੋ ਨੇੜਲੇ ਰਿਸ਼ਤੇਦਾਰਾਂ ਸਣੇ ਪੰਜ ਸਿਖਰਲੇ ਦਹਿਸ਼ਤਗਰਦ ਢੇਰ

## ਪਾਕਿਸਤਾਨੀ ਫੌਜ ਨੇ ਦਹਿਸ਼ਤਗਰਦ ਮੁਦੱਸਰ ਖਾਦਿਆਨ ਖਾਸ ਨੂੰ ਅੰਤਿਮ ਰਸਮਾਂ ਮੌਕੇ 'ਗਾਰਡ ਆਫ ਆਨਰ' ਦਿੱਤਾ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰ ਨੇ ਦੇ ਪਹਿਲੇ ਪੜਾਅ ਵਿਚ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ ਦੋ ਨੇੜਲੇ ਰਿਸ਼ਤੇਦਾਰਾਂ ਸਣੇ ਪੰਜ ਸਿਖਰਲੇ ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਸਰਕਾਰ ਵਿਚਲੇ ਸੂਤਰਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਢੇਰ ਕੀਤੇ ਗਏ ਦਹਿਸ਼ਤਗਰਦਾਂ ਵਿਚ ਮੁਦੱਸਰ ਖਾਦਿਆਨ ਖਾਸ ਉਰਫ਼ ਮੁਦੱਸਰ ਉਰਫ਼ ਅਬੂ ਜੁੰਦਾਲ ਵੀ ਸ਼ਾਮਲ ਹੈ, ਜੋ ਲਸ਼ਕਰ ਏ ਤਇਬਾ ਨਾਲ ਸਬੰਧਤ ਤੇ ਮਰਕਜ਼ ਤਇਬਾ ਮੁਰੀਦਕੇ ਦਾ ਇੰਚਾਰਜ ਸੀ। ਮੁਰੀਦਕੇ ਉਹੀ ਦਹਿਸ਼ਤੀ ਟਿਕਾਣਾ ਹੈ ਜਿਸ ਨੂੰ ਭਾਰਤੀ ਸੁਰੱਖਿਆ ਬਲਾਂ ਨੇ 7 ਮਈ ਦੇ ਹਮਲੇ ਦੌਰਾਨ ਨਿਸ਼ਾਨਾ ਬਣਾਇਆ ਸੀ। ਮੁੰਬਈ ਦਹਿਸ਼ਤੀ ਹਮਲੇ ਨਾਲ ਸਬੰਧਤ ਦਹਿਸ਼ਤਗਰਦਾਂ ਅਜਮਲ ਕਸਾਬ ਤੇ ਮੁੱਖ ਸਾਜ਼ਿਸ਼ਘਾੜੇ ਡੇਵਿਡ ਹੈਡਲੀ ਨੂੰ ਮੁਰੀਦਕੇ ਮਰਕਜ਼ ਵਿਚ ਹੀ ਸਿਖਲਾਈ ਦਿੱਤੀ ਗਈ ਸੀ।

ਖਾਸ ਨੂੰ ਸਪੁਰਦੇ ਖਾਕ ਕੀਤੇ ਜਾਣ ਮੌਕੇ ਪਾਕਿਸਤਾਨੀ ਫੌਜ ਵੱਲੋਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ ਸੀ। ਪਾਕਿਸਤਾਨੀ ਫੌਜ ਮੁਖੀ ਅਤੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ। ਖਾਸ ਦੀਆਂ ਅੰਤਿਮ ਰਸਮਾਂ ਸਰਕਾਰੀ ਸਕੂਲ ਵਿੱਚ ਕੀਤੀਆਂ ਗਈਆਂ, ਜਿਸ ਦੀ ਅਗਵਾਈ ਜਮਾਤ-ਉਦ-ਦਾਵਾ (ਇੱਕ ਨਾਮਜ਼ਦ ਆਲਮੀ ਦਹਿਸ਼ਤੀ ਜਥੇਬੰਦੀ) ਦੇ ਹਾਫਿਜ਼ ਅਬਦੁਲ ਰਊਫ ਨੇ ਕੀਤੀ। ਅੰਤਿਮ ਰਸਮਾਂ ਵਿੱਚ ਪਾਕਿਸਤਾਨੀ ਫੌਜ ਦੇ ਇੱਕ ਸੇਵਾਮੁਕਤ ਲੈਫਟੀਨੈਂਟ ਜਨਰਲ ਅਤੇ ਪੰਜਾਬ ਪੁਲੀਸ ਦੇ ਆਈਜੀ ਨੇ ਵੀ ਸ਼ਿਰਕਤ ਕੀਤੀ।

ਭਾਰਤੀ ਹਮਲੇ ਵਿੱਚ ਮਾਰਿਆ ਗਿਆ ਦੂਜਾ ਦਹਿਸ਼ਤਗਰਦ ਹਾਫਿਜ਼ ਮੁਹੰਮਦ ਜਮੀਲ ਹੈ, ਜੋ ਜੈਸ਼-ਏ-ਮੁਹੰਮਦ ਨਾਲ ਜੁੜਿਆ ਹੋਇਆ ਹੈ। ਉਹ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦਾ ਸਭ ਤੋਂ ਵੱਡਾ ਭਣੋਈਆ ਹੈ, ਜੋ ਕਿ ਭਾਰਤ ਦੇ ਸਭ ਤੋਂ ਵੱਧ ਲੋੜੀਂਦੇ ਅਤਿਵਾਦੀਆਂ ਵਿੱਚੋਂ ਇੱਕ ਹੈ, ਅਤੇ ਉਸ 'ਤੇ ਕਈ ਘਾਤਕ ਹਮਲਿਆਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਇਸ ਵਿਚ 2019 ਦਾ ਪੁਲਵਾਮਾ ਬੰਬ ਧਮਾਕਾ ਵੀ ਸ਼ਾਮਲ ਹੈ, ਜਿਸ ਵਿੱਚ 40 ਸੀਆਰਪੀਐੱਫ ਜਵਾਨ ਮਾਰੇ ਗਏ ਸਨ। ਹਾਫਿਜ਼ ਮੁਹੰਮਦ ਜਮੀਲ ਬਹਾਵਲਪੁਰ ਦੇ ਮਰਕਜ਼ ਸੁਭਾਨ ਅੱਲ੍ਹਾ ਦਾ ਇੰਚਾਰਜ ਸੀ। ਇਸੇ ਮਰਕਜ਼ ਉੱਤੇ ਭਾਰਤ ਨੇ ਹਮਲਾ ਕੀਤਾ ਸੀ। ਉਹ ਨੌਜਵਾਨਾਂ ਨੂੰ ਕੱਟੜਪੰਥੀ ਸਿੱਖਿਆ ਦੇਣ ਅਤੇ ਜੈਸ਼-ਏ-ਮੁਹੰਮਦ ਲਈ ਫੰਡ ਇਕੱਠਾ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ।

# ਸੁਰੱਖਿਆ ਨੂੰ ਪਹਿਲ: ਮੁੱਖ ਮੰਤਰੀ ਮਾਨ ਨੇ ਨਾਗਰਿਕਾਂ ਨੂੰ ਡਰੋਨ/ਮਿਜ਼ਾਈਲ ਦੇ ਮਲਬੇ ਤੋਂ ਦੂਰ ਰਹਿਣ ਅਤੇ ਪੁਲਿਸ ਨੂੰ ਤੁਰੰਤ ਸੂਚਿਤ ਕਰਨ ਦੀ ਕੀਤੀ ਅਪੀਲ

**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨਿੱਚਰਵਾਰ ਨੂੰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਮਿਜ਼ਾਈਲ ਜਾਂ ਡਰੋਨ ਹਮਲੇ ਵਾਲੀ ਥਾਂ @ਤੇ ਜਲਦੀ ਨਾ ਜਾਣ ਅਤੇ ਅਣਪਛਾਤੇ ਮਲਬੇ ਨੂੰ ਛੂਹਣ ਤੋਂ ਗੁਰੇਜ਼ ਕਰਨ, ਜਦੋਂ ਤੱਕ ਫੌਜ ਦੇ ਅਧਿਕਾਰੀਆਂ ਦੁਆਰਾ ਇਸ ਨੂੰ ਨਕਾਰਾ ਨਹੀਂ ਕਰ ਲਿਆ ਜਾਂਦਾ।

ਲੋਕਾਂ ਨੂੰ ਭਾਵੁਕ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਡਰੋਨ ਜਾਂ ਮਿਜ਼ਾਈਲ ਦਾ ਕੋਈ ਵੀ ਹਿੱਸਾ ਮਿਲਦਾ ਹੈ, ਲੋਕਾਂ ਨੂੰ ਉਸ ਥਾਂ ਜਲਦੀ ਨਹੀਂ ਜਾਣਾ ਚਾਹੀਦਾ ਕਿਉਂਕਿ ਇਹ ਨਕਾਰਾ ਹੋਣ ਤੋਂ ਪਹਿਲਾਂ ਨੁਕਸਾਨਦੇਹ ਹੋ ਸਕਦਾ ਹੈ। ਆਮ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਹ ਕੋਈ ਮਿਜ਼ਾਈਲ ਜਾਂ ਬੈਲਿਸਟਿਕ ਸਮੱਗਰੀ ਦੇਖਦੇ ਹਨ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਅਜਿਹੀਆਂ ਖਤਰਨਾਕ ਵਸਤੂਆਂ ਦੇ ਨੇੜੇ ਜਾਣ ਜਾਂ ਛੂਹਣ ਤੋਂ ਸੁਚੇਤ ਕੀਤਾ ਕਿਉਂਕਿ ਇਹ ਘਾਤਕ ਹੋ ਸਕਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਾਕਿਸਤਾਨ ਵਿਰੁੱਧ ਇਸ ਜੰਗ ਵਿੱਚ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਹਰ ਸੰਭਵ ਮਦਦ ਦੇ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਕਿਸਤਾਨ ਦਾ ਦੋਹਰਾ ਚਿਹਰਾ ਨੰਗਾ ਹੋ ਗਿਆ ਹੈ ਕਿਉਂਕਿ ਉਹ ਹਥਿਆਰਾਂ ਦੀ ਵਰਤੋਂ ਤੇਜ਼ ਕਰ ਕੇ ਆਮ ਆਦਮੀ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਦੂਜੇ ਪਾਸੇ ਸ਼ਾਂਤੀ ਦੀ ਗੱਲ ਕਰ ਰਿਹਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਅੱਗੇ ਹੋ ਕੇ ਅਗਵਾਈ ਕਰੇਗਾ ਅਤੇ ਹਮੇਸ਼ਾ ਵਾਂਗ ਅਸੀਂ ਦੇਸ਼ ਲਈ ਹਰ ਕੁਰਬਾਨੀ ਦੇਵਾਂਗੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਬਹਾਦਰ ਹਨ ਅਤੇ ਪੰਜਾਬੀਆਂ ਨੇ ਹਮੇਸ਼ਾ ਦੇਸ਼ ਦੀ ਖੜਗ ਭੁਜਾ ਵਾਂਗ ਕੰਮ ਕੀਤਾ ਹੈ ਅਤੇ ਇਹ ਸਮਾਂ ਵੀ ਕੋਈ ਵੱਖਰਾ ਨਹੀਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤੀ ਫੌਜਾਂ ਨੇ ਪਾਕਿਸਤਾਨ ਵਿੱਚ ਚੱਲ ਰਹੇ ਅਤਿਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾਇਆ ਹੈ, ਜਦੋਂ ਕਿ ਸਾਡਾ ਗੁਆਂਢੀ ਦੇਸ਼ ਰਿਹਾਇਸ਼ੀ ਇਲਾਕਿਆਂ @ਤੇ ਹਮਲਾ ਕਰ ਰਿਹਾ ਹੈ। ਸੂਬੇ ਦੇ ਸਿਵਲ ਅਤੇ ਫੌਜੀ ਖੇਤਰਾਂ ਨੂੰ ਨਿਸ਼ਾਨਾ ਬਣਾਉਣ ਲਈ ਪਾਕਿਸਤਾਨ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇੱਕ ਕਾਇਰਤਾਪੂਰਨ ਕਾਰਵਾਈ ਹੈ ਕਿਉਂਕਿ ਗੁਆਂਢੀ ਦੇਸ਼ ਬੇਦੋਸ਼ਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦੀਆਂ ਹਥਿਆਰਬੰਦ ਫੌਜਾਂ ਪਾਕਿਸਤਾਨ ਦੀਆਂ ਅਜਿਹੀਆਂ ਕਾਰਵਾਈਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਪੂਰੀ ਤਰ੍ਹਾਂ ਸਮਰੱਥ ਹਨ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਯੂਥ ਕੋਆਰਡੀਨੇਟਰ ਪਿੰਡਾਂ, ਸ਼ਹਿਰਾਂ ਵਿਚ ਯੂਥ ਕਲੱਬ ਬਣਾ ਕੇ ਨੌਜਵਾਨਾਂ ਨੂੰ ਖੇਡਾਂ ਵੱਲ ਕਰਨ ਪ੍ਰੇਰਿਤ: ਹਰਜੋਤ ਬੈਂਸ

**ਸ੍ਰੀ ਆਨੰਦਪੁਰ ਸਾਹਿਬ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਤਹਿਤ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚ ਯੂਥ ਕੋਆਰਡੀਨੇਟਰ ਤੈਨਾਤ ਕਰਕੇ ਨੋਜਵਾਨਾਂ ਨੂੰ ਪੰਜਾਬ ਦੀ ਤਰੱਕੀ, ਖੁਸ਼ਹਾਲੀ ਦੇ ਰਾਹ ਵੱਲ ਲੈ ਜਾਣ ਲਈ ਇੱਕ ਵਿਆਪਕ ਮੁਹਿੰਮ ਅਰੰਭ ਕੀਤੀ ਗਈ ਹੈ। ਗੜ੍ਹਸ਼ੰਕਰ ਵਿਚ ਹੋਏ ਸੂਬਾਈ ਪ੍ਰੋਗਰਾਮ ਵਿੱਚ ਜਿੰਦਵੜੀ ਦੇ ਸਰਪੰਚ ਸੁਮਿਤ ਕੁਮਾਰ ਭਾਰਤਵਾਜ ਨੂੰ ਹਲਕਾ ਯੂਥ ਕੁਆਰਡੀਨੇਟਰ ਦੀ ਸਿਖਲਾਈ ਦਿੱਤੀ ਗਈ ਹੈ ਜੋ ਹੁਣ ਹੋਰ ਨੌਜਵਾਨਾਂ ਨੂੰ ਨਾਲ ਜੋੜ ਕੇ ਪਿੰਡ ਪਿੰਡ ਜਾਗਰੂਕਤਾ ਦੀ ਮਸਾਲ ਜਗਾਉਣਗੇ।

ਇਹ ਜਾਣਕਾਰੀ ਦਿੰਦੇ ਹੋਏ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਗੜ੍ਹਸ਼ੰਕਰ ਵਿੱਚ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਤਹਿਤ ਹਲਕਾ ਯੂਥ ਕੋਆਰਡੀਨੇਟਰਾ ਨੂੰ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਕਈ ਹੋਰ ਸੀਨੀਅਰ ਨੇਤਾਵਾਂ ਨੇ ਵੀ ਜਾਗਰੂਕ ਕੀਤਾ। ਇਸ ਦੌਰਾਨ ਸਾਰੇ ਯੂਥ ਕੁਆਰਡੀਨੇਟਰਾਂ ਨੇ ਇਹ ਸੰਕਲਪ ਲਿਆ ਕਿ 117 ਲੋਕਾਂ ਦੀ ਇਹ ਟੀਮ ਪੰਜਾਬ ਦੀ ਸੇਵਾ ਲਈ




ਹਜ਼ਾਰਾਂ-ਲੱਖਾਂ ਨੌਜਵਾਨਾਂ ਨੂੰ ਜੋੜ ਕੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਨੌਜਵਾਨਾਂ ਲਈ ਚਾਨਣ ਮੁਨਾਰਾ ਬਣੇਗੀ ਅਤੇ ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਨ ਕਰੇਗੀ। ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਨੇ 3 ਮਈ ਨੂੰ ਗੜ੍ਹਸ਼ੰਕਰ ਵਿਖੇ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਨੌਜਵਾਨਾਂ ਨੂੰ ਰਾਸ਼ਟਰ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਆਪਣੇ ਪ੍ਰੇਰਨਾਦਾਇਕ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਦੇਸ਼ ਦੀ ਬਣਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਯੂਥ ਕੋਆਰਡੀਨੇਟਰ ਸੁਮਿਤ ਕੁਮਾਰ ਭਾਰਤਵਾਜ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਹੈ ਜੋ ਹੁਣ ਆਪਣੇ ਸਾਥੀਆਂ ਨਾਲ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਸ.ਬੈਂਸ ਨੇ ਕਿਹਾ ਕਿ ਹਲਕਾ ਯੂਥ ਕੋਆਰਡੀਨੇਟਰ ਹਰ ਪਿੰਡ ਵਿੱਚ ਯੂਥ ਕਲੱਬਾਂ ਦਾ ਗਠਨ ਕਰਨਗੇ, ਇਹ ਕਲੱਬ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਗੇ ਅਤੇ ਰੁਜਗਾਰ ਦੇ ਮੌਕੇ ਤਲਾਸ਼ਣ ਵਿਚ ਸਹਿਯੋਗ ਦੇਣਗੇ। ਇਨ੍ਹਾਂ ਦਾ ਮਨੋਰਥ ਸਵੈ ਰੋਜ਼ਗਾਰ ਦੀ ਉਤਪੱਤੀ ਵੀ ਹੋਵੇਗਾ ਤਾਂ ਜੋ ਰੁਜਗਾਰ ਦੇ ਅਵਸਰ ਪੈਦਾ ਕੀਤੇ ਜਾ ਸਕਣ। ਉਨ੍ਹਾਂ ਨੇ ਕਿਹਾ ਕਿ ਹੁਣ ਤੋ ਹੀ ਸਾਰੇ ਨੌਜਵਾਨ ਹੰਭਲਾ ਮਾਰਨ ਅਤੇ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਨੂੰ ਜਮੀਨੀ ਹਕੀਕਤ ਤੇ ਉਤਾਰਿਆ ਜਾਵੇ।

# ਸੰਯੁਕਤ ਕਿਸਾਨ ਮੋਰਚਾ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਮ ਡੀ ਸੀ ਫਰੀਦਕੋਟ ਨੂੰ ਸੌਂਪਿਆ ਮੰਗ ਪੱਤਰ

**ਕੋਟਕਪੂਰਾ,11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਫਰੀਦਕੋਟ ਦੀਆਂ ਭਰਾਤਰੀ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਮ ਮੰਗ ਪੱਤਰ ਡਿਪਟੀ ਕਮਿਸ਼ਨਰ ਫਰੀਦਕੋਟ ਡਾਕਟਰ ਪੂਨਮਦੀਪ ਕੌਰ ਰਾਹੀ ਮੰਗ ਪੱਤਰ ਸੌਂਪਿਆ ਗਿਆ ਜਿਸ ਵਿਚ ਮੰਗ ਕੀਤੀ ਕੇ ਜਦੋਂ ਵੀ ਕੋਈ ਸਰਕਾਰੀ ਕੰਮ ਲਈ ਅਸ਼ਟਾਮ ਲੈਣ ਅਸ਼ਟਾਮ ਫਰੋਸ਼ ਕੋਲ ਜਾਂਦਾ ਹੈ ਤਾਂ ਉਸ ਤੋਂ ਮੂੰਹੋਂ ਮੰਗੀ ਰਕਮ ਵਸੂਲੀ ਜਾਦੀ ਹੈ ਅਤੇ ਰਜਿਸਟਰੀਆਂ ਆਦਿ ਕੁਝ ਲਿਖਾਉਣ ਦੀ ਰਕਮ ਮੂੰਹੋਂ ਮੰਗੀ ਵਸੂਲੀ ਜਾਦੀ ਹੈ ਜਦੋਂ ਕੇ ਪੰਜਾਬ ਸਰਕਾਰ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਕੇ ਤਹਿਸੀਲਾਂ ਵਿਚ ਕਿਸੇ ਕਿਸਮ ਦੀ ਲੁੱਟ ਨਹੀਂ ਹੋਣ ਦਿੱਤੀ ਜਾਵੇਗੀ ਪਰ ਗਰਾਉਂਡ ਲੈਵਲ ਤੇ ਇਹ ਸਭ ਉਲਟ ਹੀ ਹੁੰਦਾ ਉਪਰੇ ਰਜਿਸਟਰੀਆਂ ਵਗੈਰਾ ਹੋਣ ਉਪਰੰਤ ਇੰਤਕਾਲ ਵਗੈਰਾ ਦੀ ਫੀਸ ਪਹਿਲਾਂ ਹੀ ਵਸੂਲੀ ਜਾਦੀ ਹੈ ਪਰ ਪਟਵਾਰੀਆਂ ਵੱਲੋਂ ਜਦ ਤੱਕ ਜ਼ਮੀਨ ਮਾਲਕ ਦੁਬਾਰਾ ਰਜਿਸਟਰੀ ਪਟਵਾਰੀ ਕੋਲ ਜਮ੍ਹਾਂ ਕਰਵਾਏ ਬਿਨਾਂ ਇੰਤਕਾਲ ਦਰਜ਼ ਨਹੀਂ ਕੀਤੇ ਜਾਂਦੇ ਕਿਉਂਕਿ ਜੇਕਰ ਜ਼ਮੀਨ ਮਾਲਕ ਨੂੰ ਦੁਬਾਰਾ ਇਸ ਲਈ ਬੁਲਾਇਆ ਜਾਂਦਾ ਕੇ ਉਸ ਪਾਸੋਂ ਲੁੱਟ ਕੀਤੀ ਜਾ ਸਕੇ ਇਸ ਲਈ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਬੇਨਤੀ ਹੈ ਕੇ ਪੰਜਾਬ ਸਰਕਾਰ ਵੱਲੋਂ ਤਹਿ ਰੇਟ ਦੀਆਂ ਲਿਸਟਾਂ ਜ਼ਰੂਰ ਲਵਾਈਆ ਜਾਣ ਅਤੇ ਇੰਤਕਾਲ ਦੀ ਜ਼ੁਮੇਵਾਰੀ ਜਿਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਪਟਵਾਰੀਆਂ ਦੀ ਲਾਈ ਹੈ ਜੇਕਰ ਕਿਸੇ ਵੀ ਕਿਸਾਨ ਦਾ ਇੰਤਕਾਲ ਤਹਿ ਸਮੇਂ ਵਿੱਚ ਨਹੀਂ ਹੁੰਦਾ ਤਾਂ ਉਸ ਦਾ ਜੁਮੇਵਾਰ ਪਟਵਾਰੀ ਹੋਵੇਗਾ ਇਸ ਸਾਰੇ ਮਾਮਲੇ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਜ਼ੁਮੇਵਾਰੀ ਸਮਝਦੇ ਹੋਏ ਇਹ ਸਭ ਲਾਗੂ ਕਰਵਾਏ ਅੱਜ ਮੰਗ ਪੱਤਰ ਸੌਂਪਣ ਵੇਲੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਰਹੇ ਜਿੰਨ੍ਹਾਂ ਵਿੱਚ ਭੁਪਿੰਦਰ ਸਿੰਘ ਔਲਖ ਜਰਨਲ ਸਕੱਤਰ ਪੰਜਾਬ ਬੀਕੇਯੂ ਪੰਜਾਬ,ਕੇਵਲ ਸਿੰਘ ਗਿੱਲ ਜ਼ਿਲਾ ਖਜਾਨਚੀ ਬੀਕੇਯੂ ਪੰਜਾਬ, ਰਾਜਬੀਰ ਸਿੰਘ ਗਿੱਲ ਸੰਧਵਾਂ ਜ਼ਿਲਾ ਸਕੱਤਰ ਜਨਰਲ ਬੀਕੇਯੂ ਕਾਦੀਆਂ, ਨਛੱਤਰ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਕਾਦੀਆਂ, ਗੁਰਚਰਨ ਸਿੰਘ ਨੱਥਲਵਾਲਾ ਜਰਨਲ ਸਕੱਤਰ ਕੌਮੀ ਕਿਸਾਨ ਯੂਨੀਅਨ, ਗੁਰਨਾਮ ਸਿੰਘ ਮੰਡ ਜ਼ਿਲਾ ਸੋਸ਼ਲ ਮੀਡੀਆ ਇਨਚਾਰਜ ਕੌਮੀ ਕਿਸਾਨ ਯੂਨੀਅਨ,ਹਰਨੇਕ ਸਿੰਘ ਕੋਟਕਪੂਰਾ ਮੀਤ ਪ੍ਰਧਾਨ ਬੀਕੇਯੂ ਡਕੌਂਦਾ ਬੁਰਸ਼ ਗਿੱਲ, ਇੰਦਰਜੀਤ ਸਿੰਘ ਕੋਟਕਪੂਰਾ ਮੀਤ ਪ੍ਰਧਾਨ ਡਕੌਂਦਾ ਬੁਰਸ਼ ਗਿੱਲ , ਦਰਸ਼ਨ ਸਿੰਘ ਕੋਟ ਸੁਖੀਆ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਬੀਕੇਯੂ ਲੱਖੋਵਾਲ,ਜੈ ਦੀਪ ਸਿੰਘ, ਸ਼ੰਕਰ ਸ਼ਰਮਾ ਕਨਵੀਨਰ ਜਲ ਜੀਵਨ ਬਚਾਓ ਮੋਰਚਾ ਫਰੀਦਕੋਟ,ਕੇਵਲ ਕ੍ਰਿਸ਼ਨ ਕਟਾਰੀਆ ਜਲ ਜੀਵਨ ਬਚਾਓ ਮੋਰਚਾ ਫਰੀਦਕੋਟ, ਸ਼ਰਨਜੀਤ ਸਿੰਘ ਸਰਾਂ ਸੂਬਾ ਪ੍ਰਧਾਨ ਆਲ ਇੰਡੀਆ ਕਿਸਾਨ ਯੂਨੀਅਨ ਫਤਿਹ, ਗੁਰਜੀਤ ਸਿੰਘ ਢਿੱਲੋਂ ਆਦਿ ਆਗੂ ਹਾਜਰ ਰਹੇ।

# ਪਟਿਆਲਾ ਦੇ ਰੇਲਵੇ ਸਟੇਸ਼ਨ ’ਤੇ ਹੋਈ ਨਾਗਰਿਕ ਸੁਰੱਖਿਆ ਮੌਕ ਡਰਿਲ

**➢ ਸਾਇਰਨ ਵਜਾ ਕੇ ਹਵਾਈ ਹਮਲੇ, ਅੱਗ ਲੱਗਣ ਤੇ ਗੈਸ ਚੜਨ ਕਰਕੇ ਫੱਟੜਾਂ ਦੀ ਸੰਭਾਲ ਤੇ ਪ੍ਰਸ਼ਾਸਨ ਮਸ਼ੀਨਰੀ ਦੇ ਤਾਲਮੇਲ ਦੀ ਰਿਹਰਸਲ ➢ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਹੀ ਫੈਲਾਈ ਜਾਵੇ ਤੇ ਨਾ ਹੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਅਫ਼ਵਾਹਾਂ ‘ਤੇ ਯਕੀਨ ਕੀਤਾ ਜਾਵੇ : ਡਿਪਟੀ ਕਮਿਸ਼ਨਰ**

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ’ਚ ਬਚਾਅ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਤਾਲਮੇਲ ਦਾ ਮੁਲਾਂਕਣ ਕਰਨ ਲਈ ਸ਼ਾਮ 4 ਵਜੇ ਇਕ ਨਾਗਰਿਕ ਸੁਰੱਖਿਆ ਮੌਕ ਡਰਿੱਲ ਕੀਤੀ ਗਈ। ਪਟਿਆਲਾ ਦੇ ਰੇਲਵੇ ਸਟੇਸ਼ਨ ’ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਨਿਗਰਾਨੀ ਹੇਠ ਅੱਧਾ ਘੰਟਾ ਚੱਲੇ ਅਭਿਆਸ ਦੌਰਾਨ ਸਾਇਰਨ ਵਜਾ ਕੇ ਹਵਾਈ ਹਮਲੇ, ਅੱਗ ਲੱਗਣ ਤੇ ਗੈਸ ਚੜਨ ਕਰਕੇ ਫੱਟੜਾਂ ਦੀ ਸੰਭਾਲ ਤੇ ਪ੍ਰਸ਼ਾਸਨ ਦੀ ਮਸ਼ੀਨਰੀ ਦੇ ਤਾਲਮੇਲ ਦੀ ਇੱਕ ਜਨਤਕ ਖੇਤਰ ਵਿੱਚ ਐਮਰਜੈਂਸੀ ਸਥਿਤੀਆਂ ਦੀ ਨਕਲ ਕਰਕੇ ਬਚਾਅ ਕਾਰਜਾਂ ਦਾ ਅਭਿਆਸ ਕੀਤਾ ਗਿਆ।

ਇਸ ਤੋਂ ਇਲਾਵਾ 4 ਵਜੇ ਪਟਿਆਲਾ ਵਿਖੇ 12 ਥਾਵਾਂ ਉੱਤੇ ਸਾਇਰਨ ਵਜਾਏ ਗਏ, ਜਿਨ੍ਹਾਂ ਵਿੱਚ ਪੁਲਿਸ ਲਾਈਨ, ਰੇਲਵੇ ਵਰਕਸ਼ਾਪ ਡੀ ਐਮ ਡਬਲਿਊ, ਕੇਂਦਰੀ ਜੇਲ੍ਹ, ਫਾਇਰ ਬ੍ਰਿਗੇਡ, ਆਰਮੀ ਕੈਂਟ ਵਿਖੇ ਦੋ, ਰੇਲਵੇ ਸਟੇਸ਼ਨ, ਨਵਾਂ ਬੱਸ ਅੱਡਾ, ਜ਼ਿਲ੍ਹਾ ਪ੍ਰੀਸ਼ਦ ਦਫ਼ਤਰ, ਕਿਲ੍ਹਾ ਮੁਬਾਰਕ, ਪੀਡੀਏ ਦਫ਼ਤਰ ਅਰਬਨ ਅਸਟੇਟ, ਨਗਰ ਨਿਗਮ ਦਫ਼ਤਰ ਪਟਿਆਲਾ ਤੋਂ ਇਲਾਵਾ ਸਾਰੀਆਂ ਸਬ ਡਵੀਜ਼ਨਾਂ ਪਾਤੜਾਂ, ਰਾਜਪੁਰਾ, ਨਾਭਾ, ਸਮਾਣਾ, ਦੁਧਨਸਾਧਾਂ, ਪਾਤੜਾਂ ਵਿਖੇ ਵੀ ਸਾਇਰਨ ਵਜਾ ਕੇ ਲੋਕਾਂ ਨੂੰ ਸੁਚੇਤ ਕੀਤਾ ਗਿਆ। ਇਸ ਦੌਰਾਨ ਪੁਲਿਸ, ਫੌਜ, ਆਈ.ਟੀ.ਬੀ.ਪੀ, ਐਨ.ਸੀ.ਸੀ., ਐਨ.ਐਸ.ਐਸ, ਰੈਡ ਕਰਾਸ ਦੇ ਨੁਮਾਇੰਦੇ ਤੇ ਸਕੂਲ ਵਿਦਿਆਰਥੀਆਂ ਵੱਲੋਂ ਅਭਿਆਸ ਕੀਤਾ ਗਿਆ ਕਿ ਜੇਕਰ ਹਵਾਈ ਹਮਲਾ ਤੇ ਕੋਈ ਹੰਗਾਮੀ ਸਥਿਤੀ ਹੋ ਜਾਵੇ ਤਾਂ ਕਿਸ ਤਰ੍ਹਾਂ ਬਚਾਅ ਕਰਨਾ ਹੈ। ਇਸ ਮੌਕੇ ਹਵਾਈ ਹਮਲੇ ਤੇ ਅੱਗ ਲੱਗਣ ਦਾ ਸੀਨ ਬਣਾਇਆ ਗਿਆ ਤੇ ਬਚਾਅ ਸਬੰਧੀ ਕੀਤੀ ਕਾਰਵਾਈ ਨੂੰ ਦਰਸਾਇਆ ਗਿਆ। ਇਸ ਦੌਰਾਨ ਮਾਹਰਾਂ ਵੱਲੋਂ ਦੱਸਿਆ ਕਿ ਜੇਕਰ ਹਮਲੇ ਸਮੇਂ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਧਰਤੀ ’ਤੇ ਪੈ ਕੇ ਬਚਾਅ ਕਰਨਾ ਹੈ। ਜੇਕਰ ਬਹੁ ਮੰਜ਼ਲਾਂ ਇਮਾਰਤ ਵਿਚ ਹੋ ਤੇ ਹੇਠਲੇ ਤਲ ਤੇ ਆ ਜਾਓ। ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੌਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰੱਖਤ ਦੇ ਥੱਲੇ ਓਟ ਲਵੋ। ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਨ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦਾ ਰੌਸ਼ਨੀ ਨਾ ਕਰੋ।





ਇਸ ਮੌਕੇ ਹਮਲੇ ਦੌਰਾਨ ਜਖਮੀਆਂ ਦੀ ਕਿਸ ਤਰ੍ਹਾਂ ਸੰਭਾਲ ਕਰਨ ਹੈ ਤੇ ਆਰਜੀ ਹਸਪਤਾਲ ਕਿਸੇ ਤਰ੍ਹਾਂ ਬਣਾਉਣੇ ਹਨ ਤੇ ਅੱਗ ਲੱਗਣ ਦੀ ਸੂਰਤ ਵਿੱਚ ਅੱਗ ਤੋਂ ਆਪਣਾ ਬਚਾਅ ਕਿਸ ਤਰ੍ਹਾਂ ਕਰਨਾ ਹੈ ਤੇ ਅੱਗ ਕਿਸ ਤਰ੍ਹਾਂ ਬੁਝਾਉਣੀ ਹੈ। ਇਸ ਦੇ ਨਾਲ ਹੀ ਗੈਸ ਚੜਨ ਤੋਂ ਬਚਾਅ ਲਈ ਕੀਤੇ ਜਾਣ ਵਾਲੇ ਉਪਾਅ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਪ੍ਰਸ਼ਾਸਨ ਦੀ ਮਸ਼ੀਨਰੀ ਦੀ ਵਰਤੋਂ ਸਬੰਧੀ ਅਭਿਆਸ ਕੀਤਾ ਗਿਆ।

ਇਹਨਾਂ ਸਾਰੇ ਅਭਿਆਸਾਂ ਨੂੰ ਵੱਖ ਵੱਖ ਥਾਵਾਂ ਤੇ ਹੋਈਆਂ ਇਹਨਾਂ ਰਿਹਰਸਲਾਂ ਦੌਰਾਨ ਦੁਹਰਾਇਆ ਗਿਆ। ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ ਤਾਂ ਉਸ ਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ ਖਿੜਕੀਆਂ ਵਿੱਚ ਖੜੇ ਨਾ ਹੋਵੋ। ਗੈਸ ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾ ਕਿ ਕਿਸੇ ਵੀ ਖ਼ਤਰੇ ਮੌਕੇ ਇਹਨਾਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕ ਕਿਸੇ ਤਰ੍ਹਾਂ ਦੀ ਘਬਰਾਹਟ ‘ਚ ਨਾ ਆਉਣ ਅਤੇ ਨਾ ਹੀ ਘਰੇਲੂ ਸਾਮਾਨ ਦੀ ਖਰੀਦੋ ਫਰੋਖਤ ਲਈ ਕੋਈ ਕਾਹਲ ਦਿਖਾਉਣ ਕਿਉਂਕਿ ਅਜਿਹੀ ਕੋਈ ਸਥਿਤੀ ਨਹੀਂ ਹੈ ਜਿਸ ਕਾਰਨ ਸਾਮਾਨ ਇਕੱਠਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੇ ਡਾਇਰੈਕੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਇਹ ਅਭਿਆਸ ਪਹਿਲਾਂ ਤੋਂ ਯੋਜਨਾਬੱਧ ਸੀ, ਇਸ ਲਈ ਡਰਨ ਦੀ ਕੋਈ ਲੋੜ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕ ਡਰਿਲ ਦਾ ਉਦੇਸ਼ ਐਮਰਜੈਂਸੀ ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਨਕਲ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਨ ਲਈ ਬਿਹਤਰ ਢੰਗ ਨਾਲ ਤਿਆਰ ਹੋਣ। ਇਸ ਲਈ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਹੀ ਫੈਲਾਈ ਜਾਵੇ ਤੇ ਨਾ ਹੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਅਫ਼ਵਾਹਾਂ ‘ਤੇ ਯਕੀਨ ਕੀਤਾ ਜਾਵੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ, ਐਨ.ਸੀ.ਸੀ. 10 ਪੰਜਾਬ ਦੇ ਕਮਾਂਡਿੰਗ ਅਫ਼ਸਰ ਕਰਨਲ ਅਮਿਤੇਸ਼ ਵਰਮਾ, ਐਸ.ਡੀ.ਐਮ. ਅਵਿਕੇਸ਼ ਗੁਪਤਾ, ਡੀ.ਐਸ.ਪੀ. ਨੇਹਾ ਅਗਰਵਾਲ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਪ੍ਰਿਤਪਾਲ ਸਿੰਘ ਸਿੱਧੂ, ਆਈ.ਟੀ.ਬੀ.ਪੀ. ਦੇ ਸੈਕਿੰਡ ਇਨ ਕਮਾਂਡ ਨਰਿੰਦਰ, ਡਿਪਟੀ ਕਮਾਂਡਰ ਬ੍ਰਿਜੇਸ਼, ਜ਼ਿਲ੍ਹਾ ਫਾਇਰ ਅਫ਼ਸਰ ਰਜਿੰਦਰ ਕੌਸ਼ਲ, ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਕੁਮਾਰ, ਕਾਕਾ ਰਾਮ ਵਰਮਾ ਵੀ ਮੌਜੂਦ ਸਨ।

# ਮਿਹਨਤ ਕਰਨ ਵਾਲੇ ਖਿਡਾਰੀ ਵਿਸ਼ਵ ਪੱਧਰ ’ਤੇ ਆਪਣੀ ਪਹਿਚਾਣ ਬਣਾ ਸਕਦੇ ਹਨ: ਡਿਪਟੀ ਕਮਿਸ਼ਨਰ

**ਮੋਗਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਦੇ ਖਿਡਾਰੀਆਂ ਵੱਲੋਂ ਰਾਜ ਪੱਧਰੀ, ਰਾਸ਼ਟਰੀ, ਅੰਤਰਰਾਸ਼ਟਰੀ, ਏਸ਼ੀਆ ਪੱਧਰ ਤੇ ਤਾਈਕਵਾਂਡੋ ਖੇਡ ਵਿੱਚ ਤਗਮੇ ਹਾਸਲ ਕਰਕੇ ਜ਼ਿਲ੍ਹਾ ਮੋਗਾ ਦਾ ਨਾਂ ਚਮਕਾਉਣ ਤੇ ਅੱਜ ਡਿਪਟੀ ਕਮਿਸ਼ਨਰ ਸ਼੍ਰੀ ਸਾਗਰ ਸੇਤੀਆ ਨੇ ਜਿੱਥੇ ਇਹਨਾਂ ਬੱਚਿਆਂ ਦੀ ਸ਼ਲਾਘਾ ਕੀਤੀ ਉੱਥੇ ਲੋੜਵੰਦ ਖਿਡਾਰੀਆਂ ਨੂੰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਉਹਨਾਂ ਕਿਹਾ ਕਿ ਖੇਡਾਂ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ, ਉਥੇ ਹੀ ਖੇਡਾਂ ਚ ਵਧੀਆ ਮਿਹਨਤ ਕਰਨ ਵਾਲੇ ਖਿਡਾਰੀ ਵਿਸ਼ਵ ਪੱਧਰ ’ਤੇ ਆਪਣੀ ਪਹਿਚਾਣ ਬਣਾ ਸਕਦੇ ਹਨ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜ ਕੇ ਨੌਜਵਾਨ ਜਿੱਥੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿੰਦੇ ਹਨ, ਓਥੇ ਹੀ ਸਮਾਜ ਵਿੱਚ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਵਿਚਰਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਪੂਰੇ ਜਜ਼ਬੇ ਅਤੇ ਫੁਰਤੀ ਨਾਲ ਖੇਡ ਮੁਕਾਬਲਿਆਂ ਵਿਚ ਜੌਹਰ ਵਿਖਾਉਣ ਲਈ ਪ੍ਰੇਰਿਤ ਕੀਤਾ।

ਡਿਪਟੀ ਕਮਿਸ਼ਨਰ ਨੇ ਤਾਈਕਵਾਂਡੋ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਹਰਸ਼, ਸਮਰ,ਅਰਸ਼ਦੀਪ, ਮਨਪ੍ਰੀਤ ਸ਼ਰਮਾ, ਸ਼ਮਸ਼ੇਰ ਤਮੰਨਾ, ਰਮਨ, ਨੰਦਨੀ, ਗੁਰਲਾਬ ਸਿੰਘ ਤੇ ਏਕਮਪ੍ਰੀਤ ਕੌਰ ਨੂੰ ਬਲੰਦੀਆਂ ਛੂਹਣ ਤੇ ਹੌਂਸਲਾਅਫਜਾਈ ਕੀਤੀ। ਉਹਨਾਂ ਮਾਰਸ਼ਲ ਆਰਟ ਦੀ ਕੋਚ ਪ੍ਰਿਆ (ਬਿਮਲਾ) ਨੂੰ ਭਵਿੱਖ ਵਿੱਚ ਬੱਚਿਆਂ ਨੂੰ ਹੋਰ ਵਧੀਆ ਸਿਖਲਾਈ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਨਸਟਾਪਏਬਲ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਭਾਵਨਾ ਬਾਂਸਲ ਹਾਜਰ ਸਨ।

# ਬਠਿੰਡਾ ਦੇ ਖੇਤਾਂ ’ਚ ਅਣਪਛਾਤਾ ਜਹਾਜ਼ ਹਾਦਸਾਗ੍ਰਸਤ; 1 ਹਲਾਕ, 9 ਜ਼ਖ਼ਮੀ; ਮ੍ਰਿਤਕ ਦੀ ਪਛਾਣ ਹਰਿਆਣਾ ਦੇ ਚਰਖੀ ਦਾਦਰੀ ਦੇ ਗੋਵਿੰਦ ਵਜੋਂ ਹੋਈ

**ਬਠਿੰਡਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਦੇ ਪਿੰਡ ਆਕਲੀਆ ਖੁਰਦ ਦੇ ਖੇਤਾਂ ਵਿਚ ਬੁੱਧਵਾਰ ਵੱਡੇ ਤੜਕੇ ਕਰੀਬ 1.30 ਵਜੇ ਅਣਪਛਾਤਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਦੌਰਾਨ ਜਹਾਜ਼ ’ਚ ਧਮਾਕਾ ਹੋਣ ਕਾਰਨ ਨੇੜੇ ਖੜ੍ਹੇ ਲੋਕ ਇਸ ਦੀ ਲਪੇਟ ਵਿਚ ਆ ਗਏ। ਹਾਲਾਂਕਿ ਘਟਨਾ ਸਥਾਨ ’ਤੇ ਪੁਲੀਸ ਪ੍ਰਸ਼ਾਸਨ ਨੇ ਪਹੁੰਚ ਕੇ ਮੌਕੇ ਦੀ ਸਥਿਤੀ ਨੂੰ ਸੰਭਾਲਿਆ।

ਪੁਲਿਸ ਅਤੇ ਫੌਜ ਪ੍ਰਸ਼ਾਸਨ ਦੀ ਸਖਤੀ ਕਾਰਨ ਕਿਸੇ ਨੂੰ ਵੀ ਹਾਦਸੇ ਵਾਲੀ ਥਾਂ ਨੇੜੇ ਨਹੀਂ ਢੁੱਕਣ ਦਿੱਤਾ ਜਾ ਰਿਹਾ। ਇਹ ਜਹਾਜ਼ ਡਿੱਗਣ ਦੀ ਘਟਨਾ ਨੂੰ ਲੋਕਾਂ ਵੱਲੋਂ ਪਾਕਿਸਤਾਨੀ ਫੌਜੀ ਹਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਪਰ ਇਸ ਬਾਰੇ ਕਿਸੇ ਤਰ੍ਹਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ। ਪੁਲੀਸ ਇੰਸਪੈਕਟਰ ਅਮਰਿੰਦਰ ਸਿੰਘ ਨੇ ਦਬਵੀਂ ਸੁਰ ਵਿੱਚ ਮੰਨਿਆ ਹੈ ਕਿ ਇਕ ਆਮ ਨਾਗਰਿਕ ਦੀ ਮੌਤ ਹੋਣ ਦੀ ਖ਼ਬਰ ਹੈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ, ਪਰ ਜਹਾਜ਼ ਦੇ ਪਾਇਲਟ ਬਾਰੇ ਹਾਲੇ ਤੱਕ ਪੁਸ਼ਟੀ ਨਹੀਂ ਹੋ ਸਕੀ ਹੈ।

ਉਧਰ ਪਿੰਡ ਆਕਲੀਆ ਦੇ ਸਰਪੰਚ ਕਾਲਾ ਸਿੰਘ ਨੇ ਦੱਸਿਆ ਹੈ ਕਿ ਦੋਵੇਂ ਪਾਇਲਟ ਸੁਰੱਖਿਤ ਹਨ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਉਧਰ ਲੋਕਾਂ ਨੇ ਦੱਸਿਆ ਕਿ ਬਿਸ਼ਨੰਦੀ ਪਿੰਡ ਵਿੱਚ ਖੇਤਾਂ ਵਿਚ ਜਹਾਜ਼ ਦਾ ਮਲਬਾ ਵੀ ਮਿਲਿਆ ਹੈ। ਪਿੰਡ ਦੇ ਪ੍ਰਤੱਖਦਰਸ਼ੀ ਲੋਕਾਂ ਦਾ ਕਹਿਣਾ ਹੈ ਕਿ ਰਾਤ ਵੇਲੇ ਜਹਾਜ਼ ਡਿੱਗਣ ਤੋਂ ਬਾਅਦ ਤਕਰੀਬਨ 35 ਫੁੱਟ ਉੱਚੀ ਲਾਟ ਉੱਪਰ ਵੱਲ ਗਈ ਤੇ ਲਗਾਤਾਰ ਅੱਧਾ ਘੰਟਾ ਧਮਾਕੇ ਹੁੰਦੇ ਰਹੇ। ਇਸ ਮੌਕੇ ਕੁੱਝ ਲੋਕ ਵੀਡੀਓ ਬਣਾਉਣ ਦੇ ਚੱਕਰ ਵਿੱਚ ਨੇੜੇ ਆ ਗਏ। ਉਨ੍ਹਾਂ ਦੱਸਿਆ ਕਿ ਐਂਬੂਲੈਂਸਾਂ ਸਮੇਤ ਥਾਣਾ ਨੇਹੀਆਂ ਵਾਲਾ ਦੀ ਪੁਲੀਸ ਅਤੇ ਫੌਜ ਦੇ ਅਧਿਕਾਰੀ ਤਕਰੀਬਨ 2 ਵਜੇ ਮੌਕੇ ’ਤੇ ਪੁੱਜ ਗਏ ਸਨ।

ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਗੋਵਿੰਦ ਪੁੱਤਰ ਓਮ ਪ੍ਰਕਾਸ਼ ਵਜੋਂ ਹੋਈ ਹੈ, ਜੋ ਕਿ ਹਰਿਆਣਾ ਦੇ ਚਰਖੀ ਦਾਦਰੀ ਦਾ ਰਹਿਣ ਵਾਲਾ ਇੱਕ ਖੇਤ ਮਜ਼ਦੂਰ ਸੀ। ਇਹ ਹਾਦਸਾ ਸਵੇਰੇ 2 ਵਜੇ ਦੇ ਕਰੀਬ ਕਣਕ ਦੇ ਖੇਤਾਂ ਵਿੱਚ ਹੋਇਆ, ਜੋ ਕਿ ਨੇੜਲੇ ਰਿਹਾਇਸ਼ੀ ਖੇਤਰ ਤੋਂ ਕਰੀਬ 500 ਮੀਟਰ ਦੂਰ ਹੈ। ਚਸ਼ਮਦੀਦਾਂ ਅਨੁਸਾਰ ਕਈ ਖੇਤ ਮਜ਼ਦੂਰ ਮੰਗਲਵਾਰ ਦੇਰ ਰਾਤ ਸਥਾਨਕ ਅਨਾਜ ਮੰਡੀ ਵਿਚ ਸਨ ਜਦੋਂ ਉਨ੍ਹਾਂ ਨੇ ਇੱਕ ਜਹਾਜ਼ ਨੂੰ ਅਸਾਧਾਰਨ ਤੌਰ ’ਤੇ ਹੇਠਾਂ ਆਉਂਦੇ ਦੇਖਿਆ ਅਤੇ ਕੁਝ ਪਲਾਂ ਬਾਅਦ ਇਹ ਖੇਤਾਂ ਵਿੱਚ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਡਿੱਗਣ ਤੋਂ ਬਾਅਦ ਜਿਵੇਂ ਹੀ ਕੁਝ ਲੋਕ ਅੱਗ ਦੇ ਮਲਬੇ ਕੋਲ ਪਹੁੰਚੇ ਤਾਂ ਇੱਕ ਧਮਾਕਾ ਹੋਇਆ, ਜਿਸ ਵਿੱਚ ਗੋਵਿੰਦ ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਨੌਂ ਹੋਰ ਜ਼ਖਮੀ ਹੋ ਗਏ। ਪਾਇਲਟ ਜਾਂ ਜਹਾਜ਼ ਬਾਰੇ ਅਜੇ ਤੱਕ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ।

# ਜ਼ਿਲ੍ਹਾ ਤੇ ਸ਼ੈਸ਼ਨ ਜੱਜ ਵੱਲੋਂ ਲੋਕਾਂ ਨੂੰ ਨੈਸ਼ਨਲ ਲੋਕ ਅਦਾਲਤ ਦਾ ਲਾਭ ਉਠਾਉਣ ਦੀ ਅਪੀਲ

**ਗੁਰਦਾਸਪੁਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਦੀਪਕ ਸਿੱਬਲ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸ੍ਰੀ ਹਰਪ੍ਰੀਤ ਸਿੰਘ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਗੁਰਦਾਸਪੁਰ ਅਤੇ ਸਬ-ਡਵੀਜਨ, ਬਟਾਲਾ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਅੱਜ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫ਼ੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਦਿਲਬਾਗ ਸਿੰਘ ਜੌਹਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧੰਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਹਨਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾਂ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ, ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

# ਫ਼ਸਲੀ ਵਿਭਿੰਨਤਾ ਵੱਲ ਪੁਲਾਂਘ: ਸਾਉਣੀ-ਮੱਕੀ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ 200 ਕਿਸਾਨ ਮਿੱਤਰ ਨਿਯੁਕਤ ਕੀਤੇ ਜਾਣਗੇ

## ਇਸ ਵਰ੍ਹੇ 3 ਲੱਖ ਏਕੜ ਰਕਬੇ ਨੂੰ ਮੱਕੀ ਦੀ ਕਾਸ਼ਤ ਹੇਠ ਲਿਆਉਣ ਦਾ ਟੀਚਾ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਫਸਲੀ ਵਿਭਿੰਨਤਾ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਥਾਂ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਵਾਸਤੇ ਉਤਸ਼ਾਹਿਤ ਕਰਨ ਲਈ 200 ਕਿਸਾਨ ਮਿੱਤਰ ਨਿਯੁਕਤ ਕੀਤੇ ਜਾਣਗੇ। ਇਹ ਐਲਾਨ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਸੀਜ਼ਨ ਵਿੱਚ ਤਿੰਨ ਲੱਖ ਏਕੜ ਰਕਬੇ ਨੂੰ ਮੱਕੀ ਦੀ ਕਾਸ਼ਤ ਹੇਠ ਲਿਆਉਣ ਦਾ ਟੀਚਾ ਹੈ।

ਸ. ਖੁੱਡੀਆਂ ਨੇ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨਾਲ ਇੱਥੇ ਕਿਸਾਨ ਭਵਨ ਵਿਖੇ ਬੁਲਾਈ ਮੀਟਿੰਗ ਦੌਰਾਨ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ।

ਉਨ੍ਹਾਂ ਨੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੂਬੇ ਵਿੱਚ ਇੱਕ ਵਿਸ਼ਾਲ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਤਾਂ ਜੋ ਕਿਸਾਨਾਂ ਨੂੰ ਸਾਉਣੀ ਦੀ ਮੱਕੀ ਹੇਠ ਵੱਧ ਤੋਂ ਵੱਧ ਰਕਬਾ ਲਿਆਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਇਸ ਲਈ ਗੁਰਦਾਸਪੁਰ, ਪਠਾਨਕੋਟ, ਸੰਗਰੂਰ, ਕਪੂਰਥਲਾ, ਪਟਿਆਲਾ, ਜਲੰਧਰ ਅਤੇ ਬਠਿੰਡਾ ਜ਼ਿਲ੍ਹਿਆਂ ’ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ।

ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ



ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਮੁੱਖ ਖੇਤੀਬਾੜੀ ਅਧਿਕਾਰੀਆਂ ਨੂੰ ਕਿਸਾਨਾਂ ਦਰਮਿਆਨ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਤਕਨੀਕ ਨੂੰ ਉਤਸ਼ਾਹਿਤ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਨੇ ਉੱਚ-ਗੁਣਵੱਤਾ ਵਾਲੇ ਖੇਤੀਬਾੜੀ ਨਾਲ ਸਬੰਧਤ ਉਤਪਾਦਾਂ ਤੱਕ ਕਿਸਾਨਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਗੁਣਵੱਤਾ-ਨਿਯੰਤਰਣ ਉਪਾਵਾਂ ਨੂੰ ਤੇਜ਼ ਕਰਨ ਦੀ ਜ਼ਰੂਰਤ ’ਤੇ ਵੀ ਜ਼ੋਰ ਦਿੱਤਾ ਤਾਂ ਜੋ ਫਸਲ ਦੀ ਪੈਦਾਵਾਰ ਵਧ ਸਕੇ।

ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਖੇਤੀਬਾੜੀ ਮੰਤਰੀ ਨੂੰ ਦੱਸਿਆ ਕਿ ਵਿਭਾਗ ਨੇ ਗੁਣਵੱਤਾ ਨਿਯੰਤਰਣ ਲਈ ਮਹੱਤਵਪੂਰਨ ਟੀਚੇ ਮਿੱਥੇ ਹਨ, ਜਿਸ ਦਾ ਉਦੇਸ਼ ਚਾਲੂ ਵਿੱਤੀ ਸਾਲ ਦੌਰਾਨ ਕੀਟਨਾਸ਼ਕ ਦੇ 4,550 ਨਮੂਨੇ, ਬੀਜ ਦੇ 6,100 ਨਮੂਨੇ ਅਤੇ ਖਾਦ ਦੇ 5,200 ਨਮੂਨੇ ਇਕੱਤਰ ਕਰਨਾ ਹੈ। ਇਹ ਸਰਗਰਮ ਪਹੁੰਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਕਿਸਾਨਾਂ ਲਈ ਪ੍ਰਮਾਣਿਕ ਅਤੇ ਮਿਆਰੀ ਖੇਤੀ-ਉਤਪਾਦ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।ਮੀਟਿੰਗ ਵਿੱਚ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ-ਕਮ-ਡੀ.ਈ.ਓ. ਨੇ ਵੋਟਰ ਸੂਚੀ ਤੋਂ ਅਸੰਤੁਸ਼ਟ ਵਿਅਕਤੀਆਂ ਨੂੰ ਅਪੀਲ ਦਾਇਰ ਕਰਨ ਲਈ 15 ਦਿਨ ਦਾ ਸਮਾਂ ਦਿੱਤਾ

**ਚੰਡੀਗੜ੍ਹ/ਲੁਧਿਆਣਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ (ਡੀਸੀ-ਕਮ-ਡੀਈਓ), ਲੁਧਿਆਣਾ ਹਿਮਾਂਸ਼ੂ ਜੈਨ ਨੇ ਦੱਸਿਆ ਹੈ ਕਿ ਵਿਧਾਨ ਸਭਾ ਹਲਕਾ 64-ਲੁਧਿਆਣਾ ਪੱਛਮੀ ਲਈ ਅੰਤਿਮ ਵੋਟਰ ਸੂਚੀਆਂ 5 ਮਈ, 2025 ਨੂੰ ਈਆਰਓ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ।

ਭਾਰਤ ਦੇ ਚੋਣ ਕਮਿਸ਼ਨ ਦੁਆਰਾ ਐਲਾਨੇ ਗਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀਆਂ ਦਾ ਖਰੜਾ 9 ਅਪ੍ਰੈਲ, 2025 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿੱਚ ਜਨਤਾ ਤੋਂ ਦਾਅਵੇ ਅਤੇ ਇਤਰਾਜ਼ ਮੰਗੇ ਗਏ ਸਨ ਅਤੇ 192 ਬੂਥ ਲੈਵਲ ਅਫ਼ਸਰਾਂ (ਬੀਐਲਓਜ਼) ਦੁਆਰਾ ਘਰ-ਘਰ ਜਾ ਕੇ ਤਸਦੀਕ ਕੀਤੀ ਗਈ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਈਆਰਓ ਦੁਆਰਾ ਅੰਤਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਇਸ ਸਮੇਂ ਦੌਰਾਨ ਪ੍ਰਾਪਤ ਹੋਏ ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਅੰਤਿਮ ਵੋਟਰ ਸੂਚੀਆਂ ਦੀਆਂ ਕਾਪੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਾਰਦਰਸ਼ਤਾ ਅਤੇ ਰਾਜਨੀਤਿਕ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਡਰਾਫਟ ਵੋਟਰ ਸੂਚੀਆਂ ਦੀ ਤਸਦੀਕ ਕਰਕੇ ਇਸ ਸਬੰਧੀ ਕੋਈ ਸੁਝਾਅ ਦੇਣ ਲਈ ਸਹਾਇਤਾ ਵਾਸਤੇ 384 ਬੂਥ ਲੈਵਲ ਏਜੰਟ (ਬੀਐਲਏ) ਨਿਯੁਕਤ ਕੀਤੇ ਗਏ ਸਨ। ਡਿਪਟੀ ਕਮਿਸ਼ਨਰ, ਲੁਧਿਆਣਾ ਨੇ ਇਹ ਵੀ ਅਪੀਲ ਕੀਤੀ ਕਿ ਚੋਣ ਰਜਿਸਟ੍ਰੇਸ਼ਨ ਅਫ਼ਸਰ (ਈਆਰਓ) ਦੇ ਫੈਸਲਿਆਂ ਤੋਂ ਅਸੰਤੁਸ਼ਟ ਵਿਅਕਤੀ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 24(ਏ) ਦੇ ਅਨੁਸਾਰ ਈਆਰਓ ਦੇ ਫੈਸਲੇ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜ਼ਿਲ੍ਹਾ ਮੈਜਿਸਟਰੇਟ ਕੋਲ ਅਪੀਲ ਦਾਇਰ ਕਰ ਸਕਦੇ ਹਨ ਅਤੇ ਜੇਕਰ ਉਹ ਅਗਲੀ ਕਾਰਵਾਈ ਤੋਂ ਵੀ ਸੰਤੁਸ਼ਟ ਨਹੀਂ ਹੁੰਦੇ ਤਾਂ ਮੁੱਖ ਚੋਣ ਅਫ਼ਸਰ, ਪੰਜਾਬ ਕੋਲ ਇੱਕ ਹੋਰ ਅਪੀਲ ਦਾਇਰ ਕਰ ਸਕਦੇ ਹਨ।

# ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕਰਵਾਈ ਮੌਕ ਡਰਿੱਲ: ਡਿਪਟੀ ਕਮਿਸ਼ਨਰ

**ਬਠਿੰਡਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਭਵਿੱਖ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅੱਜ ਇਥੇ ਸਥਾਨਕ ਰੇਲਵੇ ਸਟੇਸ਼ਨ, ਮਿੱਤਲ ਮਾਲ ਅਤੇ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨਐਫਐਲ) ਵਿਖੇ ਮੌਕ ਡਰਿੱਲ ਅਭਿਆਸ ਕਰਵਾਏ ਗਏ, ਜੋ ਕਿ ਸਫਲਤਾਪੂਰਵਕ ਰਹੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਮੌਕ ਡਰਿੱਲ ਤੇ ਬਲੈਕ ਆਊਟ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਿਰਫ ਇੱਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਕਿ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਜਰੂਰਤ ਨਹੀਂ ਹੈ। ਉਹਨਾਂ ਕਿਹਾ ਕਿ ਇਸ ਮੌਕ ਡਰਿੱਲ ਦਾ ਮੁੱਖ ਮੰਤਵ ਭਵਿੱਖ ਵਿੱਚ ਸੰਕਟਕਾਲ ਨਾਲ ਕਿਵੇਂ ਨਜਿੱਠਣਾ ਹੈ, ਇਸ ਸਬੰਧੀ ਸਿਵਲ ਡਿਫੈਂਸ, ਮੈਡੀਕਲ ਟੀਮਾਂ, ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਮੌਕ ਡਰਿੱਲ ਕਰਵਾ ਕੇ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਕਿਸੇ ਕਿਸਮ ਦੀ ਘਬਰਾਉਣ ਦੀ ਜਰੂਰਤ ਨਹੀਂ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਅਜਿਹਾ ਸਾਇਰਨ ਵੱਜੇ ਤਾਂ ਉਸ ਤੋਂ ਬਾਅਦ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜ਼ਮੀਨ ਜਾਂ ਜਮੀਨ ਦੋਜ ਟਿਕਾਣੇ ਉੱਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਬੈਠ ਜਾਣ, ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮੇਂ ਦੌਰਾਨ ਸੜਕ ’ਤੇ ਚਲਦੇ ਰਾਹਗੀਰ ਜਾਂ ਗੱਡੀਆਂ ਵੱਲੋਂ ਐਮਰਜੈਂਸੀ ਵਹੀਕਲ, ਜਿੰਨਾ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦਿੱਤਾ ਜਾਵੇ। ਇਸ ਮੌਕ ਡਰਿੱਲ ਮੌਕੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਤੋਂ ਇਲਾਵਾ ਐਨਡੀਆਰਐਫ, ਐਨਸੀਸੀ ਕੈਡਿਟ ਤੇ ਯੁਵਕ ਸੇਵਾਵਾਂ ਦੇ ਮੈਂਬਰਾਂ ਵਲੋਂ ਸ਼ਮੂਲੀਅਤ ਕਰਕੇ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਗਈਆ।

# ਲਹਿੰਦੇ ਪੰਜਾਬ ’ਤੇ 54 ਸਾਲਾਂ ’ਚ ਪਹਿਲਾ ਫੌਜੀ ਹਮਲਾ



**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫੌਜ ਨੇ ਬੀਤੇ ਦਿਨੀਂ ਜੋ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ 9 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਵਿਚ ਲਹਿੰਦੇ ਪੰਜਾਬ ਦਾ ਇਕ ਹਿੱਸਾ ਵੀ ਸ਼ਾਮਲ ਹੈ, ਜੋ 1971 ਦੀ ਜੰਗ ਤੋਂ ਬਾਅਦ ਭਾਵ 54 ਸਾਲ ਵਿਚ ਪਾਕਿਸਤਾਨੀ ਪੰਜਾਬ ਉੱਤੇ ਪਹਿਲਾ ਫੌਜੀ ਹਮਲਾ ਹੈ।

ਇਹ ਇੱਕ ਮਹੱਤਵਪੂਰਨ ਕਦਮ ਹੈ, ਕਿਉਂਕਿ ਇਸ ਤੋਂ ਪਹਿਲਾਂ ਹੋਏ ਹਮਲਿਆਂ ਜਾਂ ਝੜਪਾਂ, ਜਿਨ੍ਹਾਂ ਵਿੱਚ ਕਾਰਗਿਲ ਜੰਗ ਵੀ ਸ਼ਾਮਲ ਹੈ, ਦੌਰਾਨ ਪੰਜਾਬ ਦੇ ਪਾਕਿਸਤਾਨੀ ਪਾਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪਾਕਿਸਤਾਨੀ ਫੌਜ ਤੇ ਮੁਲਕ ਦਾ ਹਾਕਮ ਵਰਗ ਮੁੱਖ ਤੌਰ ’ਤੇ ਲਹਿੰਦੇ ਪੰਜਾਬ ਤੋਂ ਹੈ।

1999 ਵਿੱਚ ਕਾਰਗਿਲ ਜੰਗ ਮੁੱਖ ਤੌਰ ’ਤੇ 168 ਕਿਲੋਮੀਟਰ ਦੇ ਧੁਰੇ ਦੇ ਆਲੇ-ਦੁਆਲੇ ਲੱਦਾਖ ਖੇਤਰ ਤੱਕ ਸੀਮਤ ਸੀ।

ਇਸ ਤੋਂ ਇਲਾਵਾ, ਜਦੋਂ 2001 ਵਿੱਚ ਸੰਸਦ ’ਤੇ ਹਮਲੇ ਤੋਂ ਬਾਅਦ ‘ਆਪ੍ਰੇਸ਼ਨ ਪਰਾਕ੍ਰਮ’ ਸ਼ੁਰੂ ਕੀਤਾ ਗਿਆ ਸੀ, ਤਾਂ ਭਾਰਤੀ ਫੌਜ ਪੂਰੀ ਤਰ੍ਹਾਂ ਲਾਮਬੰਦ ਹੋ ਗਈ ਸੀ ਅਤੇ ਭਾਰਤੀ ਹਵਾਈ ਫੌਜ ਨੂੰ ਅਲਰਟ ’ਤੇ ਰੱਖਿਆ ਗਿਆ ਸੀ। ਹਾਲਾਂਕਿ, ਕੋਈ ਹਮਲਾ ਨਹੀਂ ਹੋਇਆ। ਫਿਰ 2016 ਵਿੱਚ ਉੜੀ ਅਤਿਵਾਦੀ ਹਮਲੇ ਤੋਂ ਬਾਅਦ ਕੀਤੇ ਗਏ ਸਰਜੀਕਲ ਸਟ੍ਰਾਈਕ ਵੀ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਸਨ। ਉਨ੍ਹਾਂ ਵਿੱਚੋਂ ਕੋਈ ਵੀ ਪੰਜਾਬ ਵਿੱਚ ਨਹੀਂ ਸੀ। 2019 ਵਿੱਚ ਪੁਲਵਾਮਾ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ, ਹਵਾਈ ਹਮਲਾ ਬਾਲਾਕੋਟ ਵਿੱਚ ਕੀਤਾ ਗਿਆ ਸੀ, ਜੋ ਕਿ ਖੈਬਰ ਪਖਤੂਨਖਵਾ ਵਿੱਚ ਹੈ, ਨਾ ਕਿ ਪੰਜਾਬ ਦੇ ਪਾਕਿਸਤਾਨੀ ਪਾਸੇ। ਇਸ ਲਈ ਅੱਜ ਤੜਕੇ ਕੀਤੇ ਗਏ ਹਮਲੇ ਨੇ 54 ਸਾਲਾਂ ਬਾਅਦ ਪਾਕਿਸਤਾਨ ਦੇ ਦਿਲ ਨੂੰ ਸੱਟ ਮਾਰੀ ਹੈ।

# ਅਤਿਵਾਦ ਖਿਲਾਫ਼ ਲੜਾਈ ਵਿੱਚ ਪੂਰਾ ਦੇਸ਼ ਇਕਜੁੱਟ: ਭਗਵੰਤ ਮਾਨ

**ਚੰਡੀਗੜ੍ਹ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਹਥਿਆਰਬੰਦ ਸੈਨਾ ਵੱਲੋਂ ਬੁੱਧਵਾਰ ਵੱਡੇ ਤੜਕੇ ਪਾਕਿਸਤਾਨ ਦੇ ਦਹਿਸ਼ਤੀ ਟਿਕਾਣਿਆਂ ’ਤੇ ਕੀਤੇ ਹਮਲੇ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ ’ਤੇ ਇਕ ਟਵੀਟ ਵਿਚ ਕਿਹਾ ਕਿ ਅਤਿਵਾਦ ਖ਼ਿਲਾਫ਼ ਇਸ ਲੜਾਈ ਵਿੱਚ ਪੂਰਾ ਦੇਸ਼ ਇਕਜੁੱਟ ਹੈ।

ਅੱਤਵਾਦ ਦੇ ਖ਼ਿਲਾਫ਼ ਇਸ ਲੜਾਈ ਵਿੱਚ ਪੂਰਾ ਦੇਸ਼ ਇੱਕਜੁੱਟ ਹੈ। ਸਾਨੂੰ ਸਾਡੀ ਭਾਰਤੀ ਫੌਜ ਅਤੇ ਆਪਣੇ ਵੀਰ ਜਵਾਨਾਂ ‘ਤੇ ਮਾਣ ਹੈ। 140 ਕਰੋੜ ਦੇਸ਼ ਵਾਸੀ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਜਵਾਨਾਂ ਦੀ ਹਿੰਮਤ ਅਤੇ ਹੌਸਲੇ ਲਈ ਪੰਜਾਬ ਦੇ ਲੋਕ ਦੇਸ਼ ਦੀ ਫੌਜ ਦੇ ਨਾਲ ਖੜ੍ਹੇ ਹਨ।

# ਐੱਸ.ਜੀ.ਪੀ.ਸੀ. ਨੇ ਗੁਰਦੁਆਰਿਆਂ 'ਚ ਰਹਿਣ ਤੇ ਲੰਗਰ ਉਪਲੱਬਧ ਕਰਾਉਣ ਦਾ ਚੁੱਕਿਆ ਬੀੜਾ

**ਏਜੰਸੀਆਂ**

ਅੰਮ੍ਰਿਤਸਰ 11 ਮਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ-ਪਾਕਿਸਤਾਨ ਵਿੱਚ ਤਣਾਅਪੂਰਨ ਹਾਲਾਤਾਂ ਦੇ



ਮੱਦੇਨਜ਼ਰ ਸਰਹੱਦੀ ਇਲਾਕਿਆਂ ਵਿੱਚ ਸਥਿਤ ਇਤਿਹਾਸਕ ਗੁਰਦੁਆਰਿਆਂ ਵਿੱਚ ਲੰਗਰ ਦਾ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਸ਼?ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅਪੂਰਨ ਸਥਿਤੀ ਦੇ ਕਾਰਨ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਬੰਧਿਤ ਗੁਰਦੁਆਰਿਆਂ ਵਿੱਚ ਠਹਿਰਨ ਲਈ ਸਰਾਵਾਂ ਅਤੇ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਇਹ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧੀ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ ਅੰਮ੍ਰਿਤਸਰ, ਗੁਰਦੁਆਰਾ ਗੁਰੂਸਰ ਸਤਲਾਣੀ ਸਾਹਿਬ ਪ: 6ਵੀਂ ਹੁਸ਼ਿਆਰਨਗਰ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾਤਸ਼ਾਹੀ 6ਵੀਂ ਅੰਮ੍ਰਿਤਸਰ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨਤਾਰਨ, ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਨ ਤਰਨਤਾਰਨ, ਗੁਰਦੁਆਰਾ ਜਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜੀਦਪੁਰ ਫਿਰੋਜ਼ਪੁਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਠੱਠਾ ਤਰਨਤਾਰਨ, ਗੁਰਦੁਆਰਾ ਬਾਬਾ ਬੁੱਢਾ ਸਿੰਘ ਜੀ ਤੇਜਾ ਕਲਾਂ ਗੁਰਦਾਸਪੁਰ, ਗੁਰਦੁਆਰਾ ਸਾਂਹ ਸਾਹਿਬ ਪਿੰਡ ਬਾਸਰਕੇ ਗਿੱਲਾਂ ਅੰਮ੍ਰਿਤਸਰ ਅਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਵੀਂ, ਗੁਰੂ ਕਾ ਬਾਗ ਘੁੱਕੇਵਾਲੀ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੂੰ ਪੱਤਰ ਜਾਰੀ ਕੀਤੇ ਗਏ ਹਨ।

# ਜ਼ਿਲ੍ਹੇ 'ਚ ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ ਤੇ ਲੋਕ ਬਿਲਕੁਲ ਨਾ ਘਬਰਾਉਣ: ਦਲਵਿੰਦਰਜੀਤ ਸਿੰਘ

**ਸਰਦੂਲ ਸਿੰਘ**

ਗੁਰਦਾਸਪੁਰ 11 ਮਈ। ਹਿੰਦ-ਪਾਕਿ ਸਰਹੱਦ 'ਤੇ ਬਣੇ ਸੰਵੇਦਨਸ਼ੀਲ ਮਾਹੌਲ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵੱਲੋਂ ਜ਼ਿਲਾ ਅਧਿਕਾਰੀਆਂ ਨਾਲ ਕੋਆਰਡੀਨੇਸ਼ਨ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਕਲਾਨੌਰ ਸ੍ਰੀਮਤੀ ਜਯੋਤਸਨਾ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲਾ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਜ਼ਿਲਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਇੱਕ ਜ਼ਿਲਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਜਿਸ ਦਾ ਨੰਬਰ 01874-266376 ਜਨਤਾ ਲਈ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕੰਟਰੋਲ ਰੂਮ ਰਾਊਂਡ ਦੀ ਕਲਾਕ ਚੱਲ ਰਿਹਾ ਹੈ ਅਤੇ ਲੋੜ ਪੈਣ 'ਤੇ ਜ਼ਿਲਾ ਵਾਸੀ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੇ ਸਮੇਂ ਜ਼ਿਲ੍ਹੇ ਦੀਆਂ ਸਾਰੀਆਂ ਟੀਮਾਂ ਕੁਇੱਕ ਰਿਸਪਾਂਸ ਦੇਣ ਲਈ ਪੂਰੀ ਤਰ੍ਹਾਂ




ਤਿਆਰ ਰਹਿਣ। ਇਸ ਮੌਕੇ ਉਨ੍ਹਾਂ ਮੈਡੀਕਲ ਐਮਰਜੈਂਸੀ, ਰਿਲੀਫ ਸੈਂਟਰ ਸਮੇਤ ਸਿਵਲ ਡਿਫੈਂਸ ਪਲਾਨ ਦਾ ਰੀਵਿਊ ਵੀ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਨੇ ਇਸ ਤਣਾਅ ਦੌਰਾਨ ਪੈਟਰੋਲ ਪੰਪਾਂ, ਕਰਿਆਨੇ ਦੀਆਂ ਦੁਕਾਨਾਂ ਅਤੇ ਏਟੀਐਮ ਉੱਪਰ ਲੱਗੀਆਂ ਲੋਕਾਂ ਦੀਆਂ ਲਾਈਨਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ, ਜਿੰਨਾ ਵਿੱਚ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਦੀ ਕੋਈ ਘਾਟ ਨਹੀਂ ਹੈ। ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਾਜ਼ਾਰੀ ਨੂੰ ਉਤਸ਼ਾਹਿਤ ਨਾ ਕਰਨ। ਉਨ੍ਹਾਂ ਜ਼ਰੂਰੀ ਵਸਤਾਂ ਦਾ ਭੰਡਾਰ ਕਰਕੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ ਉਸ ਖ਼?ਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜ਼ਰੀਏ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਅਤੇ ਦਿੱਤੀਆਂ ਜਾ ਰਹੀਆਂ ਗੈਰ ਜ਼ਰੂਰੀ ਸਲਾਹਾਂ ਉੱਤੇ ਅਮਲ ਨਾ ਕਰਨ। ਉਨ੍ਹਾਂ ਕਿਹਾ ਕਿ ਹਰੇਕ ਸੂਚਨਾ, ਖ਼ਬਰ ਜਾਂ ਸਲਾਹ ਦੀ ਪੁਸ਼ਟੀ ਕਰਕੇ ਉਸ ਉੱਤੇ ਅਮਲ ਕੀਤਾ ਜਾਵੇ ਅਤੇ ਉਸ ਨੂੰ ਤਾਂ ਹੀ ਅੱਗੇ ਸ਼ੇਅਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਿਨਾਂ ਸੋਚੇ ਅਜਿਹੀਆਂ ਖ਼ਬਰਾਂ ਜਾਂ ਸਲਾਹਾਂ ਨੂੰ ਸ਼ੇਅਰ ਕਰਕੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਨਾ ਪੈਦਾ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ ਅਤੇ ਲੋਕ ਬਿਲਕੁਲ ਨਾ ਘਬਰਾਉਣ।

## ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਤਿਆਰ

ਮੋਹਾਲੀ 11 ਮਈ। ਜ਼ਿਲ੍ਹਾ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਪੂਰੀ ਤਰ੍ਹਾਂ ਤਿਆਰ ਹੈ। ਜਿੱਥੇ ਸਿਹਤ ਕਾਮਿਆਂ ਵੱਲੋਂ ਘਰ-ਘਰ ਜਾ ਕੇ ਕੰਟੇਨਰ ਸਰਵੇਖਣ ਕੀਤਾ ਜਾ ਰਿਹਾ ਹੈ, ਉੱਥੇ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਿਹਤ ਸੁਪਰਵਾਈਜ਼ਰਾਂ ਅਤੇ ਸਿਹਤ ਵਰਕਰਾਂ ਨਾਲ ਮੀਟਿੰਗਾਂ ਕਰ ਕੇ ਅਚਨਚੇਤ ਚੈਕਿੰਗ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ। ਸਿਵਲ ਸਰਜਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਵੱਲੋਂ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਲਈ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ



ਥਾਂ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ 'ਚ ਦਰਦ, ਅੱਖ ਦੇ ਪਿਛਲੇ ਹਿੱਸੇ 'ਚ ਦਰਦ, ਮੂੰਹ ਅਤੇ ਮਸੂੜਿਆਂ 'ਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਆਦਿ ਡੇਂਗੂ ਦੇ ਲੱਛਣ ਹਨ। ਉਨ੍ਹਾਂ ਦੱਸਿਆ ਕਿ ਡੇਂਗੂ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ 'ਚ ਬਿਲਕੁਲ ਮੁਫ਼ਤ ਹੁੰਦਾ ਹੈ।

## ਸਰਹੱਦ ਦੇ ਨੇੜਲੇ ਪਿੰਡਾਂ 'ਚ ਪੁੱਜੇ ਕਟਾਰੂਚੱਕ, ਲੋਕਾਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਦਿੱਤਾ ਭਰੋਸਾ

ਭੋਆ, 11 ਮਈ। ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵਿਧਾਨ ਸਭਾ ਹਲਕਾ ਭੋਆ ਹਿੰਦ ਪਾਕ ਦੀ ਸਰਹੱਦ ਦੇ ਨਾਲ ਲਗਦੇ ਪਿੰਡ ਪਹਾੜੀਪੁਰ,ਖੁਦਾਈਪੁਰ, ਜੈਤਪੁਰ ਅਤੇ ਫਰਵਾਲ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਡੋਰ ਟੂ ਡੋਰ ਪਿੰਡਾਂ ਦਾ ਦੌਰਾ ਕੀਤਾ ਅਤੇ ਸਥਾਨਿਕ ਲੋਕਾਂ ਨਾਲ ਗੱਲਬਾਤ ਕੀਤੀ। ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋ ਵਿਸੇਸ ਤੌਰ 'ਤੇ ਹਦਾਇਤ ਕੀਤੀ ਗਈ ਹੈ ਅਤੇ ਉਨ੍ਹਾਂ ਵੱਲੋਂ ਦਿੱਤੇ ਆਦੇਸ਼ਾਂ ਦੀ



ਪਾਲਣਾ ਕਰਦੇ ਹੋਏ ਉਹ ਆਪ ਹਿੰਦ ਪਾਕ ਸਰਹੱਦ ਦੇ ਨਾਲ ਲਗਦੇ ਪਿੰਡਾਂ ਵਿੱਚ ਜਾ ਰਹੇ ਹਨ ਤੇ ਪਿੰਡਾਂ ਅੰਦਰ ਡੋਰ ਟੂ ਡੋਰ ਪਹੁੰਚ ਕਰਕੇ ਲੋਕਾਂ ਨਾ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅਪੀਲ ਹੈ ਕਿ ਕਿਸੇ ਤਰ੍ਹਾਂ ਨਾਲ ਡਰਨ ਦੀ ਲੋੜ ਨਹੀਂ ਹੈ ਪੰਜਾਬ ਸਰਕਾਰ ਤੁਹਾਡੇ ਨਾਲ ਹੈ ਅਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੀ ਭਾਰਤੀ ਫੌਜ ਸਰਹੱਦਾਂ ਤੇ ਦੇਸ ਦੀ ਸੁਰੱਖਿਆ ਲਈ ਸਾਡੀ ਸੈਨਾ ਪੂਰੀ ਤਰ੍ਹਾਂ ਨਾਲ ਸਤਰਕ ਹੈ ਅਤੇ ਸਾਨੂੰ ਘਬਰਾਉਂਣਾ ਨਹੀਂ ਚਾਹੀਦਾ ਹੈ।

# ਕੇਂਦਰੀ ਜੇਲ੍ਹ ਅੰਦਰੋਂ 9 ਫੋਨ, 9 ਸਿੰਮਾਂ ਤੇ ਨਸ਼ੀਲਾ ਪਦਾਰਥ ਹੋਇਆ ਬਰਾਮਦ

**ਕਿਸ਼ਨ ਪਾਲ**

ਤਰਨਤਾਰਨ 11 ਮਈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਚ ਆਏ ਦਿਨ ਨਸ਼ੀਲੇ ਪਦਾਰਥ ਤੇਜ਼ਧਾਰ ਹਥਿਆਰ ਮੋਬਾਈਲ ਫੋਨ ਆਦਿ ਸਾਮਾਨ ਮਿਲਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਅੰਦਰੋਂ 9 ਮੋਬਾਈਲ ਫੋਨ, 9 ਸਿੰਮਾਂ, 29 ਪੁੜੀਆਂ ਤੰਬਾਕੂ, 6 ਬੀੜੀਆਂ ਦੇ ਬੰਡਲ, 5 ਹੀਟਰ ਸਪਰਿੰਗ, 4 ਡਾਟਾ ਕੇਬਲ, 4 ਈਅਰ ਫੋਨ, 2 ਅਡਾਪਟਰ, 2 ਮੋਬਾਈਲ ਲੀਡ ਚਾਰਜਰ ਬਰਾਮਦ ਕੀਤੇ ਗਏ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਸੁਸ਼ੀਲ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉੱਚ ਅਧਿਕਾਰੀਆਂ ਵੱਲੋਂ ਦਿੱਤੇ



ਜਾਣ ਵਾਲੇ ਆਦੇਸ਼ਾਂ ਤਹਿਤ ਸਮੇਂ-ਸਮੇਂ ਉਪਰ ਅਚਾਨਕ ਜੇਲ੍ਹ ਅੰਦਰ ਤਲਾਸ਼ੀ ਅਭਿਆਨ ਚਲਾਇਆ ਜਾਂਦਾ ਹੈ, ਇਸੇ ਲੜੀ ਦੇ ਤਹਿਤ ਜਦੋਂ ਉਨ੍ਹਾਂ ਵੱਲੋਂ ਜੇਲ੍ਹ ਅੰਦਰ ਤਲਾਸ਼ੀ ਅਭਿਆਨ ਚਲਾਇਆ ਗਿਆ ਤਾਂ 9 ਮੋਬਾਈਲ ਫੋਨ, 9 ਸਿੰਮਾਂ, 29 ਪੁੜੀਆਂ ਤੰਬਾਕੂ, 6 ਬੀੜੀਆਂ ਦੇ ਬੰਡਲ, 5 ਹੀਟਰ ਸਪਰਿੰਗ, 4 ਡਾਟਾ ਕੇਬਲ, 4 ਈਅਰ ਫੋਨ, 2 ਅਡਾਪਟਰ, 2 ਮੋਬਾਈਲ ਲੀਡ ਚਾਰਜ਼ਰ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਾਰੀ ਜਾਣਕਾਰੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੂੰ ਲਿਖਤੀ ਰੂਪ ਵਿਚ ਦੇ ਦਿੱਤੀ ਗਈ ਹੈ। ਓਧਰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਸਹਾਇਕ ਜੇਲ ਸੁਪਰਡੈਂਟ ਸੁਸ਼ੀਲ ਕੁਮਾਰ ਦੇ ਬਿਆਨਾਂ ਹੇਠ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਹੋਏ ਪੁਲਸ ਵੱਲੋਂ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਸ਼ਾਸਨ: ਆਸ਼ਿਕਾ ਜੈਨ

ਹੁਸ਼ਿਆਰਪੁਰ 11 ਮਈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਭਾਰਤ-ਪਾਕਿ ਤਣਾਅ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਜ਼ਰੂਰੀ ਵਸਤਾਂ, ਜਿਵੇਂ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਆਦਿ ਦੀ ਕੋਈ ਘਾਟ ਨਹੀਂ ਹੈ। ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਾਜ਼ਾਰੀ ਨੂੰ ਉਤਸ਼ਾਹਤ ਨਾ ਕਰਨ। ਉਨ੍ਹਾਂ ਜ਼ਰੂਰੀ ਵਸਤਾਂ ਦਾ ਭੰਡਾਰ



ਕਰਕੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ, ਉਸ ਖ਼?ਲਾਫ਼ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜ਼ਰੀਏ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਅਤੇ ਦਿੱਤੀਆਂ ਜਾ ਰਹੀਆਂ ਗੈਰ-ਜ਼ਰੂਰੀ ਸਲਾਹਾਂ ਉੱਤੇ ਅਮਲ ਨਾ ਕਰਨ। ਉਨ੍ਹਾਂ ਕਿਹਾ ਕਿ ਹਰੇਕ ਸੂਚਨਾ, ਖਬਰ ਜਾਂ ਸਲਾਹ ਦੀ ਪੁਸ਼ਟੀ ਕਰਕੇ ਉਸ 'ਤੇ ਅਮਲ ਕੀਤਾ ਜਾਵੇ ਅਤੇ ਉਸ ਨੂੰ ਤਾਂ ਹੀ ਅੱਗੇ ਸ਼ੇਅਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਿਨਾਂ ਸੋਚੇ ਅਜਿਹੀਆਂ ਖ਼ਬਰਾਂ ਜਾਂ ਸਲਾਹਾਂ ਨੂੰ ਸ਼ੇਅਰ ਕਰ ਕੇ ਆਮ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਨਾ ਪੈਦਾ ਕੀਤਾ ਜਾਵੇ।

## ਬਜ਼ੁਰਗ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਕੀਤੀ ਪੈਸਿਆਂ ਦੀ ਲੁੱਟ

ਰੂਪਨਗਰ 11 ਮਈ। ਪਿੰਡ ਫੂਲਪੁਰ ਗਰੇਵਾਲ ਵਾਸੀ ਬਜ਼ੁਰਗ ਗੁਰਮੁੱਖ ਸਿੰਘ 'ਤੇ ਇਕ ਪ੍ਰਵਾਸੀ ਨੌਜਵਾਨ ਵੱਲੋਂ ਮਾਜਰੀ ਜੱਟਾਂ ਵਿਖੇ ਰਾਤ ਦੇ ਹਨ੍ਹੇਰੇ ਵਿਚ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਨਕਦੀ ਲੁੱਟ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਮਲੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਗੁਰਮੁੱਖ ਸਿੰਘ ਨੂੰ ਸਰਕਾਰੀ ਹਸਪਤਾਲ ਰੂਪਨਗਰ ਵਿਖੇ ਦਾਖ਼ਲ ਕਰਵਾਇਆ ਗਿਆ ਸੀ, ਜਿਸ ਦੇ ਸਰੀਰ ਉਤੇ ਅਤੇ ਸਿਰ ਵਿਚ ਗੰਭੀਰ ਸੱਟਾਂ ਕਾਰਨ ਚੰਡੀਗੜ੍ਹ ਦੇ 32 ਸੈਕਟਰ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਗੁਰਮੁੱਖ ਸਿੰਘ ਜੋ ਕਿ ਸਬਜ਼ੀ ਵੇਚਣ ਦਾ ਕੰਮ ਕਰਦਾ ਹੈ ਜਦੋਂ ਸਾਮੀ ਘਰ ਵਾਪਸ ਆ ਰਿਹਾ ਸੀ ਤਾਂ ਪਿੰਡ ਮਾਜਰੀ ਜੱਟਾਂ ਨੇੜੇ ਉਕਤ ਪ੍ਰਵਾਸੀ ਨੌਜਵਾਨ ਨੇ ਉਸ ਨੂੰ ਰੋਕ ਕੇ ਲੁੱਟਮਾਰ ਦੀ ਘਟਨਾ ਨੂੰ ਅੰਜਾਮ ਦਿੱਤਾ ਅਤੇ ਮੌਕੇ 'ਤੇ ਰਾਹਗੀਰਾਂ ਵੱਲੋਂ ਉਸ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ ਅਤੇ ਉਸ ਨਾਲ ਵਾਰਦਾਤ ਵਿਚ ਇਕ ਹੋਰ ਨੌਜਵਾਨ ਜੋਕਿ ਮੌਕੇ ਤੋਂ ਫਰਾਰ ਦੱਸਿਆ ਜਾਂਦਾ ਹੈ। ਪੁਲਸ ਵੱਲੋਂ ਘਟਨਾ ਦੀ ਜਾਂਚ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਵਰਨਣਯੋਗ ਹੈ ਕਿ ਇਲਾਕੇ ਵਿਚ ਲਗਾਤਾਰ ਲੁੱਟਖੋਹ ਦੀਆਂ ਘਟਨਾਵਾਂ ਕਾਰਨ ਲੋਕਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਇਲਾਕੇ ਦੇ ਲੋਕਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਸਮਾਜ ਵਿਰੋਧੀ ਅਨਸਰਾਂ ਖ਼?ਲਾਫ਼ ਸਖ਼ਤ ਕਾਰਵਾਈ ਕਰਦਿਆਂ ਗ੍ਰਿਫ਼ਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਲੋਕਾਂ ਨੇ ਇਹ ਵੀ ਰੋਸ ਜ਼ਾਹਰ ਕੀਤਾ ਹੈ ਕਿ ਪ੍ਰਵਾਸੀ ਲੋਕਾਂ ਦੀ ਸ਼ਨਾਖਤ ਬਾਰੇ ਕੋਈ ਢੁੱਕਵੀਂ ਕਾਰਵਾਈ ਅਮਲ 'ਚ ਨਹੀ ਸ਼ੁਰੂ ਕੀਤੀ ਜਾ ਰਹੀ ਜਿਸ ਕਾਰਨ ਅਜਿਹੀਆਂ ਘਟਨਾਵਾਂ 'ਚ ਵਾਧਾ ਹੋ ਰਿਹਾ ਹੈ।

## ਪੰਜਾਬ ਪੁਲਸ ਨੇ ਨਸ਼ਾ ਤਸਕਰ ਕੀਤਾ ਢੇਰ

ਫਿਰੋਜ਼ਪੁਰ/ਲੁਧਿਆਣਾ 11 ਮਈ। ਐਂਟੀ-ਨਾਰਕੋਟਿਕਸ ਟਾਕਸ ਫੋਰਸ ਪੰਜਾਬ ਫਿਰੋਜ਼ਪੁਰ ਰੇਜ਼ ਨੇ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਜਗਰਾਓਂ 'ਚ ਇਕ ਮੁਕਾਬਲੇ ਦੌਰਾਨ ਨਸ਼ਾ ਤਸਕਰ ਨੂੰ ਢੇਰ ਕਰ ਦਿੱਤਾ। ਜਾਣਕਾਰੀ ਮੁਤਾਬਕ ਇਕ ਇਨਪੁੱਟ 'ਤੇ ਕਾਰਵਾਈ ਕਰਦੇ ਹੋਏ ਟਾਸਕ ਫੋਰਸ ਨੇ ਤਸਕਰਾਂ ਰਾਜੂ ਅਤੇ ਉਸ ਦੇ ਸਾਥੀ ਨੂੰ ਰੋਕਿਆ। ਰਾਜੂ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ। ਇਸ ਤੋਂ ਬਾਅਦ ਪੁਲਸ ਦੀ ਜਵਾਬੀ ਕਾਰਵਾਈ 'ਚ ਰਾਜੂ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਸਿਵਲ ਹਸਪਤਾਲ ਜਗਰਾਓਂ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ। ਉਸ ਦਾ ਸਾਥੀ ਭੱਜਣ 'ਚ ਕਾਮਯਾਬ ਹੋ ਗਿਆ। ਰਾਜੂ ਕੋਲੋਂ 2 ਕਿੱਲੋ ਹੈਰੋਇਨ, 15 ਲੱਖ ਦੀ ਡਰੱਗ ਮਨੀ ਅਤੇ ਇਕ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤਾ ਗਿਆ ਹੈ। ਇਸ ਸਬੰਧੀ ਥਾਣਾ ਜਗਰਾਓਂ ਵਿਖੇ ਐੱਫ. ਆਈ. ਆਰ. ਦਰਜ ਕਰ ਲਈ ਗਈ ਹੈ ਅਤੇ ਪੂਰੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਜਾਂਚ ਜਾਰੀ ਹੈ। ਦੱਸਣਯੋਗ ਹੈ ਕਿ ਰਾਜੂ ਇਕ ਆਦਤਨ ਅਪਰਾਧੀ ਸੀ, ਜਿਸ 'ਤੇ 19 ਮਾਮਲੇ ਦਰਜ ਸਨ। ਇਸ ਬਾਰੇ ਡੀ. ਜੀ. ਪੀ. ਨੇ ਕਿਹਾ ਕਿ ਪੰਜਾਬ ਪੁਲਸ ਨਸ਼ਾ ਮੁਕਤ ਪੰਜਾਬ ਅਤੇ ਆਪਣੇ ਨਾਗਰਿਕਾਂ ਨੂੰ ਸੁਰੱਖਿਆ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਪੈਰੋਲ 'ਤੇ ਆਏ ਮੁਲਜ਼ਮ ਨੇ ਗੈਂਗ ਬਣਾ ਕੇ ਦਿੱਤਾ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ

**ਏਜੰਸੀਆਂ**

ਲੁਧਿਆਣਾ 11 ਮਈ। ਜੇਲ੍ਹ 'ਚੋਂ ਪੈਰੋਲ 'ਤੇ ਆਏ ਇੱਕ ਮੁਲਜ਼ਮ ਨੇ ਗੈਂਗ ਬਣਾ ਕੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ। ਮੁਲਜ਼ਮ ਤੇਜ਼ਧਾਰ ਹਥਿਆਰਾਂ ਦੇ ਜ਼ੋਰ 'ਤੇ ਰਾਹਗੀਰਾਂ ਤੋਂ ਮੋਬਾਈਲ, ਨਕਦੀ ਅਤੇ ਕੀਮਤੀ ਸਾਮਾਨ ਲੁੱਟ ਲੈਂਦੇ ਸਨ। ਥਾਣਾ ਸਦਰ ਦੀ ਪੁਲਸ ਨੂੰ ਲੁੱਟ-ਖੋਹ ਕਰਨ ਵਾਲੇ ਗਿਰੋਹ ਦੀ ਭਿਣਕ ਲੱਗੀ ਤਾਂ ਪੁਲਸ ਨੇ ਕਾਰਵਾਈ ਕਰਦੇ ਹੋਏ ਗੈਂਗ ਦੇ 4 ਲੁਟੇਰਿਆਂ ਨੂੰ ਕਾਬੂ ਕਰ ਲਿਆ। ਪੁਲਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਤੋਂ 2 ਦਰਜਨ ਤੋਂ ਵੱਧ ਲੁੱਟ ਦੀਆਂ ਵਾਰਦਾਤਾਂ ਹੱਲ ਹੋਣ ਦੀ ਸੰਭਾਵਨਾ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਪੁਲਸ ਨੇ ਗਿਆਸਪੁਰਾ ਦੇ ਰਹਿਣ ਵਾਲੇ ਗੋਲੂ ਕੁਮਾਰ, ਮਾਣਕਵਾਲ ਦੇ ਰਹਿਣ ਵਾਲੇ ਮੋਹਨ, ਅਨਿਲ ਕੁਮਾਰ ਅਤੇ ਗਿਆਸਪੁਰਾ ਦੇ ਰਹਿਣ ਵਾਲੇ ਮੁਕੇਸ਼ ਕੁਮਾਰ ਵਜੋਂ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮਾਂ ਤੋਂ 5 ਮੋਟਰਸਾਈਕਲ, 23 ਮੋਬਾਈਲ, 4 ਕੀਮਤੀ ਘੜੀਆਂ, ਏਅਰ ਪੋਡ, ਇਕ ਕਿਰਚ ਅਤੇ ਦਾਤਰ ਬਰਾਮਦ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਹੈ। ਏ. ਡੀ. ਸੀ. ਪੀ.-2 ਕਰਣਵੀਰ ਸਿੰਘ ਨੇ ਦੱਸਿਆ ਕਿ ਥਾਣਾ ਸਦਰ ਦੇ ਇੰਸਪੈਕਟਰ ਅਵਤਾਰ ਸਿੰਘ ਦੀ ਪੁਲਸ ਪਾਰਟੀ ਗਸ਼ਤ ਦੇ ਸਬੰਧ 'ਚ ਟੀ-ਪੁਆਇੰਟ ਸਾਈਂ ਧਾਮ ਵਿਖੇ ਮੌਜੂਦ ਸੀ ਤਾਂ ਉਨ੍ਹਾਂ



ਨੂੰ ਸੂਚਨਾ ਮਿਲੀ ਕਿ ਉਕਤ ਮੁਲਜ਼ਮ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਚੋਰੀ ਕੀਤੇ ਗਏ ਮੋਬਾਈਲ ਫੋਨ ਵੇਚਣ ਲਈ ਜਾ ਰਹੇ ਹਨ, ਜਿਸ 'ਤੇ ਛਾਪਾ ਮਾਰ ਕੇ ਪੁਲਸ ਨੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਉਹ ਲੁਧਿਆਣਾ ਦੇ ਵੱਖ-ਵੱਖ ਇਲਾਕਿਆਂ 'ਚ ਜਾ ਕੇ ਵਾਰਦਾਤਾਂ ਕਰਦੇ ਸਨ। ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਾਹਗੀਰਾਂ ਨੂੰ ਘੇਰ ਕੇ ਉਨ੍ਹਾਂ ਨੂੰ ਦਾਤਰ ਦਿਖਾ ਕੇ ਧਮਕਾਉਂਦੇ ਸਨ ਅਤੇ ਫਿਰ ਉਨ੍ਹਾਂ ਦਾ ਸਾਮਾਨ ਖੋਹ ਲੈਂਦੇ ਸਨ। ਜਾਂਚ ਦੌਰਾਨ ਪੁਲਸ ਨੇ ਮੁਲਜ਼ਮਾਂ ਖਿਲਾਫ ਥਾਣਾ ਸਦਰ ਦੀ 3, ਥਾਣਾ ਡੇਹਲੋਂ, ਥਾਣਾ ਦੁੱਗਰੀ, ਥਾਣਾ ਡਾਬਾ 'ਚ ਹੋਈਆਂ 6 ਵਾਰਦਾਤਾਂ ਨੂੰ ਟ?ਰੇਸ ਕੀਤਾ ਹੈ, ਜਦੋਂਕਿ ਬਾਕੀ ਵਾਰਦਾਤਾਂ ਨੂੰ ਟ?ਰੇਸ ਕਰਨ ਲਈ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਗੋਲੂ ਕੁਮਾਰ ਖਿਲਾਫ ਆਰਮਜ਼ ਐਕਟ ਤਹਿਤ ਕੇਸ ਦਰਜ ਹੈ ਅਤੇ ਮੁਲਜ਼ਮ ਕੋਰਟ ਤੋਂ ਗੈਰ-ਹਾਜ਼ਰ ਚੱਲ ਰਿਹਾ ਹੈ। ਮੁਲਜ਼ਮ ਮੋਹਨ ਉਰਫ ਮੋਨੂ ਖਿਲਾਫ ਥਾਣਾ ਸਦਰ ਵਿਚ ਸਮੂਹਿਕ ਜਬਰ-ਜ਼ਨਾਹ ਅਤੇ ਜੇਲ ਐਕਟ ਤਹਿਤ ਪਰਚਾ ਦਰਜ ਹੈ ਅਤੇ ਮੁਲਜ਼ਮ ਜ਼ਮਾਨਤ 'ਤੇ ਆਇਆ ਹੋਇਆ ਹੈ। ਪੁੱਛਗਿਛ ਦੌਰਾਨ ਮੁਲਜ਼ਮਾਂ ਤੋਂ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮ ਲੁੱਟਿਆ ਗਿਆ ਸਾਮਾਨ ਕਿਨ੍ਹਾਂ ਲੋਕਾਂ ਨੂੰ ਵੇਚਦੇ ਸਨ ਅਤੇ ਮੁਲਜ਼ਮਾਂ ਨੇ ਮੋਟਰਸਾਈਕਲ ਕਿਥੋਂ ਚੋਰੀ ਕੀਤੇ ਹਨ। ਮੁਲਜ਼ਮਾਂ ਦੇ ਬਾਕੀ ਸਾਥੀਆਂ ਸਬੰਧੀ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

# ਵਿਦੇਸ਼ ਅਧਾਰਤ ਤਸਕਰ ਦੇ ਦੋ ਕਾਰਕੁਨ 10 ਕਿਲੋ ਹੈਰੋਇਨ ਤੇ ਡਰੱਗ ਮਨੀ ਸਮੇਤ ਗ੍ਰਿਫ਼ਤਾਰ

**ਏਜੰਸੀਆਂ**

ਚੰਡੀਗੜ੍ਹ/ਅੰਮ੍ਰਿਤਸਰ 11 ਮਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਵਿਦੇਸ਼-ਅਧਾਰਤ ਤਸਕਰ ਜੱਸਾ ਦੁਆਰਾ ਚਲਾਏ ਜਾ ਰਹੇ ਅੰਤਰਰਾਸ਼ਟਰੀ ਨਾਰਕੋ-ਤਸਕਰੀ ਮਾਡਿਊਲ ਦੇ ਭਾਰਤ-ਅਧਾਰਤ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਕਬਜ਼ੇ 'ਚੋਂ 10 ਕਿਲੋ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਮਜੀਠਾ ਰੋਡ ਸਥਿਤ ਇੰਦਰਾ ਕਲੋਨੀ ਦੇ ਰਹਿਣ ਵਾਲੇ ਗੁਰਪਿੰਦਰ ਸਿੰਘ ਅਤੇ ਅੰਮ੍ਰਿਤਸਰ ਦੇ ਚੱਕ ਮਿਸ਼ਰੀ ਖਾਨ ਦੇ ਰਹਿਣ ਵਾਲੇ ਸਾਜਨ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦਾ ਕਾਲਾ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ-02-ਈਐਮ-2025), ਜਿਸਦੀ ਵਰਤੋਂ ਉਹ ਨਸ਼ਿਆਂ ਦੀ ਤਸਕਰੀ ਲਈ ਕਰ ਰਹੇ ਸਨ, ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਵਿਦੇਸ਼-ਅਧਾਰਤ ਮੁਲਜ਼ਮ ਜੱਸਾ ਨਸ਼ਿਆਂ ਅਤੇ ਹਥਿਆਰਾਂ ਦਾ ਤਸਕਰ ਹੈ, ਜੋ ਪੁਲਸ ਨੂੰ ਥਾਣਾ ਐੱਸਐੱਸਓਸੀ ਅੰਮ੍ਰਿਤਸਰ ਵਿਖੇ ਦਰਜ ਐੱਨਡੀਪੀਐੱਸ ਐਕਟ ਅਤੇ ਅਸਲਾ ਐਕਟ ਤਹਿਤ ਕਈ ਕੇਸਾਂ ਵਿੱਚ ਲੋੜੀਂਦਾ ਹੈ। ਜ਼ਿਕਰਯੋਗ ਹੈ ਕਿ ਸੀਆਈ ਅੰਮ੍ਰਿਤਸਰ ਵੱਲੋਂ ਪਿਛਲੇ ਦਸ ਦਿਨਾਂ ਵਿੱਚ ਬੇਨਕਾਬ ਕੀਤਾ ਗਿਆ ਹੈ ਤੀਜਾ ਮਡਿਊਲ ਹੈ, ਜਿਸਨੂੰ ਵਿਦੇਸ਼ ਅਧਾਰਤ ਤਸਕਰ ਜੱਸਾ ਦੁਆਰਾ ਚਲਾਇਆ ਜਾ ਰਿਹਾ ਸੀ। ਇਸ ਤੋਂ




ਪਹਿਲਾਂ ਉਕਤ ਤਸਕਰ ਜੱਸਾ ਦੇ ਕਾਰਕੁਨ ਅਭਿਸ਼ੇਕ ਨੂੰ ਸੱਤ ਪਿਸਤੌਲਾਂ ਅਤੇ 1.5 ਲੱਖ ਰੁਪਏ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਇਸ ਤੋਂ ਕੁਝ ਦਿਨਾਂ ਬਾਅਦ ਪੁਲਸ ਟੀਮਾਂ ਨੇ ਜੱਸਾ ਦੇ ਫਰਾਰ ਸਾਥੀ ਜੋਧਬੀਰ ਸਿੰਘ ਉਰਫ ਜੋਧਾ ਦੇ ਟਿਕਾਣੇ ਤੋਂ 5 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਡੀਜੀਪੀ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪੁਲਸ ਨੂੰ ਪੁਖ਼ਤਾ ਜਾਣਕਾਰੀ ਮਿਲੀ ਸੀ ਕਿ ਮੁਲਜ਼ਮ ਗੁਰਪਿੰਦਰ ਅਤੇ ਸਾਜਨ ਅੰਮ੍ਰਿਤਸਰ ਦੇ ਐਸਕਾਰਟ ਹਸਪਤਾਲ ਨੇੜੇ ਬਾਈਪਾਸ ਵਾਲੇ ਇਲਾਕੇ ਵਿੱਚ ਕਿਸੇ ਹੋਰ ਧਿਰ ਨੂੰ ਹੈਰੋਇਨ ਦੀ ਵੱਡੀ ਖੇਪ ਪਹੁੰਚਾਉਣ ਜਾ ਰਹੇ ਹਨ, ਜਿਸ 'ਤੇ ਕਾਰਵਾਈ ਕਰਦਿਆਂ ਸੀਆਈ ਅੰਮ੍ਰਿਤਸਰ ਦੀਆਂ ਪੁਲਸ ਟੀਮਾਂ ਨੇ ਪ੍ਰਾਪਤ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਲਾਕੇ ਵਿੱਚ ਆਪ੍ਰੇਸ਼ਨ ਚਲਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਖੇਪ ਦੀ ਡਲਿਵਰੀ ਕਰਨ ਜਾ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਉਕਤ ਮੁਲਜ਼ਮਾਂ ਦੀ ਤਲਾਸ਼ੀ ਦੌਰਾਨ ਪੁਲਸ ਨੂੰ ਉਨ੍ਹਾਂ ਤੋਂ 10 ਕਿਲੋ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਆਪਣੇ ਵਿਦੇਸ਼-ਅਧਾਰਤ ਸੰਚਾਲਕ ਜੱਸਾ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਦੀ ਖੇਪ ਪਹੁੰਚਾਉਣ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸਐੱਸਓਸੀ), ਅੰਮ੍ਰਿਤਸਰ ਵਿਖੇ ਐੱਨਡੀਪੀਐੱਸ ਕਾਨੂੰਨ ਦੀਆਂ ਧਾਰਾਵਾਂ 21, 25, 27-ਏ ਅਤੇ 29 ਤਹਿਤ ਐੱਫਆਈਆਰ ਨੰਬਰ 30 ਮਿਤੀ 08.05.2025 ਦਰਜ ਕੀਤੀ ਗਈ ਹੈ।

## ਵਧ ਗਈ ਪੈਨਸ਼ਨ ! ਇਨ੍ਹਾਂ ਲੋਕਾਂ ਨੂੰ ਹਰ ਮਹੀਨੇ ਮਿਲਣਗੇ 4 ਹਜ਼ਾਰ ਰੁਪਏ

ਉੱਤਰ ਪ੍ਰਦੇਸ਼ 11 ਮਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਸਰਕਾਰ ਵੱਲੋਂ ਇੱਕ ਵੱਡਾ ਫੈਸਲਾ ਲਿਆ ਗਿਆ ਹੈ। ਇਸ ਫੈਸਲੇ ਅਨੁਸਾਰ, ਬਜ਼ੁਰਗਾਂ ਅਤੇ ਬੇਸਹਾਰਾ ਲੋਕ ਕਲਾਕਾਰਾਂ ਲਈ ਇੱਕ ਭਲਾਈ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ। ਜਿਸ ਤੋਂ ਬਾਅਦ ਇਨ੍ਹਾਂ ਕਲਾਕਾਰਾਂ ਦੀ ਪੈਨਸ਼ਨ ਵਧਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ 2000 ਰੁਪਏ ਦੀ ਬਜਾਏ 4000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ। ਜਾਣਕਾਰੀ ਅਨੁਸਾਰ ਸੈਰ-ਸਪਾਟਾ ਅਤੇ ਸੱਭਿਆਚਾਰ ਮੰਤਰੀ ਜੈਵੀਰ ਸਿੰਘ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਲੋਕ ਕਲਾਕਾਰਾਂ ਲਈ ਕਲਾਕਾਰ ਭਲਾਈ ਬੀਮਾ ਯੋਜਨਾ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸੀਨੀਅਰ ਕਲਾਕਾਰਾਂ ਦੀ ਮਾਸਿਕ ਪੈਨਸ਼ਨ 2000 ਰੁਪਏ ਤੋਂ ਵਧਾ ਕੇ 4000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ। ਹਦਾਇਤਾਂ 'ਚ ਇਹ ਵੀ ਕਿਹਾ ਗਿਆ ਸੀ ਕਿ ਰਜਿਸਟ?ਰੇਸ਼ਨ ਤੋਂ ਲੈ ਕੇ ਭੁਗਤਾਨ ਤੱਕ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ। ਜੈਵੀਰ ਸਿੰਘ ਨੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸੇ ਵੀ ਕਲਾਕਾਰ ਨੂੰ ਕੰਮ ਵੰਡਣ ਤੋਂ ਲੈ ਕੇ ਭੁਗਤਾਨ ਕਰਨ ਤੱਕ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ। ਰਾਜ



ਦੇ ਪੈਨਸ਼ਨ ਦੇ ਯੋਗ ਬਜ਼ੁਰਗਾਂ ਅਤੇ ਲੋਕ ਕਲਾਕਾਰਾਂ ਲਈ ਵਟਸਐਪ ਗਰੁੱਪ ਬਣਾਉਣ ਦਾ ਵੀ ਆਦੇਸ਼ ਦਿੱਤਾ ਗਿਆ ਹੈ ਤਾਂ ਜੋ ਉਹ ਸੰਬੰਧਿਤ ਜਾਣਕਾਰੀ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਪਾਈ ਜਾਂਦੀ ਹੈ, ਤਾਂ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।